ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 49 | 14 December to 20 December 2022 | Ph.: (510) 240-5949 | Email: asrtimes@gmail.co m

# ਆਪ ਸਰਕਾਰ ਨੇ ਪਾਕਿਸਤਾਨੋਂ ਉਜੜ ਕੇ ਆਏ ਗ਼ਰੀਬ ਸਿੱਖਾਂ ਨੂੰ ਮੁੜ ਉਜਾੜਿਆ

## ਘਰਾਂ 'ਤੇ ਚਲਾਏ ਬੁਲਡੋਜਰ, ਸਰਦ ਰਾਤਾਂ ਤਾਰਿਆਂ ਦੀ ਛਾਂ ਹੇਠ ਕੱਟਣ ਲਈ ਮਜਬੂਰ ਹੋਏ ਪਰਿਵਾਰ

## ਖ਼ਾਲਸਾ ਏਡ ਨੇ ਫੜੀ ਗ਼ਰੀਬ ਸਿੱਖਾਂ ਦੀ ਬਾਂਹ, ਕਿਸਾਨ ਯੂਨੀਅਨਾਂ, ਅੰਮ੍ਰਿਤਪਾਲ ਸਿੰਘ, ਸੁਖਬੀਰ ਸਿੰਘ ਬਾਦਲ, ਐਮ. ਪੀ. ਸੰਤੋਖ ਸਿੰਘ ਚੌਧਰੀ ਤੇ ਬਲਵਿੰਦਰ ਅੰਬੇਡਕਰ ਘਟਨਾ ਸਥਾਨ ਉਪਰ ਪੁਜੇ



ਜਲੰਧਰ/ਏ.ਟੀ.ਨਿਊਜ਼ :- ਨਗਰ ਸੁਧਾਰ ਟਰੱਸਟ ਵੱਲੋਂ ਲਤੀਫਪੁਰਾ ਨੇੜੇ ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿੱਚ ਬੀਤੇ ਦਿਨ ਉਜਾੜੇ ਗਏ ਗਰੀਬ ਸਿਖਾਂ ਨੇ ਭਾਰੀ ਸਰਦੀ ਦੌਰਾਨ ਆਪਣੇ ਪਰਿਵਾਰ ਸਮੇਤ ਤਾਰਿਆਂ ਦੀ ਛਾਂ ਹੇਠ ਰਾਤ ਕੱਟੀ। ਜਾਣਕਾਰੀ ਅਨੁਸਾਰ ਲਤੀਫਪੁਰਾ ਇਲਾਕੇ ਵਿੱਚ ਨਾਜਾਇਜ਼ ਕਬਜ਼ੇ ਹਟਾਉਣ ਲਈ ਚਲਾਈ ਗਈ ਮੁਹਿੰਮ ਦੌਰਾਨ ਤਣਾਅ ਵਾਲਾ ਮਾਹੌਲ ਬਣ ਗਿਆ ਸੀ। ਇਹ ਨਾਜ਼ਾਇਜ ਕਬਜ਼ੇ ਸੁਪਰੀਮ ਕੋਰਟ ਦੇ ਹੁਕਮਾਂ ਤਹਿਤ ਢਾਹੇ ਗਏ ਸਨ।ਹੁਣ ਇਸ ਕਾਰਵਾਈ ਦੀ ਰਿਪੋਰਟ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਦਾਖਲ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਮਕਾਨਾਂ 'ਤੇ ਚੱਲੀਆਂ ਜੇਸੀਬੀ ਮਸ਼ੀਨਾਂ ਦੌਰਾਨ ਸਿੱਖ ਪਰਿਵਾਰਾਂ ਨੇ ਤਿੱਖਾ ਵਿਰੋਧ ਕੀਤਾ ਸੀ 'ਤੇ ਇਸ ਕਾਰਵਾਈ ਦੌਰਾਨ ਔਰਤਾਂ ਤੇ ਬੱਚੇ ਧਾਹਾਂ ਮਾਰ ਕੇ ਰੋਏ ਸਨ। ਪੀੜਤ ਲੋਕਾਂ ਦੇ ਹੱਕ ਵਿੱਚ ਕਿਸਾਨ ਜੱਥੇਬੰਦੀਆਂ ਦੇ ਕਾਰਕੁਨ ਵੀ ਪਹੁੰਚ ਗਏ ਸਨ। ਪੁਲੀਸ ਨੇ ਸਖਤੀ ਵਰਤਦਿਆਂ ਦਰਜਨ ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਸੀ।ਇਸ ਕਾਰਵਾਈ ਦੌਰਾਨ ਕਾਂਗਰਸੀ ਕੌਂਸਲਰ ਅਰੁਣਾ ਅਰੋੜਾ ਨੂੰ ਪੁਲੀਸ ਨੇ ਘਰ ਵਿੱਚ ਨਜ਼ਰਬੰਦ ਕਰ ਦਿੱਤਾ ਸੀ।ਇਸ ਕਾਰਵਾਈ ਦੌਰਾਨ ਆਪਣਾ ਘਰ ਤੇ ਦੁਕਾਨ ਗੁਆਉਣ ਵਾਲੇ ਇੱਕ ਸਿਖ ਨੇ ਘਰ ਦਾ ਬਚਿਆ ਹੋਇਆ ਸਾਮਾਨ ਤੇ ਪਰਿਵਾਰ ਦੇ ਮੈਂਬਰਾਂ ਨੂੰ ਨਾਲ ਲੈ ਕੇ ਪਸ਼ੂਆਂ ਵਾਲੇ ਵਰਾਂਡੇ ਵਿੱਚ ਰਾਤ ਕੱਟੀ ਜਦੋਂ ਕਿ ਉਸ ਦੇ ਬੱਚਿਆ ਦੀ ਪ੍ਰੀਖਿਆ ਵੀ ਸਿਰ 'ਤੇ ਹੈ।ਇਸ ਮਾਮਲੇ ਸੰਬੰਧੀ ਪੁਲੀਸ ਦੇ ਡੀਸੀਪੀ ਜਸਕਿਰਨਜੀਤ ਸਿੰਘ ਤੇਜਾ ਦੀ ਇੱਕ ਵੀਡੀਓ ਵਾਇਰਲ ਹੋ ਰਹੀ ਹੈ ਜਿਸ ਵਿੱਚ ਉਹ ਇੱਕ ਪਰਿਵਾਰ ਨੂੰ 10 ਮਿੰਟਾਂ ਵਿੱਚ ਘਰ ਖਾਲੀ ਨਾ ਕਰਨ 'ਤੇ ਅਸ਼ਲੀਲ ਗਾਲਾਂ ਕਢਦਾ ਧਮਕਾਉਂਦਾਨਜ਼ਰ ਆ ਰਿਹਾ ਹੈ । ਉਸ ਸਮੇਂ ਪਰਿਵਾਰ ਦੀਆਂ ਔਰਤਾਂ ਵੀ ਹਾਜ਼ਰ ਸਨ।

ਪਾਕਿਸਤਾਨ ਤੋਂ ਉਜੜ ਕੇ ਆਏ ਪਰਿਵਾਰ ਵਿੱਚੋਂ 65 ਵਰ੍ਹਿਆਂ ਦੇ ਹਰਜਿੰਦਰ ਸਿੰਘ ਦੱਸਦੇ ਹਨ ਕਿ ਆਜ਼ਾਦੀ ਦੇ 75 ਸਾਲ ਬੀਤਣ ਦੇ ਬਾਵਜੂਦ ਵੀ ਉਹਨਾਂ ਨੂੰ ਆਪਣਾ ਘਰ ਨਸੀਬ ਨਹੀਂ ਹੋਇਆ। ਉਹਨਾਂ ਕਿਹਾ ਕਿ ਜਲੰਧਰ ਇੰਪਰੂਵਮੈਂਟ ਟਰੱਸਟ ਬਣਨ ਤੋਂ ਪਹਿਲਾਂ ਹੀ ਉਹ ਇੱਥੇ ਰਹਿ ਰਹੇ ਹਨ। ਸਾਨੂੰ ਬੇਘਰ ਕਰਨ ਦਾ ਇੱਕੋ ਇੱਕ ਕਾਰਨ ਹੈ ਕਿ ਇਸ ਜ਼ਮੀਨ ਦੀ ਕੀਮਤ ਹੁਣ ਕਰੋੜਾਂ ਰੁਪਏ ਵਿੱਚ ਹੈ। ਉਹਨਾਂ ਕਿਹਾ ਕਿ ਜੇਆਈਟੀ ਨੇ ਉਹਨਾਂ ਨੂੰ ਕੋਈ ਨੋਟਿਸ ਨਹੀਂ ਦਿੱਤਾ ਅਤੇ ਮੀਡੀਆ ਰਾਹੀਂ ਉਹਨਾਂ ਨੂੰ ਪਤਾ ਲੱਗਾ ਕਿ ਟਰੱਸਟ ਇੱਥੇ ਉਸਾਰੀਆਂ ਢਾਹੁਣ ਦੀ ਯੋਜਨਾ ਬਣਾ ਰਿਹਾ ਹੈ। ਉਹਨਾਂ ਕਿਹਾ ਕਿ ਘਰ ਖਾਲੀ ਕਰਨ ਲਈ ਦੋ ਘੰਟੇ ਦਾ ਸਮਾਂ ਵੀ ਨਹੀਂ ਦਿੱਤਾ ਗਿਆ। ਉਹ ਕਿਰਾਏ 'ਤੇ ਘਰ ਲੱਭ ਰਹੇ ਹਨ ਪਰ ਹਲੇ ਤੱਕ ਨਹੀਂ ਮਿਲਿਆ।

ਪੀੜਤ ਔਰਤ ਪ੍ਰੀਤੀ ਨਾਇਕ ਕੌਰ ਤੇ ਉਸ ਦੀ 10 ਸਾਲਾਂ ਦੀ ਧੀ ਸਿਮਰਨ ਕੌਰ ਆਪਣੇ ਉਜੜ ਚੁੱਕੇ ਘਰ ਦਾ ਸਾਮਾਨ ਇਕੱਠਾ ਕਰਨ ਵਿੱਚ ਲੱਗੀਆਂ ਰਹੀਆਂ। ਸਿਮਰਨ ਦਾ ਪਿਤਾ ਉਹਨਾਂ ਲਈ ਕਿਰਾਏ 'ਤੇ ਛੱਤ ਲੱਭਣ ਲਈ ਸਾਰਾ ਦਿਨ ਖੱਪਦਾ ਰਿਹਾ। ਸਿਮਰਨ ਨੇ ਦੱਸਿਆ ਕਿ ਸੋਮਵਾਰ ਨੂੰ (ਬਾਕੀ ਸਫ਼ਾ 29 'ਤੇ)

### ਲਤੀਫ਼ਪੁਰਾ ਦੇ ਉਜਾੜੇ ਗਏ ਲੋਕਾਂ ਦਾ ਪੁਨਰਵਾਸ ਕਰਵਾਉਣ ਦੀ ਤਿਆਰੀ 'ਚ ਸਰਕਾਰ

ਜਲੰਧਰ; ਅੰਤਰਰਾਸ਼ਟਰੀ ਪੱਧਰ ਦੇ ਮੁੱਦਾ ਬਣਨ ਤੋਂ ਬਾਅਦ ਪੰਜਾਬ ਸਰਕਾਰ ਜਲਦੀ ਹੀ ਲਤੀਫਪੁਰਾ ਵਿਚ ਉਜਾੜੇ ਗਏ ਲੋਕਾਂ ਦਾ ਪੁਨਰਵਾਸ ਕਰਵਾਉਣ ਦਾ ਕੰਮ ਸ਼ੁਰੂ ਕਰਵਾ ਸਕਦੀ ਹੈ ਕਿਉਂਕਿ ਟਰੱਸਟ ਵਲੋਂ ਕੀਤੀ ਗਈ ਕਾਰਵਾਈ ਦੇ ਮਾਮਲੇ ਵਿਚ 'ਆਪ' ਸਰਕਾਰ ਨੂੰ ਦੇਸ਼ ਵਿਦੇਸ਼ਾਂ ਤੋਂ ਲੋਕਾਂ ਦਾ ਰੋਸ ਦਾ ਸਾਹਮਣਾ ਕਰਨਾ ਪਿਆ ਹੈ । ਲੋਕਾਂ ਦਾ ਪੁਨਰਵਾਸ ਕਰਨ ਦੇ ਮਾਮਲੇ ਵਿਚ ਅਧਿਕਾਰੀਆਂ ਨੇ ਇਸ ਬਾਰੇ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਹਨ । (ਬਾਕੀ ਸਫ਼ਾ 29 'ਤੇ)

### 93 ਸਾਲਾ ਇੰਦਰ ਸਿੰਘ ਦੌੜਦੇ ਨੇ ਰੋਜ਼ਾਨਾ 11 ਕਿੱਲੋਮੀਟਰ , ਹੁਣ ਤੱਕ ਜਿੱਤ ਚੁੱਕੇ ਨੇ 40 ਗੋਲਡ ਮੈਡਲ



ਮੁਕਤਸਰ/ਏ.ਟੀ.ਨਿਊਜ਼ :-93 ਸਾਲਾ ਬਾਬਾ ਇੰਦਰ ਸਿੰਘ ਹਰ ਰੋਜ਼ 11 ਕਿੱਲੋਮੀਟਰ ਦੌੜਦੇ ਹਨ । ਉਹ ਲੰਬੀ ਛਾਲ, 200 ਮੀਟਰ ਦੌੜ ਮੁਕਾਬਲਿਆਂ ਵਿੱਚ ਭਾਗ ਲੈ ਕੇ 40 ਸੋਨ ਤਗਮੇ, 9 ਚਾਂਦੀ ਦੇ ਤਗਮੇ, 8 ਕਾਂਸੀ ਦੇ ਤਗਮੇ ਜਿੱਤ ਚੁੱਕੇ ਹਨ। ਉਹਨਾਂ ਨੇ ਦੱਸਿਆ ਕਿ ਉਹ ਸਾਦਾ ਭੋਜਨ ਖਾਂਦੇ ਹਨ ਜਿਸ ਵਿੱਚ ਲਾਲ ਮਿਰਚ ਦੀ ਚਟਨੀ, ਲੱਸੀ, ਮੱਖਣ ਉਹਨਾਂ ਦਾ ਪਸੰਦੀਦਾ ਭੋਜਨ ਹੈ। ਉਹ ਗੁੜ ਖਾਣ ਦੇ ਬਹੁਤ (ਬਾਕੀ ਸਫ਼ਾ 29 'ਤੇ)

# ਭਾਰਤ-ਚੀਨੀ ਸਰਹੱਦ 'ਤੇ ਵਿਵਾਦ ਲਗਾਤਾਰ ਜਾਰੀ

➤ ਅਰੁਣਾਚਲ 'ਚ ਭਾਰਤੀ ਚੀਨੀ ਸੈਨਿਕਾਂ ਵਿਚਾਲੇ ਟਕਰਾਅ, ➤ ਦੋਵਾਂ ਪਾਸਿਆਂ ਦੇ ਫ਼ੌਜੀ ਹੋਏ ਜ਼ਖ਼ਮੀ ➤ ਵਿਰੋਧੀ ਧਿਰਾਂ ਵੱਲੋਂ ਸੰਸਦ 'ਚ ਹੰਗਾਮਾ

**ਵਿਸ਼ੇਸ਼ ਰਿਪੋਰਟ**

**ਸਰਬਜੀਤ ਕੌਰ ਸਰਬ**



ਬੀਤੇ ਦਿਨੀਂ ਅਰੁਣਾਚਲ ਪ੍ਰਦੇਸ਼ 'ਚ ਅਸਲ ਕੰਟਰੋਲ ਰੇਖਾ 'ਤੇ ਭਾਰਤ ਤੇ ਚੀਨ ਦੇ ਸੈਨਿਕਾਂ ਵਿਚ ਝੜਪ ਹੋਈ ਸੀ। ਤਵਾਂਗ ਸੈਕਟਰ ਵਿਚ ਹੋਈ ਇਸ ਝੜਪ ਵਿਚ ਦੋਵਾਂ ਪਾਸਿਆਂ ਦੇ ਕੁਝ ਜਵਾਨ ਮਾਮੂਲੀ ਜ਼ਖ਼ਮੀ ਹੋਏ ਹਨ। ਭਾਰਤੀ ਫ਼ੌਜ ਦੇ 6 ਜ਼ਖ਼ਮੀ ਜਵਾਨਾਂ ਨੂੰ ਇਲਾਜ ਲਈ ਗੁਹਾਟੀ ਦੇ ਹਸਪਤਾਲ 'ਵਿਚ ਲਿਆਂਦਾ ਗਿਆ ਹੈ। ਹਾਲਾਂਕਿ ਝੜਪ ਕਿਸੇ ਦੀ ਵੀ ਮੌਤ ਦੀ ਕੋਈ ਰਿਪੋਰਟ ਨਹੀਂ ਹੈ। ਸੂਤਰਾਂ ਅਨੁਸਾਰ ਚੀਨੀ ਫ਼ੌਜ ਤਵਾਂਗ ਇਲਾਕੇ ਵਿਚ ਭਾਰਤ ਦੀ ਇਕ ਚੌਕੀ ਨੂੰ ਹਟਾਉਣਾ ਚਾਹੁੰਦੀ ਸੀ ਪਰ ਭਾਰਤੀ ਫ਼ੌਜ ਨੇ ਚੀਨ ਦੀ ਇਸ ਘੁਸਪੈਠ ਦਾ ਕਰਾਰਾ ਜਵਾਬ ਦਿੱਤਾ ਹੈ।

ਮੀਡੀਆ ਰਿਪਰੋਟਾਂ ਅਨੁਸਾਰ 17 ਹਜ਼ਾਰ ਫੁੱਟ ਦੀ ਉਚਾਈ 'ਤੇ ਇਹ ਝੜਪ ਹੋਈ ਸੀ। ਪ੍ਰਾਪਤ ਹੋਈ ਜਾਣਕਾਰੀ ਮੁਤਾਬਿਕ ਚੀਨ ਦੇ 300 ਦੇ ਕਰੀਬ ਸੈਨਿਕਾਂ ਨੇ ਘੁਸਪੈਠ ਦੀ ਕੋਸ਼ਿਸ਼ ਕੀਤੀ ਸੀ, ਪਰ ਭਾਰਤੀ ਫ਼ੌਜ ਇਸ ਤਰ੍ਹਾਂ ਦੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪਹਿਲਾਂ ਤੋਂ ਹੀ ਤਿਆਰ ਸੀ। ਘਟਨਾ ਤੋਂ ਬਾਅਦ ਦੋਵੇਂ ਫੌਜਾਂ ਦੇ ਕਮਾਂਡਰਾਂ ਵਿਚਕਾਰ ਗੱਲਬਾਤ ਹੋਈ ਤੇ ਦੋਵਾਂ ਧਿਰਾਂ ਦੇ ਜਵਾਨ ਪਿੱਛੇ ਹਟ ਗਏ ਸਨ। ਇਸ ਖੇਤਰ 'ਚ ਦੋਵੇਂ ਫ਼ੌਜਾਂ ਕੁਝ ਇਲਾਕਿਆਂ 'ਤੇ ਆਪਣਾ ਦਾਅਵਾ ਪੇਸ਼ ਕਰਦਿਆਂ ਆਈਆਂ ਹਨ। 2006 ਤੋਂ ਇਹ ਵਿਵਾਦ ਚੱਲ ਰਿਹਾ ਹੈ। ਇਸ ਤੋਂ ਪਹਿਲਾਂ 15 ਜੂਨ 2020 ਨੂੰ ਲੱਦਾਖ ਦੀ ਗਲਵਾਨ ਘਾਟੀ 'ਚ ਚੀਨ ਦੀ ਫ਼ੌਜ (ਪੀ.ਐਲ.ਏ.) ਨਾਲ ਹਿੰਸਕ ਝੜਪਾਂ 'ਚ ਭਾਰਤੀ ਫ਼ੌਜ ਦੇ 20 ਜਵਾਨ ਸ਼ਹੀਦ ਹੋ ਗਏ ਸਨ ਤੇ ਕਈ ਹੋਰ ਜ਼ਖਮੀ ਹੋਏ ਸਨ। ਉਧਰ ਕਈ ਸੀਨੀਅਰ ਅਧਿਕਾਰੀਆਂ ਨੇ ਇਸ ਘਟਨਾ ਦੀ ਪੁਸ਼ਟੀ ਕਰਦੇ ਹੋਏ ਹੋਰ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ, ਜਦੋਂ ਝੜਪ ਹੋਈ ਤਾਂ ਉਥੇ ਲਗਭਗ ਚੀਨੀ ਪੀ.ਐਲ.ਏ. ਦੇ 300 ਸੈਨਿਕ ਮੌਜੂਦ ਸਨ।

ਵਿਰੋਧੀ ਧਿਰਾਂ ਨੇ ਮੰਗਲਵਾਰ ਨੂੰ ਸੰਸਦ ਸੈਸ਼ਨ 'ਚ ਉਠਾਇਆ ਭਾਰਤ-ਚੀਨ ਟਕਰਾਅ ਮੁੱਦਾ ਤੇ ਕੀਤੀ ਸਖ਼ਤ ਕਾਰਵਾਈ ਦੀ ਮੰਗ ।

**ਭਾਰਤੀ ਗ੍ਰਹਿ ਮੰਤਰਾਲੇ ਦਾ ਬਿਆਨ ਅਨੁਸਾਰ** :ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਅਨਿਲ ਚੌਹਾਨ, ਥਲ ਸੈਨਾ ਮੁਖੀ ਅਤੇ ਹੋਰ ਉੱਚ ਅਧਿਕਾਰੀਆਂ ਨਾਲ ਸੁਰੱਖਿਆ ਸਥਿਤੀ 'ਤੇ ਹੰਗਾਮੀ ਮੀਟਿੰਗ ਬੁਲਾਈ ਸੀ। ਇਸ ਦੇ ਨਾਲ ਹੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅਰੁਣਾਚਲ ਪ੍ਰਦੇਸ਼ ਦੇ ਤਵਾਂਗ ਵਿਚ ਚੀਨ ਭਾਰਤੀ ਫੌਜੀਆਂ (ਬਾਕੀ ਸਫ਼ਾ 29 'ਤੇ)

# ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਨਾਮ ਪੱਤਰ

**ਸ. ਹਰਜਿੰਦਰ ਸਿੰਘ ਧਾਮੀ ਜੀ,**
**ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ,**
**ਸ੍ਰੀ ਅੰਮ੍ਰਿਤਸਰ ਸਾਹਿਬ।**
**ਵਾਹਿਗੁਰੂ ਜੀ ਕਾ ਖਾਲਸਾ।**
**ਵਾਹਿਗੁਰੂ ਜੀ ਕਿ ਫਤਹਿ।**

**ਵਿਸ਼ਾ:- 23 ਪੋਹ ਬਨਾਮ ਪੋਹ ਸੁਦੀ 7**

ਸ. ਹਰਜਿੰਦਰ ਸਿੰਘ ਧਾਮੀ ਜੀ, ਨਿਮਰਤਾ ਸਹਿਤ ਬੇਨਤੀ ਇਹ ਹੈ ਕਿ : ਗੁਰੂ ਗੋਬਿੰਦ ਸਿੰਘ ਜੀ ਦਾ ਜਨਮ, ਆਪਣੇ ਦੇਸ਼ ਵਿੱਚ ਪ੍ਰਚਲਿਤ ਕੈਲੰਡਰ, ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਮੁਤਾਬਕ 23 ਪੋਹ, ਪੋਹ ਸੁਦੀ 7, ਸੰਮਤ 1723 ਬਿਕ੍ਰਮੀ ਦਿਨ ਸ਼ਨਿਚਰਵਾਰ ਨੂੰ ਹੋਇਆ ਸੀ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ ਉਪਰ ਵੀ ਇਹੋ ਤਾਰੀਖ ਹੀ ਦਰਜ ਹੈ। The tenth and the last Guru or Prophet-teacher of the Sikh faith, was born Gobind Rai Sodhi on Poh Sudi Gth, BCrd Poh AGBC Bikrami Samvat (BB December AFFF) at Patna."(sgpc.net) ਇਸ ਤਾਰੀਖ ਬਾਰੇ ਕੋਈ ਮੱਤ-ਭੇਦ ਨਹੀਂ ਹੈ। ਇਨ੍ਹਾਂ 'ਚ ਇਕ ਤਾਰੀਖ 23 ਪੋਹ, ਸੂਰਜੀ ਬਿਕ੍ਰਮੀ ਕੈਲੰਡਰ ਦੀ ਤਾਰੀਖ ਹੈ। ਧਰਤੀ ਸੂਰਜ ਦੁਵਾਲੇ 365 ਦਿਨਾਂ ਵਿੱਚ ਇਕ ਚੱਕਰ ਪੂਰਾ ਕਰਦੀ ਹੈ। ਇਸੇ ਨੂੰ ਸਾਲ ਕਿਹਾ ਜਾਂਦਾ ਹੈ। ਸੂਰਜੀ ਕੈਲੰਡਰਾਂ ਦੇ ਸਾਲ ਵਿੱਚ 365 ਦਿਨ ਹੁੰਦੇ ਹਨ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਛਾਪਿਆ ਜਾਂਦਾ ਕੈਲੰਡਰ ਵੀ ਸੂਰਜੀ ਕੈਲੰਡਰ ਹੀ ਹੈ ਅਤੇ ਹਰ ਸਾਲ ਇਸ ਦੇ 365 ਦਿਨ ਹੁੰਦੇ ਹਨ। ਇਹ ਹੀ ਕਾਰਨ ਹੈ ਹਰ ਸਾਲ, ਹਰ ਦਿਹਾੜਾ ਮੁੜ ਉਸੇ ਪ੍ਰਵਿਸ਼ਟੇ ਨੂੰ ਆਉਂਦਾ ਹੈ। ਜਿਵੇ ਵੈਸਾਖੀ ਹਰ ਸਾਲ 1 ਵੈਸਾਖ ਨੂੰ ਹੀ ਆਉਂਦੀ ਹੈ।

ਦੂਜੀ ਤਾਰੀਖ ਪੋਹ ਸੁਦੀ 7, ਚੰਦ ਦੇ ਕੈਲੰਡਰ ਦੀ ਤਾਰੀਖ ਹੈ। ਚੰਦ ਧਰਤੀ ਦੁਵਾਲੇ 29.53 ਦਿਨਾਂ ਵਿੱਚ ਇਕ ਚੱਕਰ ਪੂਰਾ ਕਰਦਾ ਹੈ। ਇਸ ਨੂੰ ਚੰਦ ਦਾ ਇਕ ਮਹੀਨਾ ਕਹਿੰਦੇ ਹਨ। ਚੰਦ ਦੇ ਸਾਲ ਵਿੱਚ ਵੀ 12 ਮਹੀਨੇ (ਚੇਤ ਤੋਂ ਫੱਗਣ) ਹੁੰਦੇ ਹਨ। ਚੰਦ ਦੇ ਸਾਲ ਦੀ ਲੰਬਾਈ 354 ਦਿਨ ਹੁੰਦੀ ਹੈ। ਚੰਦ ਦਾ ਸਾਲ ਸੂਰਜੀ ਸਾਲ ਤੋਂ 11 ਦਿਨ ਛੋਟਾ ਹੁੰਦਾ ਹੈ। ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਹਰ ਤੀਜੇ-ਚੌਥੇ ਸਾਲ ਇਸ ਵਿੱਚ ਇਕ ਹੋਰ ਮਹੀਨਾ (ਮਲਮਾਸ) ਜੋੜ ਦਿੱਤਾ ਜਾਂਦਾ ਹੈ। ਸੰਮਤ 2080 ਬਿਕ੍ਰਮੀ ਵਿੱਚ ਚੰਦ ਦੇ ਸਾਲ ਵਿੱਚ 13 ਮਹੀਨੇ ਹੋਣਗੇ। ਸਾਵਣ ਦਾ ਮਹੀਨਾ ਦੋ ਵਾਰ ਆਵੇਗਾ। ਇਕ ਸ਼ੁਧ ਸਾਵਣ ਅਤੇ ਦੂਜਾ ਅਸ਼ੁੱਧ ਸਾਵਣ। ਇਸ ਸਾਲ ਚੰਦ ਦੇ ਸਾਲ ਵਿੱਚ 385 ਦਿਨ ਹੋਣਗੇ। ਅਜੇਹਾ 19 ਸਾਲਾਂ ਵਿੱਚ 7 ਵਾਰ ਕਰਨਾ ਪੈਂਦਾ ਹੈ। ਇਸ ਕਾਰਨ, ਚੰਦ ਦੇ ਕੈਲੰਡਰ ਮੁਤਾਬਕ ਮਨਾਏ ਜਾਂਦੇ ਦਿਨ ਤਿਉਹਾਰ, ਪਿਛਲੇ ਸਾਲ ਨਾਲੋਂ 11 ਦਿਨ ਪਹਿਲਾਂ ਜਾਂ 18-19 ਦਿਨ ਪਛੜ ਕੇ ਆਉਂਦੇ ਹਨ।

ਅੱਜ ਸਾਡੀ ਸਮੱਸਿਆ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਇਨ੍ਹਾਂ ਦੋਵਾਂ ਤਾਰੀਖਾਂ ਵਿਚ ਕਿਹੜੀ ਤਾਰੀਖ ਨੂੰ ਮਨਾਇਆ ਜਾਵੇ ?

ਜੇ ਅਸੀਂ ਇਹ ਦਿਹਾੜਾ 23 ਪੋਹ ਨੂੰ ਮਨਾਉਂਦੇ ਹਾਂ ਤਾਂ ਹਰ ਸਾਲ ਇਹ ਦਿਹਾੜਾ 23 ਪੋਹ ਨੂੰ ਹੀ ਆਵੇਗਾ।ਜਿਵੇ ਵੈਸਾਖੀ ਹਰ ਸਾਲ ਇਕ ਵੈਸਾਖ ਨੂੰ ਹੀ ਆਉਂਦੀ ਹੈ। ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਹਰ ਸਾਲ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਹਰ ਸਾਲ 13 ਪੋਹ ਨੂੰ ਹੀ ਆਉਂਦਾ ਹੈ। ਇਸੇ ਤਰਾਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ ਨੂੰ ਹੀ ਆਵੇਗਾ।

ਜੇ ਅਸੀਂ ਇਹ ਦਿਹਾੜਾ ਪੋਹ ਸੁਦੀ 7 ਮੁਤਾਬਕਮਨਾਉਂਦੇ ਹਾਂ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰ ਵਿੱਚ ਸੰਮਤ 552 ਨਾਨਕਸ਼ਾਹੀ ਵਿੱਚ ਇਹ ਦਿਹਾੜਾ 7 ਮੱਘਰ ਅਤੇ ਸੰਮਤ 553 ਵਿੱਚ 26 ਪੋਹ ਦਰਜ ਸੀ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਇਸ ਸਾਲ ਦੇ ਕੈਲੰਡਰ (ਸੰਮਤ 554 ਨਾਨਕਸ਼ਾਹੀ) ਵਿੱਚ ਇਹ ਦਿਹਾੜਾ 14 ਪੋਹ ਦਾ ਦਰਜ ਹੈ। ਅਗਲੇ ਸਾਲ ਚੰਦ ਦੇ ਸਾਲ ਦੇ 385 ਦਿਨ ਹੋ ਜਾਣਗੇ। ਇਸ ਕਾਰਨ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼੍ਰੋਮਣੀ ਕਮੇਟੀ ਦੇ ਕੈਲੰਡਰ (ਸੰਮਤ 555) ਵਿੱਚ 4 ਮੱਘਰ ਨੂੰ ਆਵੇਗਾ। ਸੰਮਤ 556 ਨਾਨਕਸ਼ਾਹੀ ਵਿੱਚ ਚੰਦ ਦੇ ਸਾਲ ਦੇ 354 ਦਿਨ ਹੋਣ ਕਾਰਨ ਇਹ ਦਿਹਾੜਾ 23 ਪੋਹ ਨੂੰ ਆਵੇਗਾ।

| ਸੰਮਤ ਨਾਨਕਸ਼ਾਹੀ | ਵੈਸਾਖੀ | ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ | ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ | ਪ੍ਰਕਾਸ਼ ਦਿਹਾੜਾ ਗੁਰੂ ਗੋਬਿੰਦ ਸਿੰਘ ਜੀ |
|---|---|---|---|---|
| 552 (20-21 ਈ:) | 1 ਵੈਸਾਖ | 8 ਪੋਹ | 13 ਪੋਹ | 7 ਮੱਘਰ |
| 553 (21-22 ਈ:) | 1 ਵੈਸਾਖ | 8 ਪੋਹ | 13 ਪੋਹ | 26 ਪੋਹ |
| 554 (22-23 ਈ:) | 1 ਵੈਸਾਖ | 8 ਪੋਹ | 13 ਪੋਹ | 14 ਪੋਹ |
| 555 (23-24 ਈ:) | 1 ਵੈਸਾਖ | 8 ਪੋਹ | 13 ਪੋਹ | 4 ਮੱਘਰ |
| 556 (24-25 ਈ:) | 1 ਵੈਸਾਖ | 8 ਪੋਹ | 13 ਪੋਹ | 23 ਪੋਹ |
| 557 (25-26 ਈ:) | 1 ਵੈਸਾਖ | 8 ਪੋਹ | 13 ਪੋਹ | 13 ਪੋਹ |

ਸਤਿਕਾਰਯੋਗ ਪ੍ਰਧਾਨ ਜੀ, ਦੇਸ਼-ਵਿਦੇਸ਼ ਦੀਆਂ ਸੰਗਤਾਂ ਇਹ ਜਾਨਣਾ ਚਾਹੁੰਦੀਆਂ ਹਨ ਕਿ, ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ ਨੂੰ ਮਨਾਉਣ ਨਾਲ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ ? ਜੇ ਸੰਮਤ 1756 ਬਿਕ੍ਰਮੀ ਦੀ 1 ਵੈਸਾਖ ਅੱਜ ਵੀ ਇਕ ਵੈਸਾਖ ਹੈ ਅਤੇ ਇਤਿਹਾਸ ਨਹੀਂ ਵਿਗੜਿਆ, ਤਾਂ ਉਸੇ ਕੈਲੰਡਰ ਦੀ ਉਸ ਤੋਂ 33 ਸਾਲ ਪਹਿਲਾਂ ਦੀ 23 ਪੋਹ (ਸੰਮਤ 1723), ਅੱਜ 23 ਪੋਹ ਕਿਵੇਂ ਨਹੀਂ ਹੈ। ਹਰ ਸਾਲ ਇਹ ਦਿਹਾੜਾ 23 ਪੋਹ ਨੂੰ ਕਿਉਂ ਨਹੀਂ ਮਨਾਇਆ ਜਾਂਦਾ ?



**ਉਸਾਰੂ ਸੇਧਾਂ ਦੀ ਉਡੀਕ ਵਿੱਚ**
**ਸਤਿਕਾਰ ਸਹਿਤ**
**ਸਰਵਜੀਤ ਸਿੰਘ ਸੈਕਰਾਮੈਂਟ**
30 ਮੱਘਰ, ਸੰਮਤ 554 ਨਾਨਕਸ਼ਾਹੀ




# ਪੰਜਾਬ 'ਚ ਬਾਗ਼ੀ ਸੁਰ ਰੱਖਣ ਵਾਲੇ 3,988 ਵਿਅਕਤੀਆਂ ਦੀ ਕੀਤੀ ਪਛਾਣ

ਚੰਡੀਗੜ੍ਹ-ਅੰਗਰੇਜ਼ੀ ਦੀ ਅਖ਼ਬਾਰ ਹਿੰਦੁਸਤਾਨ ਟਾਈਮਜ਼ ਅਖ਼ਬਾਰ ਦੇ ਪੱਤਰਕਾਰ ਨੀਰਜ ਚੌਹਾਨ ਦੇ ਵੇਰਵਿਆਂ ਅਨੁਸਾਰ, ਪੰਜਾਬ ਪੁਲਿਸ ਨੇ 2021 ਤੱਕ 3,988 ਵਿਅਕਤੀਆਂ ਦੀ ਪਛਾਣ ਕੀਤੀ ਹੈ ਜੋ ਬਾਗ਼ੀ ਸੁਰ ਜਾਂ ਖਾਲਿਸਤਾਨ ਪੱਖੀ ਗਤੀਵਿਧੀਆਂ ਚਲਾ ਰਹੇ ਹਨ। 'ਅਤਿਵਾਦ ਵਿਰੋਧੀ ਪੁਲਿਸ ਦਸਤਾ' ਇਹਨਾਂ ਕਟੜਪੰਥੀ ਗਤੀਵਿਧੀਆਂ ਨੂੰ ਰੋਕਣ ਲਈ ਇਹਨਾਂ ਵਿਅਕਤੀਆਂ ਦੇ ਸੋਸ਼ਲ ਮੀਡੀਆ ਉਪਰ ਤਿਖੀ ਨਜ਼ਰ ਰਖਕੇ ਆਪਣੀ ਰਣਨੀਤੀ ਉਲੀਕ ਰਿਹਾ ਹੈ। ਇਸ ਵੇਰਵੇ ਅਨੁਸਾਰ ਇਨ੍ਹਾਂ 3,988 ਵਿੱਚੋਂ 993 ਨੂੰ ਕਾਉਂਸਲਿੰਗ ਲਈ ਲਿਜਾਇਆ ਗਿਆ ਅਤੇ 207 ਨੂੰ ਮੁੱਖ ਧਾਰਾ ਵਿੱਚ ਵਾਪਸ ਲਿਆਂਦਾ ਗਿਆ।

ਪੁਲਿਸ ਅਨੁਸਾਰ ਖਾਲਿਸਤਾਨੀ ਜਥੇਬੰਦੀਆਂ, ਜ਼ਿਆਦਾਤਰ ਭਾਰਤ ਤੋਂ ਬਾਹਰ ਹਨ, ਨੇ ਨੌਜਵਾਨਾਂ ਨੂੰ ਕੱਟੜਪੰਥੀ ਬਣਾਉਣ ਦੀਆਂ ਕੋਸ਼ਿਸ਼ਾਂ ਵਧਾ ਦਿੱਤੀਆਂ ਹਨ। ਮੁੰਬਈ ਸਥਿਤ ਅੰਦਰੂਨੀ ਸੁਰੱਖਿਆ ਮਾਹਿਰ ਸਮੀਰ ਪਾਟਿਲ ਨੇ ਕਿਹਾ: ਵਿਦੇਸ਼ੀ ਪੱਖੀ ਖਾਲਿਸਤਾਨੀ ਤੱਤਾਂ ਨੇ ਆਪਣੇ ਏਜੰਡੇ ਨੂੰ ਅੱਗੇ ਵਧਾਉਣ ਅਤੇ ਪੰਜਾਬ ਦੇ ਆਰਥਿਕ ਤੌਰ ਉਪਰ ਕਮਜ਼ੋਰ ਸਿੱਖ ਨੌਜਵਾਨਾਂ ਨੂੰ ਕੱਟੜਪੰਥੀ ਬਣਾਉਣ ਲਈ 1984 ਦੇ ਸਿੱਖ ਕਤਲੇਆਮ ਅਤੇ ਪੰਜਾਬ ਦੇ ਖੇਤੀਬਾੜੀ ਸੰਕਟ ਵਰਗੇ ਕਈ ਮੁੱਦਿਆਂ ਨੂੰ ਆਧਾਰ ਬਣਾਕੇ ਗੁਮਰਾਹ ਕੀਤਾ ਹੈ। ਉਨ੍ਹਾਂ ਦੇ ਬਿਰਤਾਂਤ ਨੂੰ ਅੱਗੇ ਵਧਾਉਣ ਲਈ ਦਮਦਮੀ ਟਕਸਾਲ ਵਰਗੀਆਂ ਰਾਜ-ਅਧਾਰਿਤ ਜਥੇਬੰਦੀਆਂ ਨੇ ਸਿੱਖ ਖਾੜਕੂਆਂ ਨੂੰ 'ਸ਼ਹੀਦ' ਵਜੋਂ ਉਨ੍ਹਾਂ ਦੀ ਬਰਸੀ ਮਨਾ ਕੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਕੇ ਅਹਿਮ ਭੂਮਿਕਾ ਨਿਭਾਈ ਹੈ। ਰਾਜ ਵਿੱਚ ਆਰਥਿਕ ਮੌਕਿਆਂ ਦੀ ਘਾਟ ਅਤੇ ਸਿਆਸੀ ਸਰਪ੍ਰਸਤੀ ਨੇ ਵੀ ਇਸ ਕੱਟੜਪੰਥ ਦੇ ਸਮਰਥਕਾਂ ਵਜੋਂ ਕੰਮ ਕੀਤਾ ਹੈ।ਪੰਜਾਬ ਪੁਲਿਸ ਦੇ ਵਿਸ਼ਲੇਸ਼ਣ ਨੇ ਅੱਗੇ ਦਿਖਾਇਆ ਕਿ ਬਾਗੀ ਵਿਅਕਤੀਆਂ ਵਿੱਚੋਂ 45% ਨੇ 10ਵੀਂ ਜਮਾਤ ਤੱਕ, 36% ਨੇ 12ਵੀਂ ਜਮਾਤ ਤੱਕ ਪੜ੍ਹਾਈ ਕੀਤੀ ਹੈ। ਹੋਰ 16% ਡਿਪਲੋਮਾ/ ਡਿਗਰੀ ਧਾਰਕ ਸਨ ਅਤੇ 3% ਅਨਪੜ੍ਹ ਸਨ। ਇਹਨਾਂ ਲੋਕਾਂ ਵਿਚ 16-25 ਸਾਲ (27.4%), 26-35 ਸਾਲ (39.3%) ਅਤੇ 36 ਸਾਲ ਅਤੇ ਇਸ ਤੋਂ ਵੱਧ (33.3%) ਸਰਗਰਮ ਹਨ।

ਹਿੰਦੁਸਤਾਨ ਦੀ ਖਬਰ ਅਨੁਸਾਰ ਇੰਟੈਲੀਜੈਂਸ ਬਿਊਰੋ ਦੇ ਡਾਇਰੈਕਟਰ ਜਨਰਲ/ਇੰਸਪੈਕਟਰ ਜਨਰਲ (ਡੀਜੀ/ਆਈਜੀ) ਕਾਨਫਰੰਸ 2021 ਦੌਰਾਨ ਪੰਜਾਬ ਪੁਲਿਸ ਦੇ ਅਧਿਕਾਰੀਆਂ ਦੁਆਰਾ ਡੈਟਾ ਸਾਂਝਾ ਕੀਤਾ ਗਿਆ ਸੀ।



ਪੰਜਾਬ ਪੁਲਿਸ ਦੇ ਅਧਿਕਾਰੀਆਂ ਨੇ ਇਸ ਮਾਮਲੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਪੰਜਾਬ ਪੁਲਿਸ ਨੇ ਗੁਰਪਤਵੰਤ ਸਿੰਘ ਪੰਨੂ ਦੁਆਰਾ ਚਲਾਏ ਜਾ ਰਹੇ ਸਿੱਖਸ ਫਾਰ ਜਸਟਿਸ ਤੋਂ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਾਲੇ ਲਗਭਗ 220 ਲੋਕਾਂ/ਪਰਿਵਾਰਾਂ ਦੀ ਪਛਾਣ ਕੀਤੀ। ਵਿਸ਼ਲੇਸ਼ਣ ਅਨੁਸਾਰ ਸਿੱਖਸ ਫਾਰ ਜਸਟਿਸ ਦਾ ਮਨੋਰਥ ਖਾਲਿਸਤਾਨੀ ਰਾਜ ਦੀ ਸਥਾਪਨਾ ਕਰਨਾ ਅਤੇ ਪੰਜਾਬ ਵਿੱਚ ਨੌਜਵਾਨਾਂ ਨੂੰ ਕੱਟੜਪੰਥੀ ਬਣਾਉਣਾ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ 178 ਵਿਅਕਤੀਆਂ ਨੇ ਕੈਨੇਡਾ ਸਥਿਤ ਸਿੱਖਸ ਫਾਰ ਜਸਟਿਸ ਕਾਰਕੁਨਾਂ ਤੋਂ 7.19 ਲੱਖ ਰੁਪਏ ਲਏ ਸਨ। ਪੰਜਾਬ ਤੋਂ ਇਲਾਵਾ ਹੋਰ ਰਾਜਾਂ ਤੋਂ ਕੰਮ ਕਰ ਰਹੇ ਘੱਟੋ-ਘੱਟ 225 ਵਿਅਕਤੀਆਂ ਦੇ ਵੇਰਵੇ, ਜਿਨ੍ਹਾਂ ਦੇ ਸਿੱਖਸ ਫਾਰ ਜਸਟਿਸ ਨਾਲ ਜੁੜੇ ਹੋਣ ਦਾ ਸ਼ੱਕ ਹੈ, ਨੂੰ ਪਹਿਲਾਂ ਹੀ ਸਬਸਿਡਰੀ ਇੰਟੈਲੀਜੈਂਸ ਬਿਊਰੋ ਨਾਲ ਸਾਂਝਾ ਕੀਤਾ ਜਾ ਚੁੱਕਾ ਹੈ। ਇਸ ਦੇ ਬਾਅਦ ਲੁਕ ਆਊਟ ਸਕੂਲਰ 18 ਵਿਅਕਤੀਆਂ ਵਿਰੁੱਧ ਜਾਰੀ ਕੀਤੇ ਗਏ ਹਨ ਜੋ ਵਿਦੇਸ਼ਾਂ ਵਿੱਚ ਰਹਿੰਦੇ ਹੋਏ ਕੱਟੜਪੰਥੀ ਗਤੀਵਿਧੀਆਂ ਵਿੱਚ ਸ਼ਾਮਲ ਹਨ।

ਪੰਜਾਬ ਪੁਲਿਸ ਨੇ ਰਾਸ਼ਟਰੀ ਸੁਰੱਖਿਆ ਨਾਲ ਜੁੜੇ ਵਿਭਾਗਾਂ ਸਮੇਤ ਰਾਜ ਸਰਕਾਰ ਵਿੱਚ ਵੱਖ-ਵੱਖ ਅਹੁਦਿਆਂ 'ਤੇ ਸੇਵਾ ਕਰ ਰਹੇ 28 ਵਿਅਕਤੀਆਂ ਦੀ ਪਛਾਣ ਕੀਤੀ ਹੈ। ਉਨ੍ਹਾਂ ਦੇ ਵੇਰਵੇ ਢੁਕਵੀਂ ਕਾਰਵਾਈ ਕਰਨ ਲਈ ਸਬੰਧਿਤ ਏਜੰਸੀਆਂ ਨਾਲ ਸਾਂਝੇ ਕੀਤੇ ਗਏ ਹਨ।ਕੰਵਰਦੀਪ ਕੌਰ, ਪੰਜਾਬ ਦੀ ਇੱਕ ਆਈਪੀਐਸ ਅਧਿਕਾਰੀ, ਨੇ ਆਪਣੇ ਵਿਸ਼ਲੇਸ਼ਣ ਵਿੱਚ ਲਿਖਿਆ ਹੈ ਕਿ ਸਿੱਖਸ ਫਾਰ ਜਸਟਿਸ (ਐਸਐਫਜੇ), 2020-21 ਵਿੱਚ ਕੋਵਿਡ -19 ਮਹਾਂਮਾਰੀ ਅਤੇ 2020 ਅਤੇ 2021 ਵਿੱਚ ਕਿਸਾਨਾਂ ਦੇ ਅੰਦੋਲਨ ਦਾ ਫਾਇਦਾ ਉਠਾਉਂਦੇ ਹੋਏ ਬਾਕਾਇਦਾ ਖਾਲਿਸਤਾਨੀ ਮੁਹਿੰਮ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਸੰਬੰਧ ਵਿਚ ਪੰਜਾਬ ਦੇ ਨੌਜਵਾਨਾਂ ਜਾਂ ਗਰੀਬ ਪਰਿਵਾਰਾਂ ਨੂੰ ਵਿੱਤੀ ਮਦਦ ਦਿਤੀ ਜਾ ਰਹੀ ਹੈ।ਕੰਵਰਦੀਪ ਕੌਰ ਅਨੁਸਾਰ ਸਿੱਖਸ ਫਾਰ ਜਸਟਿਸ ਦਾ ਮੂਲ ਏਜੰਡਾ ਰੈਫਰੈਂਡਮ-2020 ਵੋਟਰ ਰਜਿਸਟ੍ਰੇਸ਼ਨ ਮੁਹਿੰਮ ਲਈ ਸਫਲਤਾ ਪ੍ਰਾਪਤ ਕਰਨਾ ਹੈ।ਸ਼ੁਰੂਆਤ ਵਿੱਚ, ਸਿੱਖਸ ਫਾਰ ਜਸਟਿਸ (SFJ) ਨੇ ਇੱਕ ਵੈਬਸਾਈਟ ਸ਼ੁਰੂ ਕਰਕੇ ਅਤੇ ਸਿੱਖਸ ਫਾਰ ਜਸਟਿਸ ਨਾਮ 'ਤੇ ਇੱਕ ਫੇਸਬੁੱਕ ਪੇਜ ਬਣਾ ਕੇ ਆਪਣਾ ਰੈਫਰੈਂਡਮ 2020 ਦਾ ਪ੍ਰਚਾਰ ਸ਼ੁਰੂ ਕੀਤਾ ਸੀ। ਇਸ ਤੋਂ ਬਾਅਦ, ਇਹ ਆਪਣੇ ਕੱਟੜਪੰਥੀ ਏਜੰਡੇ ਦਾ ਪ੍ਰਚਾਰ ਕਰਨ ਲਈ ਵੱਖ-ਵੱਖ ਨਾਵਾਂ 'ਤੇ ਵੈਬਸਾਈਟਾਂ, ਫੇਸਬੁੱਕ ਪੇਜ, ਯੂਟਿਊਬ ਚੈਨਲ ਅਤੇ ਟਵਿੱਟਰ ਹੈਂਡਲ ਬਣਾ ਕਰ ਰਿਹਾ ਹੈ। ਕੰਵਰਦੀਪ ਕੌਰ ਨੇ ਵਿਸ਼ਲੇਸ਼ਣ ਵਿੱਚ ਲਿਖਿਆ, ਪੁਲਿਸ ਨੇ ਹੁਣ ਤੱਕ 142 ਵੈਬਸਾਈਟਾਂ ਅਤੇ 100 ਤੋਂ ਵੱਧ ਫੇਸਬੁੱਕ ਪੇਜਾਂ ਦੀ ਪਛਾਣ ਕੀਤੀ ਹੈ। , ਫੇਸਬੁੱਕ ਖਾਤੇ, ਟਵਿੱਟਰ ਹੈਂਡਲ ਅਤੇ ਯੂਟਿਊਬ ਚੈਨਲ ਸਿੱਖਸ ਫਾਰ ਜਸਟਿਸ ਦੁਆਰਾ ਚਲਾਏ ਜਾ ਰਹੇ ਹਨ।ਇਸ ਸਾਲ ਫਰਵਰੀ ਵਿੱਚ,ਭਾਰਤੀ ਗ੍ਰਹਿ ਮੰਤਰਾਲੇ ਨੇ ਕੁਝ ਸਿੱਖਸ ਫਾਰ ਜਸਟਿਸ ਦੇ ਚੈਨਲਾਂ 'ਤੇ ਪਾਬੰਦੀ ਲਗਾ ਦਿੱਤੀ ਸੀ।

# ਅਮਰੀਕੀ ਸੈਨੇਟ 'ਚ ਸੱਤਾ ਦਾ ਤਵਾਜ਼ਨ ਵਿਗੜਿਆ, ਇਕ ਡੈਮੋਕਰੈਟਿਕ ਮੈਂਬਰ ਨੇ ਪਾਰਟੀ ਛੱਡੀ

ਸੈਕਰਾਮੈਂਟੋ 10 ਦਸੰਬਰ (ਹੁਸਨ ਲੜੋਆ ਬੰਗਾ)-ਅਮਰੀਕੀ ਸੈਨੇਟ ਦੀ ਡੈਮੋਕਰੈਟਿਕ ਮੈਂਬਰ ਕ੍ਰਿਸਟਨ ਸਿਨੇਮਾ ਵੱਲੋਂ ਪਾਰਟੀ ਛੱਡਣ ਤੇ ਆਜ਼ਾਦ ਮੈਂਬਰ ਵਜੋਂ ਵਿਚਰਨ ਦਾ ਐਲਾਨ ਕਰਨ ਤੋਂ ਬਾਅਦ ਸਦਨ ਵਿਚ ਸੱਤਾ ਦਾ ਤਵਾਜ਼ਨ ਵਿਗੜ ਗਿਆ ਹੈ। ਐਰੀਜ਼ੋਨਾ ਦੀ ਸੈਨੇਟ ਮੈਂਬਰ ਸਿਨੇਮਾ ਦੇ ਐਲਾਨ ਤੋਂ ਬਾਅਦ 100 ਮੈਂਬਰੀ ਸੈਨੇਟ ਵਿਚ ਡੈਮੋਕਰੈਟਿਕ ਮੈਂਬਰਾਂ ਦੀ ਗਿਣਤੀ



48 ਰਹਿ ਗਈ ਹੈ ਜਦ ਕਿ ਰਿਪਬਲੀਕਨ ਮੈਂਬਰਾਂ ਦੀ ਗਿਣਤੀ 49 ਹੈ। 3 ਮੈਂਬਰ ਆਜ਼ਾਦ ਹਨ। ਹਾਲਾਂ ਕਿ ਪਾਰਟੀ ਲਈ ਇਹ ਰਾਹਤ ਵਾਲੀ ਗੱਲ ਹੈ ਕਿ ਦੋ ਆਜ਼ਾਦ ਮੈਂਬਰ ਵਰਮੋਂਟ ਤੋਂ ਬਰਨੀ ਸੈਂਡਰ ਤੇ ਮੇਨੇ ਤੋਂ ਅੰਗੁਸ ਕਿੰਗ ਸਦਨ ਵਿਚ ਡੈਮੋਕਰੈਟਿਕ ਪਾਰਟੀ ਦਾ ਸਾਥ ਦਿੰਦੇ ਹਨ।

ਇਸ ਤਰਾਂ ਪਾਰਟੀ ਕੋਲ ਸਦਨ ਵਿਚ ਵੋਟਾਂ ਦੀ ਗਿਣਤੀ 50 ਹੋ ਜਾਂਦੀ ਹੈ। ਫਿਲਹਾਲ ਉਪ ਰਾਸ਼ਟਰਪਤੀ ਕਮਲਾ ਹੈਰਿਸ ਕਾਰਨ ਸਦਨ ਵਿਚ ਸੱਤਾ ਦੀ ਕਮਾਨ ਡੈਮੋਕਰੈਟਿਕ ਪਾਰਟੀ ਕੋਲ ਹੈ ਜੋ ਕਿਸੇ ਵੀ ਮਾਮਲੇ ਤੇ ਬਰਾਬਰ ਵੋਟਾਂ ਹੋਣ ਦੀ ਹਾਲਤ ਵਿਚ ਆਪਣੀ ਵੋਟ ਪਾਉਣ ਦਾ ਅਧਿਕਾਰ ਰੱਖਦੀ ਹੈ। ਸਿਨੇਮਾ ਨੇ ਅਜੇ ਇਹ ਫ਼ੈਸਲਾ ਨਹੀਂ ਕੀਤਾ ਕਿ ਉਹ ਸੈਂਡਰ ਤੇ ਕਿੰਗ ਵਾਲਾ ਪੈਂਤੜਾ ਅਪਣਾਏਗੀ ਜਾਂ ਰਿਪਬਲੀਕਨ ਪਾਰਟੀ ਦਾ ਸਾਥ ਦੇਵੇਗੀ।

# ਫਰੀਮਾਂਟ ਗੁਰਦੁਆਰਾ ਸਾਹਿਬ ਨੂੰ ਕਮਿਊਨਿਟੀ ਲੀਡਰਸ਼ਿਪ ਐਵਾਰਡ ਮਿਲਿਆ

ਫਰੀਮਾਂਟ/ਏ.ਟੀ.ਨਿਊਜ਼ :- ਅਮਰੀਕਾ ਦੇ ਗੋਲਡਨ ਗੇਟ ਏਰੀਆ ਕੌਂਸਲ ਦੇ ਬੁਆਏ ਸਕਾਊਟ ਨੇ ਗੁਰਦੁਆਰਾ ਸਾਹਿਬ ਫਰੀਮਾਂਟ ਨੂੰ ਕਮਿਊਨਿਟੀ ਲੀਡਰਸ਼ਿਪ ਐਵਾਰਡ ਦਿੱਤਾ ਹੈ। ਇਸ ਪ੍ਰੋਗਰਾਮ ਵਿੱਚ ਨੌਜਵਾਨਾਂ ਨੂੰ ਸ਼ਾਮਲ ਕਰਨ ਵਾਲੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਆਪਸੀ ਸਹਿਯੋਗ ਕਰਨ ਅਤੇ ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮਾਂ ਦੀ ਮੇਜ਼ਬਾਨੀ ਕਰਨ ਲਈ ਭੈਣਜੀ ਨਾਦੀਆ ਕੌਰ ਢਿੱਲੋਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਗੱਲਬਾਤ ਦੌਰਾਨ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸਮੁੱਚੀ ਪ੍ਰਬੰਧਕੀ ਟੀਮ ਨੇ ਕਿਹਾ ਕਿ ਭਵਿੱਖ ਵਿੱਚ ਅਜਿਹੇ ਹੋਰ ਸ਼ਾਨਦਾਰ ਪ੍ਰੋਗਰਾਮ ਕਰਾਉਣ ਲਈ ਵਚਨਬੱਧ ਹਾਂ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਸਿੱਖੀ ਸਰੂਪ ਵਿਚ ਜਿਉਣ ਦੇ ਨਾਲ ਨਾਲ ਆਪਣੇ ਹੱਕਾਂ ਪ੍ਰਤੀ ਵੀ ਸੁਚੇਤ ਰਹਿਣ।





# ਜਾਰਜ ਫਲਾਇਡ ਦੀ ਹੱਤਿਆ ਦੇ ਮਾਮਲੇ 'ਚ ਸਾਬਕਾ ਪੁਲਿਸ ਅਫ਼ਸਰ ਨੂੰ ਸਾਢੇ ਤਿੰਨ ਸਾਲ ਦੀ ਕੈਦ



ਸੈਕਰਾਮੈਂਟੋ 10 ਦਸੰਬਰ (ਹੁਸਨ ਲੜੋਆ ਬੰਗਾ)-25 ਮਈ 2020 ਨੂੰ ਕਾਲੇ ਵਿਅਕਤੀ ਜਾਰਜ ਫਲਾਇਡ ਦੀ ਪੁਲਿਸ ਹੱਥੋਂ ਹੋਈ ਹੱਤਿਆ ਜਿਸ ਕਾਰਨ ਅੰਤਰ ਰਾਸ਼ਟਰੀ ਪੱਧਰ ਤੇ ਪ੍ਰਦਰਸ਼ਨ ਹੋਏ ਸਨ, ਦੇ ਮਾਮਲੇ ਵਿਚ ਮਿਨੀਆਪੋਲਿਸ ਦੇ ਸਾਬਕਾ ਪੁਲਿਸ ਅਧਿਕਾਰੀ ਜੇ ਅਲੈਗਜੈਂਡਰ ਕੁਏਂਗ ਨੂੰ ਸਾਢੇ ਤਿੰਨ ਸਾਲ ਜੇਲ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ ਹੱਤਿਆ ਵਿਚ ਸਹਿਯੋਗ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਕੁਏਂਗ ਪਹਿਲਾਂ ਹੀ ਇਸ ਮਾਮਲੇ ਵਿਚ ਫਲਾਇਡ ਦੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਤਹਿਤ ਇਕ ਸੰਘੀ ਅਦਾਲਤ ਵੱਲੋਂ ਸੁਣਾਈ 3 ਸਾਲ ਦੀ ਸਜ਼ਾ ਲਿਸਬਨ (ਓਹੀਓ) ਦੀ ਜੇਲ ਵਿਚ ਕੱਟ ਰਿਹਾ ਹੈ। ਇਸ ਮਾਮਲੇ ਵਿਚ ਮੁੱਖ ਦੋਸ਼ੀ ਸਾਬਕਾ ਪੁਲਿਸ ਅਫ਼ਸਰ ਡੈਰਕ ਸ਼ੌਵਿਨ 21 ਸਾਲ ਜੇਲ ਦੀ ਸਜ਼ਾ ਕੱਟ ਰਿਹਾ ਹੈ।

# ਸੰਯੁਕਤ ਰਾਸ਼ਟਰ ਕਨਵੈਨਸ਼ਨ ਦੀ 74ਵੀਂ ਵਰ੍ਹੇਗੰਢ 'ਚ ਸਿੱਖ ਨੁਮਾਇੰਦਿਆਂ ਦੀ ਸ਼ਮੂਲੀਅਤ



ਨਿਊਯਾਰਕ/ਏ.ਟੀ.ਨਿਊਜ਼ :- ਸੰਯੁਕਤ ਰਾਸ਼ਟਰ (ਯੂ.ਐਨ.) ਦਾ ਨਸਲਕੁਸ਼ੀ ਦੇ ਪੀੜਤਾਂ ਦੀ ਯਾਦਗਾਰ ਅਤੇ ਸਨਮਾਨ ਦਾ ਅੰਤਰਰਾਸ਼ਟਰੀ ਦਿਵਸ ਜੋ ਹਰ ਸਾਲ 9 ਦਸੰਬਰ ਨੂੰ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਹੈ। ਇਸ ਸਾਲ ਵੀ ਨਸਲਕੁਸ਼ੀ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ ਦੀ 74ਵੀਂ ਵਰ੍ਹੇਗੰਢ 'ਤੇ ਸੰਯੁਕਤ ਰਾਸ਼ਟਰ ਹੈੱਡਕੁਆਰਟਰ ਵਿਖੇ ਇਹ ਦਿਵਸ ਮਨਾਇਆ ਗਿਆ, ਜਿੱਥੇ ਸਿੱਖ ਕੌਮ ਦੇ ਨੁਮਾਇੰਦੇ ਵੀ ਪੁੱਜੇ। ਸਿੱਖ ਭਾਈਚਾਰੇ ਦੀ ਇਹ ਸ਼ਮੂਲੀਅਤ ਹਰ ਸਿੱਖ ਲਈ ਮਾਣ ਵਾਲੀ ਗੱਲ ਹੈ। ਇਸ ਵਰ੍ਹੇਗੰਢ ਮੌਕੇ ਡਾਕਟਰ ਇਕਤਿਦਾਰ ਚੀਮਾ ਅਤੇ ਡਾਕਟਰ ਪ੍ਰਿਤਪਾਲ ਸਿੰਘ ਨੇ ਸੰਯੁਕਤ ਰਾਸ਼ਟਰ ਦੇ ਅੰਡਰ ਸੈਕਟਰੀ ਜਨਰਲ ਐਲਿਸ ਵੈਰਿਮੂ ਡੇਰਿਟੂ ਨੂੰ ਸਿੱਖ ਨਸਲਕੁਸ਼ੀ ਬਾਰੇ ਇੱਕ ਮੰਗ ਪੱਤਰ ਸੌਂਪਿਆ।

ਦੱਸਣਯੋਗ ਹੈ ਕਿ 9 ਦਸੰਬਰ 1948 ਨੂੰ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ (UNGA) ਦੁਆਰਾ ਪਹਿਲੀ ਵਾਰ ਮਨੁੱਖੀ ਅਧਿਕਾਰ ਸੰਧੀ ਨੂੰ ਅਪਣਾਇਆ ਗਿਆ ਸੀ।

# ਬਾਦਲ ਦੀ ਅਗਵਾਈ ਵਿਚ ਮਨਾਇਆ ਸ਼ੋਮਣੀ ਅਕਾਲੀ ਦਲ ਦਾ ਸਥਾਪਨਾ ਦਿਵਸ

## ਕੇਂਦਰ ਦੀਆਂ ਤਾਕਤਾਂ ਸਿੱਖ ਕੌਮ ਤੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ 'ਤੇ ਲੱਗੀਆ: ਸੁਖਬੀਰ





ਅੰਮ੍ਰਿਤਸਰ- ਅੱਜ ਪੰਜਾਬ 'ਚ ਜੋ ਡਰ ਦਾ ਮਾਹੌਲ ਹੈ, ਉਹੋ ਜਿਹਾ ਮੈਂ ਪਿਛਲੇ 50 ਸਾਲਾਂ ਵਿਚ ਵੀ ਸੂਬੇ ਵਿਚ ਨਹੀਂ ਦੇਖਿਆ ਤੇ ਪੰਜਾਬ ਵਿਚ ਮੁੱਖ ਮੰਤਰੀ ਭਗਵੰਤ ਮਾਨ ਨਹੀਂ, ਬਲਕਿ ਗੈਂਗਸਟਰ ਹਨ। ਇਸ ਗੱਲ ਦਾ ਪ੍ਰਗਟਾਵਾ ਸ਼ੋ ?ਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼ੋ੍ਮਣੀ ਅਕਾਲੀ ਦਲ ਦੇ 102ਵੇਂ ਸਥਾਪਨਾ ਦਿਵਸ ਮੌਕੇ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਰਖਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਮਾਗਮ 'ਚ ਸ਼ਾਮਿਲ ਹੋਣ ਉਪਰੰਤ ਸੂਚਨਾ ਕੇਂਦਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਤਾਕਤਾਂ ਸਿੱਖਾਂ ਦੀਆਂ ਸੰਸਥਾਵਾਂ ਨੂੰ ਕਮਜ਼ੋਰ ਕਰਨ 'ਤੇ ਲੱਗੀਆਂ ਹੋਈਆਂ ਹਨ, ਜਿਸ ਪ੍ਰਤੀ ਕੌਮ ਨੂੰ ਸੁਚੇਤ ਹੋਣ ਦੀ ਲੋੜ ਹੈ। ਮੁੱਖ ਮੰਤਰੀ ਭਗਵੰਤ ਮਾਨ ਨੂੰ ਲੰਮੇਂ ਹੱਥੀਂ ਲੈਂਦਿਆਂ ਉਨ੍ਹਾਂ ਕਿਹਾ ਕਿ ਗੈਂਗਸਟਰਾਂ ਵਲੋਂ ਸ਼ਰ੍ਹੇਆਮ ਮੰਗੀਆਂ ਜਾ ਰਹੀਆਂ ਫਿਰੌਤੀਆਂ ਤੋਂ ਡਰ ਕੇ ਸੂਬੇ ਦੇ ਕਾਰੋਬਾਰੀ ਪੰਜਾਬ ਛੱਡ ਕੇ ਦੂਜੇ ਸੂਬਿਆਂ ਵੱਲ ਜਾ ਰਹੇ ਹਨ ਤੇ ਸੂਬੇ ਵਿਚ ਨਿਵੇਸ਼ ਬੰਦ ਹੋ ਗਿਆ ਹੈ।ਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਵਲੋਂ ਨਸ਼ਿਆਂ ਨੂੰ ਰੋਕਣ ਦੀ ਬਜਾਏ ਹੋਰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਨੇ ਅੱਠ ਮਹੀਨਿਆਂ ਵਿਚ ਪੰਜਾਬ ਨੂੰ ਡੁਬੋ ਕੇ ਰੱਖ ਦਿੱਤਾ ਹੈ ਤੇ ਜੇਕਰ ਇਹੀ ਹਾਲਾਤ ਰਹੇ ਤਾਂ ਅਗਲੇ 4 ਸਾਲਾਂ ਵਿਚ ਪੰਜਾਬ ਬਿਲਕੁਲ ਬਰਬਾਦ ਹੋ ਜਾਵੇਗਾ।ਹਰਿਆਣਾ ਗੁ: ਕਮੇਟੀ ਦੇ ਆਗੂ ਜਥੇ: ਬਲਜੀਤ ਸਿੰਘ ਦਾਦੂਵਾਲ ਨੂੰ ਕੌਮ ਦਾ ਗੱਦਾਰ ਅਤੇ ਭਾਜਪਾ ਤੇ ਆਰ. ਐਸ. ਐਸ. ਦਾ ਏਜੰਟ ਦੱਸਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਤਾਕਤਾਂ ਸਿੱਖ ਕੌਮ ਅਤੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ 'ਤੇ ਲੱਗੀਆਂ ਹੋਈਆਂ ਹਨ ਤੇ ਆਪਣੇ ਰਬੜ ਦੇ ਮੋਹਰਿਆਂ ਨੂੰ ਸਿੱਖ ਸੰਸਥਾਵਾਂ 'ਤੇ ਕਾਬਜ਼ ਕਰਾਉਣਾ ਚਾਹੁੰਦੀਆਂ ਹਨ, ਜਿਸ ਪ੍ਰਤੀ ਕੌਮ ਨੂੰ ਸੁਚੇਤ ਹੋਣ ਦੀ ਲੋੜ ਹੈ।

**ਕੌਮੀ ਮਸਲਿਆਂ ਸੰਬੰਧੀ ਫ਼ੈਸਲਿਆਂ ਦਾ ਅਧਿਕਾਰ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ-ਐਡਵੋਕੇਟ ਧਾਮੀ**

ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਗੁ: ਬਾਬਾ ਗੁਰਬਖਸ਼ ਸਿੰਘ ਸ਼ਹੀਦ ਵਿਖੇ ਮਨਾਏ ਗਏ ਦਲ ਦੇ ਸਥਾਪਨਾ ਦਿਵਸ ਮੌਕੇ ਸ਼ੋ੍ਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਸੰਗਤਾਂ ਨੂੰ

(ਬਾਕੀ ਸਫ਼ਾ 29 'ਤੇ)

# ਨਕੋਦਰ ਕੱਪੜਾ ਵਪਾਰੀ ਹੱਤਿਆ ਕਾਂਡ ਦੇ ਤਿੰਨ ਮੁਲਜ਼ਮ ਗ੍ਰਿਫ਼ਤਾਰ





ਚੰਡੀਗੜ੍ਹ-ਪੁਲਿਸ ਨੇ ਨਕੋਦਰ ਦੇ ਕੱਪੜਾ ਵਪਾਰੀ ਅਤੇ ਉਸਦੇ ਨਿੱਜੀ ਸੁਰੱਖਿਆ ਅਧਿਕਾਰੀ (ਪੀ.ਐਸ.ਓ.) ਮਨਦੀਪ ਸਿੰਘ ਦੇ ਦੋਹਰੇ ਹੱਤਿਆ ਕਾਂਡ ਵਿਚ ਬਠਿੰਡਾ ਤੋਂ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ।ਇਸ ਹੱਤਿਆ ਕਾਂਡ ਦਾ ਮੁੱਖ ਸਾਜ਼ਿਸ਼ਕਾਰ ਅਮਰੀਕਾ ਸਥਿਤ ਅਮਨਦੀਪ ਪੁਰੇਵਾਲ ਉਰਫ਼ ਅਮਨ ਹੈ, ਜੋ ਨਕੋਦਰ ਦਾ ਮੂਲ ਨਿਵਾਸੀ ਹੈ। ਇਹ ਜਾਣਕਾਰੀ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਛਾਣ ਪਿੰਡ ਨੰਗਲਾ, ਤਲਵੰਡੀ ਸਾਬੋ, ਬਠਿੰਡਾ ਦੇ ਖੁਸ਼ਕਰਨ ਸਿੰਘ ਉਰਫ਼ ਫ਼ੌਜੀ, ਬਠਿੰਡਾ ਦੇ ਵੇਹਣ ਦੀਵਾਨ ਦੇ ਕਮਲਦੀਪ ਸਿੰਘ ਉਰਫ਼ ਦੀਪ ਅਤੇ ਪਿੰਡ ਜੱਸੀ ਪੌਅ ਵਾਲੀ, ਬਠਿੰਡਾ ਦੇ ਮੰਗਾ ਸਿੰਘ ਉਰਫ਼ ਗੀਤਾ ਉਰਫ ਬਿੱਛੂ ਵਜੋਂ ਹੋਈ ਹੈ। ਇਨ੍ਹਾਂ ਕੋਲੋਂ ਵਾਰਦਾਤ 'ਚ ਵਰਤਿਆ .30 ਬੋਰ ਦਾ ਪਿਸਤੌਲ ਅਤੇ ਰੇਕੀ ਕਰਨ ਲਈ ਵਰਤੀ ਸਫਾਰੀ ਕਾਰ ਵੀ ਬਰਾਮਦ ਕੀਤੀ ਹੈ। ਦੱਸਣਯੋਗ ਹੈ ਕਿ 7 ਦਸੰਬਰ, 2022 ਨੂੰ ਰਾਤ 8.30 ਵਜੇ ਦੇ ਕਰੀਬ ਪੰਜ ਅਣਪਛਾਤੇ ਵਿਅਕਤੀਆਂ ਨੇ ਕੱਪੜਾ ਵਪਾਰੀ ਭੁਪਿੰਦਰ ਸਿੰਘ ਉਰਫ਼ ਟਿੰਮੀ ਚਾਵਲਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ, ਜਦਕਿ ਉਸ ਦੇ ਪੀ.ਐਸ.ਓ. ਕਾਂਸਟੇਬਲ ਮਨਦੀਪ ਸਿੰਘ, ਜਿਸ ਨੂੰ ਵੀ ਗੋਲੀਆਂ ਲੱਗੀਆਂ ਸਨ, ਨੇ ਬਾਅਦ ਵਿਚ ਜਲੰਧਰ ਦੇ ਨਿੱਜੀ ਹਸਪਤਾਲ ਵਿਚ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਦਿੱਤਾ ਸੀ।ਡੀ.ਜੀ.ਪੀ. ਨੇ ਪੰਜਾਬ ਪੁਲਿਸ ਹੈੱਡਕੁਆਰਟਰ ਵਿਖੇ ਪ੍ਰੈੱਸ ਕਾਨਫਰੰਸ ਨੂੰ ਦੱਸਿਆ ਕਿ ਪੁਲਿਸ ਨੇ ਦੋ ਮੁੱਖ ਸਾਜ਼ਿਸ਼ਕਾਰਾਂ ਦੀ ਪਛਾਣ ਬਠਿੰਡਾ ਦੇ ਅਮਰੀਕ ਸਿੰਘ ਅਤੇ

(ਬਾਕੀ ਸ.ਫ਼ਾ 29 'ਤੇ)

**ਮਾਮਲਾ ਬੇਅੰਤ ਸਿੰਘ ਹੱਤਿਆ ਕਾਂਡ ਦਾ**

# ਭਾਈ ਗੁਰਮੀਤ ਸਿੰਘ ਵਲੋਂ ਹਾਈਕੋਰਟ 'ਚ ਅਰਜ਼ੀ ਦੇ ਕੇ ਸਮੇਂ ਤੋਂ ਪਹਿਲਾਂ ਰਿਹਾਈ ਮੰਗੀ



ਚੰਡੀਗੜ੍ਹ-ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ 27 ਸਾਲਾਂ ਤੋਂ ਵੱਧ ਸਮੇਂ ਬਾਅਦ ਇਸ ਕੇਸ ਦੇ ਇਕ ਦੋਸ਼ੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਅਰਜ਼ੀ ਦਾਇਰ ਕਰਕੇ ਸਮੇਂ ਤੋਂ ਪਹਿਲਾਂ ਰਿਹਾਈ ਦੀ ਮੰਗ ਕੀਤੀ ਹੈ। ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਸਟਿਸ ਅਵਨੀਸ਼ ਝਿੰਗਨ ਨੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ, ਬੁੜੈਲ ਜੇਲ੍ਹ ਦੇ ਸੁਪਰਡੈਂਟ, ਪਟਿਆਲਾ ਦੇ ਜ਼ਿਲ੍ਹਾ ਮੈਜਿਸਟਰੇਟ ਤੇ ਐਸ.ਐਸ.ਪੀ. ਨੂੰ ਨੋਟਿਸ ਜਾਰੀ ਕੀਤਾ ਹੈ। ਜਸਟਿਸ ਝਿੰਗਨ ਨੇ ਵਕੀਲ ਵਿਜੇ ਕੇ ਜਿੰਦਲ ਤੇ ਵਿਪੁਲ ਜਿੰਦਲ ਰਾਹੀਂ ਭਾਈ ਗੁਰਮੀਤ ਸਿੰਘ ਵਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਦੀ ਅਗਲੀ ਤਰੀਕ 20 ਫਰਵਰੀ 2023 ਤੈਅ ਕੀਤੀ ਹੈ।ਕੇਸ ਦੀ ਮੁੱਢਲੀ ਸੁਣਵਾਈ ਦੌਰਾਨ ਬੈਂਚ ਨੂੰ ਦੱਸਿਆ ਗਿਆ ਕਿ ਭਾਈ ਗੁਰਮੀਤ ਸਿੰਘ 31 ਅਕਤੂਬਰ ਨੂੰ ਦਿੱਤੇ ਹੁਕਮਾਂ ਨੂੰ ਰੱਦ ਕਰਨ ਦੀ ਮੰਗ ਕਰ ਰਿਹਾ ਸੀ, ਜਿਸ ਤਹਿਤ ਉਸ ਦੀ ਪ੍ਰੀ-ਮੈਚਿਓਰ ਰਿਹਾਈ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਗਿਆ ਸੀ।ਵਿਜੇ ਜਿੰਦਲ ਨੇ ਦਲੀਲ ਦਿੱਤੀ ਕਿ ਇਹ ਸੰਵਿਧਾਨ ਦੀ ਧਾਰਾ 14, 19 ਤੇ 21 ਦੀ ਉਲੰਘਣਾ ਹੈ।ਆਦੇਸ਼ ਜਾਰੀ ਕਰਨ ਲਈ ਨਿਰਦੇਸ਼ ਵੀ ਮੰਗੇ ਗਏ ਸਨ, ਜਿਸ 'ਚ ਕਿਹਾ ਗਿਆ ਸੀ ਕਿ ਪਟੀਸ਼ਨਰ ਨੇ ਸਮੇਂ ਤੋਂ ਪਹਿਲਾਂ ਰਿਹਾਈ ਦੇਣ ਲਈ ਸਾਰੀਆਂ ਲੋੜੀਂਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਹਨ ਤੇ 14 ਸਾਲ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਯੂਟੀ ਦੇ ਦੋਸ਼ੀਆਂ 'ਤੇ ਲਾਗੂ ਹੋਣ ਵਾਲੀ ਨੀਤੀ 14 ਸਾਲ ਦੀ ਅਸਲ ਸਜ਼ਾ ਤੇ 20 ਸਾਲ ਦੀ ਕੁੱਲ ਸਜ਼ਾ ਅਨੁਸਾਰ ਆਮ ਨਿਯਮਾਂ ਤੇ ਸ਼ਰਤਾਂ 'ਤੇ ਪ੍ਰੀ-ਮੈਚਿਓਰ ਰਿਹਾਈ ਦਾ ਪੂਰੀ ਤਰ੍ਹਾਂ ਹੱਕਦਾਰ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Sarbjeet Kaur Sarb Online Interview Host: Balraj Pannu

Proof Editor: Prabhjot KaurDesigner: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਏ.ਪੀ.ਏ., ਅਫਸਪਾ ਤੇ ਹੋਰ ਕਾਲੇ ਕਾਨੂੰਨ ਖ਼ਤਮ ਹੋਣ : ਐਡਵੋਕੇਟ ਰਾਜਵਿੰਦਰ ਬੈਂਸ

## ਜਮਹੂਰੀ ਅਧਿਕਾਰ ਸਭਾ ਦੀ ਕਾਨਫਰੰਸ ਵਿਚ ਬੋਲੇ, ਕਿ ਨਵੰਬਰ 84 ਕਤਲੇਆਮ ਦੇ ਦੋਸ਼ੀ 46 ਸਾਲ ਬਾਅਦ ਵੀ ਅਜ਼ਾਦ, ਪਰ ਸਜ਼ਾਵਾਂ ਕੱਟ ਚੁੱਕੇ ਕਈ ਸਿੱਖ ਕੈਦੀ ਅਜੇ ਵੀ ਜੇਲ੍ਹਾਂ ਵਿੱਚ ਸੜ ਰਹੇ ਨੇ

### ਭਾਰਤ ਦੀਆਂ ਜੇਲ੍ਹਾਂ ਵਿੱਚ 70% ਕੈਦੀਆਂ ਵਿੱਚੋਂ ਲਗਭਗ 30% ਮੁਸਲਮਾਨ ਹਨ, 16% ਦਲਿਤ ਅਤੇ 13% ਆਦਿਵਾਸੀ ਭਾਜਪਾ-ਆਰ ਐਸ ਐਸ ਦੀ ਨੀਤੀ ਇਕ ਪਾਰਟੀ ਰਾਜ, ਇਕ ਭਾਸ਼ਾ, ਇਕ ਵਿਚਾਰਧਾਰਾ, ਇਕ ਸਿਵਲ ਕੋਡ ਦਾ ਵਿਰੋਧ ਹੋਵੇ

ਜਲੰਧਰ/ਏ.ਟੀ.ਨਿਊਜ਼ :- ਹਾਈਕੋਰਟ ਦੇ ਵਕੀਲ ਰਾਜਵਿੰਦਰ ਸਿੰਘ ਬੈਂਸ ਨੇ ਜਮਹੂਰੀ ਅਧਿਕਾਰ ਸਭਾ ਦੀ ਕਾਨਫਰੰਸ ਵਿਚ ਮਨੁੱਖੀ ਅਧਿਕਾਰਾਂ ਦੇ ਵਿਸ਼ੇ ਬਾਰੇ ਬੋਲਦਿਆਂ ਕਿਹਾ ਕਿ ਮੋਦੀ ਸਰਕਾਰ ਨੂੰ ਲੋਕਾਂ ਦੇ ਸੀਮਤ ਜਿਹੇ ਜਮਹੂਰੀ ਹੱਕ ਵੀ ਚੰਗੇ ਨਹੀਂ ਲੱਗਦੇ। ਆਉਣ ਵਾਲ਼ੇ ਸਮੇਂ ਵਿੱਚ ਭਾਰਤੀ ਰਾਜਸੱਤਾ ਇੱਥੋਂ ਦੇ ਵੱਡੀ ਸਰਮਾਏਦਾਰੀ ਦੇ ਹਿੱਤਾਂ ਮੁਤਾਬਕ, ਲੋਕਾਂ ਨੂੰ ਹੋਰ ਵਧੇਰੇ ਜਾਬਰ ਢੰਗ ਨਾਲ਼ ਦਬਾਏਗੀ ਜਿਸ ਨਾਲ਼ ਇਸ ਨਿਆਂ ਪ੍ਰਬੰਧ ਹੋਰ ਨਿਘਾਰ ਵੱਲ ਜਾਵੇਗਾ।1984 ਸਿੱਖ ਨਸਲਕੁਸ਼ੀ ਦੇ ਅਪਰਾਧੀ 46 ਸਾਲ ਬਾਅਦ ਵੀ ਬਾਹਰ ਘੁੰਮ ਰਹੇ ਹਨ ਜਦ ਕਿ ਸਜ਼ਾਵਾਂ ਕੱਟ ਚੁੱਕੇ ਕਈ ਸਿੱਖ ਕੈਦੀ ਅਜੇ ਵੀ ਜੇਲ੍ਹਾਂ ਵਿੱਚ ਸੜ ਰਹੇ ਹਨ। 2002 ਦੇ ਗੁਜਰਾਤ ਕਤਲੇਆਮ ਵਿੱਚ ਇੱਕ ਗਰਭਵਤੀ ਔਰਤ ਦਾ ਪੇਟ ਚੀਰ ਕੇ ਉਸਦੇ ਬੱਚੇ ਨੂੰ ਤ੍ਰਿਸ਼ੂਲ ’ਤੇ ਟੰਗਣ ਵਾਲ਼ੇ ਬਾਬੂ ਬਜਰੰਗੀ ਨੂੰ ਵੀ 2019 ਵਿੱਚ ‘ਮਾਣਯੋਗ’ ਅਦਾਲਤ ਨੇ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸਜ਼ਾ ਭੁਗਤ ਚੁੱਕੇ ਸਿੱਖ ਕੈਦੀਆਂ ਸਮੇਤ ਸੰਗੀਨ ਧਾਰਾਵਾਂ ਤਹਿਤ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿਚ ਬੰਦ ਕੀਤੇ ਸਿਆਸੀ ਕਾਰਕੁੰਨਾਂ, ਪੱਤਰਕਾਰਾਂ, ਬੁੱਧੀਜੀਵੀਆਂ ਤੇ ਲੇਖਕਾਂ ਨੂੰ ਰਿਹਾਅ ਕਰਨਾ ਚਾਹੀਦਾ ਹੈ, ਯੂ ਏ ਪੀ ਏ, ਅਫਸਪਾ ਅਤੇ ਹੋਰ ਕਾਲੇ ਕਾਨੂੰਨ ਖਤਮ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਬੁਧੀਜੀਵੀਆਂ ਨੂੰ ‘ਸ਼ਹਿਰੀ ਨਕਸਲੀ’ ਕਰਾਰ ਦੇ ਕੇ ਜੇਲ੍ਹਾਂ ਵਿੱਚ ਡਕਿਆ ਹੋਇਆ ਹੈ। ਆਦਿਵਾਸੀ ਹੱਕਾਂ ਲਈ ਸੰਘਰਸ਼ ਕਰਨ ਵਾਲ਼ੇ ਪਾਦਰੀ ਸਟੈਨ ਸਵਾਮੀ ਜੋ ਗੰਭੀਰ ਬਿਮਾਰੀਆਂ ਨਾਲ਼ ਪੀੜਤ ਸਨ, ਉਨ੍ਹਾਂ ਨੂੰ ਬਿਨਾਂ ਇਲਾਜ ਕਰਵਾਏ, ਜੇਲ੍ਹ ਵਿੱਚ ਕੋਹ-ਕੋਹ ਕੇ ਮਾਰਿਆ ਗਿਆ। ਜੇਲ੍ਹ ਵਿੱਚ ਉਨ੍ਹਾਂ ਨੂੰ ਇਕਾਂਤਵਾਸ ਵਿੱਚ ਰੱਖਿਆ ਗਿਆ। ਸਿੱਖ ਨੌਜਵਾਨਾਂ ਦੇ ਮਨੁੱਖੀ ਅਧਿਕਾਰਾਂ ਦੀ ਗੱਲ ਕਰਦਿਆਂ ਬੈਂਸ ਨੇ ਕਿਹਾ ਕਿ ਭਾਰਤ ਤੇ ਪੰਜਾਬ ਸਰਕਾਰ ਸਿੱਖ ਨੌਜਵਾਨਾਂ ਨੂੰ ਖਾਲਿਸਤਾਨ ਦੇ ਨਾਮ ਉਪਰ ਆਧਾਰਹੀਣ ਗ੍ਰਿਫਤਾਰੀਆਂ ਕਰਕੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਰਹੀ ਹੈ। ਨਵਾਂ ਸ਼ਹਿਰ ਅਦਾਲਤ ਨੇ ਕੁਝ ਅਰਸਾ ਪਹਿਲਾਂ ਸਿੱਖ ਸਾਹਿਤ ਰੱਖਣ ਤੇ ਸੋਸ਼ਲ ਮੀਡੀਆ ’ਤੇ ਸਿੱਖ ਹੱਕਾਂ ਦੀ ਗੱਲ ਕਰਨ ਦੇ ਦੋਸ਼ ਕਾਰਨ ਰਾਹੋਂ ਦੇ ਸਿੱਖ ਨੌਜਵਾਨਾਂ ਅਰਵਿੰਦਰ ਸਿੰਘ, ਸੁਰਜੀਤ ਸਿੰਘ ਤੇ ਰਣਜੀਤ ਸਿੰਘ ਨੂੰ ਬਗਾਵਤ ਦੇ ਕੇਸ ਵਿਚ ਉਮਰ ਕੈਦ ਕਾਰਨ ਜੇਲ੍ਹ ਵਿਚ ਡਕਿਆ ਹੋਇਆ ਹੈ। ਇਨ੍ਹਾਂ ਵਿਚੋਂ ਸਿਰਫ ਸੁਰਜੀਤ ਸਿੰਘ ਦੀ ਜਮਾਨਤ ਹੋਈ ਹੈ। ਉਨ੍ਹਾਂ ਕਿਹਾ ਕਿ ਜਦ ਕਿ ਸਾਰੀ ਜਾਂਚ ਵਿਚ ਇਨ੍ਹਾਂ ਨੌਜਵਾਨਾਂ ਕੋਲੋਂ ਪੁਲਿਸ ਨੂੰ ਕਿਸੇ ਵੀ ਤਰ੍ਹਾਂ ਦੇ ਅਸਲਾ, ਵਿਸਫੋਟਕ ਸਮੱਗਰੀ ਜਾਂ ਹਥਿਆਰਾਂ ਦੀ ਬਰਾਮਦਗੀ ਨਹੀਂ ਹੋਈ ਤਾਂ ਅਦਾਲਤ ਦਾ ਇਹ ਫੈਸਲਾ ਮਨੁੱਖੀ ਹੱਕਾਂ ਦੇ ਖਿਲਾਫ ਹੈ। ਉਨ੍ਹਾਂ ਕਿਹਾ ਕਿ ਖਾਲਿਸਤਾਨ ਦੇ ਪੋਸਟਰ ਲਗਾਉਣ ਵਾਲੇ ਗਰੀਬ ਸਿੱਖ ਨੌਜਵਾਨ ਬਗਾਵਤ ਦੇ ਕੇਸ ਵਿਚ ਜੇਲ੍ਹ ਵਿਚ ਡੱਕੇ ਹਨ।ਪਰ ਉਨ੍ਹਾਂ ਦੀ ਪੈਰਵਾਈ ਕਰਨ ਵਾਲਾ ਕੋਈ ਨਹੀਂ। ਐਡਵੋਕੇਟ ਬੈਂਸ ਨੇ ਜਮਹੂਰੀ ਅਧਿਕਾਰ ਸਭਾ ਜਲੰਧਰ ਦੀ ਕਾਨਫਰੰਸ ਵਿਚ ਬੋਲਦਿਆਂ ਕਿਹਾ ਕਿ ਦੁਨੀਆ ਵਿਚ ਹਰ ਮਨੁੱਖ ਨੂੰ ਆਪਣੀ ਗੱਲ ਕਹਿਣ ਤੇ ਆਪਣੀਆਂ ਭਾਵਨਾਵਾਂ ਦੇ ਸ਼ਾਂਤਮਈ ਪ੍ਰਗਟਾਵੇ ਦਾ ਹੱਕ ਹੈ ਤੇ ਇਹ ਹਰ ਇਨਸਾਨ ਨੂੰ ਮਿਲੇ ਹੋਏ ਮੁੱਢਲੇ ਹੱਕ ਮੰਨੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਵਿਚ ਭਾਵੇਂ ਬੋਲਣ, ਵਿਚਾਰ ਪ੍ਰਗਟਾਉਣ, ਸ਼ਾਂਤੀਪੂਰਵਕ ਇਕੱਠੇ ਹੋਣ, ਕਿਤੇ ਵੀ ਘੁੰਮਣ ਫਿਰਨ ਤੇ ਕਾਰੋਬਾਰ ਕਰਨ ਦੀ ਅਜ਼ਾਦੀ ਹੈ ਪਰ ਕਾਲੇ ਕਾਨੂੰਨਾਂ ਬਣਾ ਕੇ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਬਹਾਨੇ ਲੋਕਾਂ ਨੂੰ ਉਨ੍ਹਾਂ ਦੇ ਜਮਹੂਰੀ ਹੱਕਾਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ।

ਬੈਂਸ ਨੇ ਕਿਹਾ ਕਿ ‘ਨਿਆਂਪਾਲਿਕਾ ਨੂੰ ਛੱਡ ਕੇ ਸਾਰੇ ਅਦਾਰਿਆਂ ’ਤੇ ਮੋਦੀ ਸਰਕਾਰ ਨੇ ਕਬਜ਼ਾ ਕਰ ਲਿਆ ਹੈ। ਮੀਡੀਆ ਨੂੰ ਮੈਨੇਜ ਕੀਤਾ ਜਾ ਰਿਹਾ ਹੈ। ਸੰਸਦ ’ਤੇ ਉਨ੍ਹਾਂ ਦਾ ਕਬਜ਼ਾ ਹੈ। ਈਡੀ, ਸੀਬੀਆਈ ਅਤੇ ਇਨਕਮ ਟੈਕਸ ਵਰਗੇ ਸਰਕਾਰੀ ਤੰਤਰ ਨਾਲ ਸੁਤੰਤਰ ਆਵਾਜ਼ਾਂ ਤੇ ਵਿਰੋਧੀ ਧਿਰਾਂ ਨੂੰ ਦਬਾਇਆ ਜਾ ਰਿਹਾ ਹੈ। ਹਿਟਲਰ ਦੇ ਵੇਲੇ ਪੂੰਜੀਵਾਦ ਅਤੇ ਫਿਰਕੂਵਾਦ ਦੋਵੇਂ ਇਕੱਠੇ ਵਧੇ ਸਨ ਅਤੇ ਹੁਣ ਮੋਦੀ ਸਰਕਾਰ ਵੇਲੇ ਵੀ ਇਹ ਮੁੜ ਦੋਵੇਂ ਇਕੱਠੇ ਵੱਧ ਰਹੇ ਹਨ। ਇਹ ਦੇਸ਼ ਦੇ ਅਨੇਕਤਾ ਵਾਲੇ ਸਰੂਪ ਲਈ ਖ਼ਤਰੇ ਦੀ ਘੰਟੀ ਹੈ। ਉਨ੍ਹਾਂ ਕਿਹਾ ਕਿ ਆਰਐੱਸਐੱਸ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦਾ ਹੈ ਅਤੇ ਭਾਜਪਾ ਸਰਕਾਰ ਇਸੇ ਨਕਸ਼ੇ ਕਦਮਾਂ ’ਤੇ ਚੱਲ ਰਹੀ ਹੈ। 80 ਫੀਸਦੀ ਹਿੰਦੂ ਅਬਾਦੀ ਵਾਲੇ ਦੇਸ਼ ਵਿੱਚ ਹਿੰਦੂਆਂ ਨੂੰ ਖ਼ਤਰਾ ਦੱਸ ਕੇ ਛੋਟੀ ਉਮਰ ਦੇ ਨੌਜਵਾਨਾਂ ਦੇ ਮਨਾਂ ਵਿੱਚ ਜ਼ਹਿਰ ਭਰਿਆ ਜਾ ਰਿਹਾ ਹੈ, ਜੋ ਭਵਿੱਖ ਵਿਚ ਵਿਸਫੋਟਕ ਸਾਬਤ ਹੋਵੇਗਾ। ਘੱਟਗਿਣਤੀਆਂ ਨੂੰ ਅਜਿਹਾ ਅਹਿਸਾਸ ਕਰਵਾਇਆ ਜਾ ਰਿਹਾ ਹੈ ਕਿ ਜਿਵੇਂ ਉਨ੍ਹਾਂ ਨੂੰ ਦੇਸ਼ ਵਿੱਚ ਦੂਜੇ ਦਰਜੇ ਦੇ ਨਾਗਰਿਕ ਬਣ ਕੇ ਰਹਿਣਾ ਪਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਸੱਤ ਅੱਠ ਸਾਲਾਂ ਤੋਂ ਅਜਿਹੇ ਵਰਤਾਰੇ ਵਿੱਚ ਤੇਜ਼ੀ ਆਈ ਹੈ, ਜਿਸ ਨਾਲ ਭਾਰਤ ਮੁੜ 70-80 ਸਾਲ ਪਿਛਾਂਹ ਚਲਾ ਗਿਆ ਹੈ।ਇਸ ਨਾਲ ਲੋਕ ਮਨ ਵਿਚ ਖ਼ੂਨੀ ਦੰਗੇ ਹੋਣ ਦਾ ਡਰ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਪੜ੍ਹਿਆ-ਲਿਖਿਆ ਵਰਗ ਵੀ ਇਸ ਵਰਤਾਰੇ ਖ਼ਿਲਾਫ਼ ਚੁੱਪ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਲਗਾਤਾਰ ਫੈਡਰਲ ਢਾਂਚੇ ਉੱਤੇ ਹਮਲੇ ਕਰ ਰਹੀ ਹੈ। ਭਾਖੜਾ ਡੈਮ ਵਿਚੋਂ ਪੰਜਾਬ ਦੀ ਨੁਮਾਇੰਦਗੀ ਖਤਮ ਕਰ ਰਹੀ ਹੈ, ਚੰਡੀਗੜ੍ਹ ਦੇ ਮੁਲਾਜ਼ਮਾਂ ਦੇ ਅਧਿਕਾਰ ਖਤਮ ਕਰਕੇ ਕੇਂਦਰ ਸਰਕਾਰ ਅਧੀਨ ਕਰ ਰਹੀ ਹੈ, ਦਲਿਤਾਂ ’ਤੇ ਹਮਲੇ ਕਰ ਰਹੀ ਹੈ ਅਤੇ ਘੱਟਗਿਣਤੀਆਂ ਖਾਸਕਰ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਉਨ੍ਹਾਂ ਦੇ ਘਰਾਂ, ਦੁਕਾਨਾਂ ਉੱਤੇ ਬੁਲਡੋਜ਼ਰ ਚਲਾ ਕੇ ਉਨ੍ਹਾਂ ਦੀ ਆਰਥਿਕਤਾ ’ਤੇ ਸੱਟ ਮਾਰਕੇ ਉਨ੍ਹਾਂ ਨੂੰ ਦਹਿਸ਼ਤਜ਼ਦਾ ਕੀਤਾ ਜਾ ਰਿਹਾ ਹੈ। ਉਲਟਾ ਪੀੜਤਾਂ ਉੱਤੇ ਹੀ ਪੁਲਿਸ ਕੇਸ ਬਣਾਕੇ ਉਨ੍ਹਾਂ ਨੂੰ ਜੇਲ੍ਹੀਂ ਸੁੱਟਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਨੇ ਹਾਕਮਾਂ ਦੇ ਫਾਸ਼ੀਵਾਦ ਨੂੰ ਹੱਥ ਪਾ ਕੇ ਪੂਰੇ ਦੇਸ਼ ਨੂੰ ਇਸ ਚੁਣੌਤੀ ਦਾ ਮੁਕਾਬਲਾ ਕਰਨ ਦਾ ਰਾਹ ਦਿਖਾਇਆ ਹੈ । ਉਨ੍ਹਾਂ ਕਿਹਾ ਕਿ ਭਾਜਪਾ-ਆਰ ਐਸ ਐਸ ਇਕ ਪਾਰਟੀ ਰਾਜ, ਇਕ ਭਾਸ਼ਾ, ਇਕ ਵਿਚਾਰਧਾਰਾ, ਇਕ ਸਿਵਲ ਕੋਡ ਦੇ ਰਾਹ ਉੱਤੇ ਤੇਜ਼ੀ ਨਾਲ ਅੱਗੇ ਵਧ ਰਹੀ ਹੈ । ਇਸ ਦਾ ਸਾਨੂੰ ਵਿਰੋਧ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਭਾਰਤ ਵਿੱਚ ਨਿਆਂ ਪ੍ਰਕਿਰਿਆ ਇੰਨੀ ਮਹਿੰਗੀ ਹੈ ਕਿ ਗਰੀਬ ਕਿਰਤੀ ਲੋਕਾਂ ਲਈ ਬੇਦੋਸ਼ੇ ਹੁੰਦਿਆਂ ਹੋਇਆਂ ਵੀ ਇਹ ਸਾਬਿਤ ਕਰ ਪਾਉਣ ਲਗਭਗ ਅਸੰਭਵ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਇੱਕ ਰਿਪੋਰਟ ਮੁਤਾਬਕ ਭਾਰਤ ਦੀਆਂ ਜੇਲ੍ਹਾਂ ਵਿੱਚ 70% ਕੈਦੀ ਅਜਿਹੇ ਹਨ ਜਿਨ੍ਹਾਂ ਦੇ ਕੇਸ ਦੀ ਅਜੇ ਤੱਕ ਸੁਣਵਾਈ ਵੀ ਸ਼ੁਰੂ ਨਹੀਂ ਹੋਈ। ਇਨ੍ਹਾਂ ਕੈਦੀਆਂ ਉੱਤੇ ਨਾ ਤਾਂ ਗੁਨਾਹ ਸਾਬਤ ਹੋਇਆ ਹੈ ਅਤੇ ਨਾ ਹੀ ਕਿਸੇ ਅਦਾਲਤ ਨੇ ਇਨ੍ਹਾਂ ਨੂੰ ਸਜ਼ਾ ਦਿੱਤੀ ਹੈ, ਫਿਰ ਵੀ ਲੰਬੇ ਸਮੇਂ ਤੋਂ ਨਰਕ ਭੋਗ ਰਹੇ ਹਨ। ਭਾਰਤੀ ਜੇਲ੍ਹਾਂ ਵਿੱਚ ਬੰਦ ਕੁੱਲ ਕੈਦੀਆਂ ਵਿੱਚੋਂ ਲਗਭਗ 30% ਮੁਸਲਮਾਨ ਹਨ, 16% ਦਲਿਤ ਅਤੇ 13% ਆਦਿਵਾਸੀ ਹਨ।




## ਮਾਮਲਾ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਨੂੰ ਪਾਕ ਪ੍ਰਸ਼ਾਸਨ ਵੱਲੋਂ ਤਾਲਾ ਲਾਉਣ ਦਾ

# ਦਿੱਲੀ ਦੇ ਸਿੱਖਾਂ ਵੱਲੋਂ ਪਾਕ ਅੰਬੈਸੀ ਮੂਹਰੇ ਰੋਸ ਪ੍ਰਦਰਸ਼ਨ

### ਪਾਕਿਸਤਾਨ ’ਚ ਸਿੱਖਾਂ ਨਾਲ ਹੋ ਰਹੇ ਧੱਕੇ ਘੱਟਗਿਣਤੀ ਸਿੱਖ ਕੌਮ ਦੀ ਨਸਲੀ ਸਫਾਈ ਦੀ ਸਾਜ਼ਿਸ਼

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:- ਪਾਕਿਸਤਾਨ ਸਰਕਾਰ ਨੇ ਜ਼ਮੀਨੀ ਵਿਵਾਦ ਦੀ ਆੜ ਹੇਠ ਲਾਹੌਰ ਸ਼ਹਿਰ ਦੇ ਨੌਲੱਖਾ ’ਚ ਸਥਿਤ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ’ਤੇ ਤਾਲਾ ਲਗਾ ਦਿੱਤਾ ਹੈ। ਜਿਸ ਦੇ ਵਿਰੋਧ ਵਿੱਚ ਦਿੱਲੀ ਦੇ ਸਮੂਹ ਪੰਥਦਰਦੀ ਸਿੱਖਾਂ ਵੱਲੋਂ ਪਾਕਿਸਤਾਨੀ ਅੰਬੈਸੀ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਵਿਰੋਧ ਪ੍ਰਦਰਸ਼ਨ ਉਪਰੰਤ ਪਾਕਿਸਤਾਨ ਅੰਬੈਸੀ ਦੇ ਅਧਿਕਾਰੀ ਜ਼ੁਲਫੀਕਾਰ ਅਲੀ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਨਾਂ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਜਾਗੋ ਪਾਰਟੀ ਦੇ ਕੌਮਾਂਤਰੀ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਪਾਕਿਸਤਾਨ ’ਚ ਸਿੱਖਾਂ ਨਾਲ ਹੋ ਰਹੇ ਧੱਕੇ ਨੂੰ ਘੱਟਗਿਣਤੀ ਸਿੱਖ ਕੌਮ ਦੀ ‘ਨਸਲੀ ਸਫਾਈ’ ਵਜੋਂ ਪਰਿਭਾਸ਼ਿਤ ਕੀਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ’ਚ ਪਹਿਲਾਂ ਸਿੱਖਾਂ ਦੀਆਂ ਨਾਬਾਲਗ ਧੀਆਂ ਅਤੇ ਵਪਾਰੀ ਸਿੱਖ ਕੱਟੜਪੰਥੀਆਂ ਦੇ ਨਿਸ਼ਾਨੇ ਉਤੇ ਸਨ ਪਰ ਹੁਣ ਭੂ-ਮਾਫੀਆ ਦੇ ਨਿਸ਼ਾਨੇ ਉਤੇ ਸਿੱਖਾਂ ਦੇ ਗੁਰਧਾਮ ਵੀ ਆ ਗਏ ਹਨ। ਇਸ ਲਈ ਪਾਕਿਸਤਾਨ ਸਰਕਾਰ ਨੂੰ ਅਜਿਹੇ ਲੋਕਾਂ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈਂ।

ਸ਼ਾਹਬਾਜ਼ ਸ਼ਰੀਫ ਨੂੰ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਨੂੰ ਤੁਰੰਤ ਖੋਲ੍ਹਣ ਦੀ ਮੰਗ ਕਰਦਿਆਂ ਕਿਹਾ ਹੈ ਕਿ ਪਾਕਿਸਤਾਨ ਸਰਕਾਰ ਵੱਲੋਂ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਨੂੰ ਸੀਲ ਕਰਨ ਦੀ ਕਾਰਵਾਈ ਕਰਕੇ ਸਿੱਖ ਕੌਮ ਹੈਰਾਨ ਅਤੇ ਦੁਖੀ ਹਨ। ਕਿਉਂਕਿ ਲਾਹੌਰ ਵਿੱਚ ਸਥਾਨਕ ਪ੍ਰਸ਼ਾਸਨ ਨੇ ਗੁਰਦੁਆਰਾ ਸਾਹਿਬ ਨੂੰ ਤਾਲਾ ਲਗਾ ਦਿੱਤਾ ਹੈ ਅਤੇ ਸਿੱਖ ਸ਼ਰਧਾਲੂਆਂ ਨੂੰ ਗੁਰਦੁਆਰਾ ਸਾਹਿਬ ਵਿੱਚ ਮੱਥਾ ਟੇਕਣ ਤੋਂ ਰੋਕ ਦਿੱਤਾ ਹੈ। ਨਾਲ ਹੀ ਸਿੱਖਾਂ ਨੂੰ ਸਥਾਨਕ ਕੱਟੜਪੰਥੀ ਮੁਸਲਿਮ ਸਮੂਹ ਦੇ ਦਬਾਅ ਹੇਠ ਸ਼ਹੀਦ ਭਾਈ ਤਾਰੂ ਸਿੰਘ ਦੀ ਸਮਾਧ ’ਤੇ ਉਨ੍ਹਾਂ ਦੀ ਬਰਸੀ ਨਾ ਮਨਾਉਣ ਲਈ ਵੀ ਮਜਬੂਰ ਕੀਤਾ ਗਿਆ ਹੈ। ਜਿਸ ਤੋਂ ਬਾਅਦ ਮਜਬੂਰੀਵੱਸ ਪਾਕਿਸਤਾਨ ਕਮੇਟੀ ਨੇ ਨੇੜਲੇ ਗੁਰਦੁਆਰਾ ਸ਼ਹੀਦ ਗੰਜ ਵਿਖੇ ਅਖੰਡ ਪਾਠ ਦੇ ਭੋਗ ਪਾਏ ਸਨ। ਇਹ ਸਾਰਾ ਕੁਝ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਸਥਾਨਕ ਭੂ-ਮਾਫੀਆ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਦੀ ਜਾਇਦਾਦ ਹੜੱਪਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਿਸ ਕਾਰਨ ਸਥਾਨਕ ਸਿੱਖ ਅਤੇ ਮੁਸਲਿਮ ਭਾਈਚਾਰਿਆਂ ਵਿੱਚ ਤਣਾਅ ਪੈਦਾ ਹੋ ਗਿਆ ਹੈ। 1950 ਦੇ ਨਹਿਰੂ-ਲਿਆਕਤ ਸਮਝੌਤੇ ਅਨੁਸਾਰ ਦੋਵਾਂ ਸਰਕਾਰਾਂ ਨੇ ਸਬੰਧਤ ਦੇਸ਼ਾਂ ਵਿੱਚ ਰਹਿ ਰਹੇ ਘੱਟਗਿਣਤੀਆਂ ਦੇ ਧਾਰਮਿਕ ਸਥਾਨਾਂ ਅਤੇ ਹੋਰ ਜਾਇਦਾਦਾਂ ਦੀ ਸੁਰੱਖਿਆ ਲਈ ਗੰਭੀਰਤਾ ਨਾਲ ਸਹਿਮਤੀ ਪ੍ਰਗਟਾਈ ਹੋਈ ਹੈ। ਇਸ ਮਕਸਦ ਦੀ ਪੂਰਤੀ ਲਈ ਪਾਕਿਸਤਾਨ ਨੇ ‘ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ’ ਦਾ ਗਠਨ ਕੀਤਾ ਸੀ ਪਰ ਅਜਿਹੀ ਘਟਨਾ ਉਕਤ ਬੋਰਡ ’ਤੇ ਉਂਗਲਾਂ ਚੁੱਕਣ ਦਾ ਕਾਰਨ ਬਣ ਰਹੀ ਹੈ। ਇੱਕ ਪਾਸੇ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਲਈ ਗੁਰਦੁਆਰੇ ਖੋਲ੍ਹਣ ਦਾ ਤੁਹਾਡੀ ਸਰਕਾਰ ਦਾਅਵਾ ਕਰ ਰਹੀ ਹੈ ਪਰ ਇਸ ਘਟਨਾ ਨੇ ਸਿੱਖ ਕੌਮ ’ਚ ਨਵੀਂ ਚਿੰਤਾ ਪੈਦਾ ਕਰ ਦਿੱਤੀ ਹੈ।



# ਭਗਵੰਤ ਮਾਨ ਨੇ ਅਮਿਤ ਸ਼ਾਹ ਨਾਲ ਮੁਲਾਕਾਤ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਵਾਉਣ ਲਈ ਕੀਤੀ ਅਪੀਲ

## ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਵਾਲੇ ਰਾਜ ਦੇ ਦੋ ਮਹੱਤਵਪੂਰਨ ਬਕਾਇਆ ਬਿੱਲਾਂ ਲਈ ਰਾਸ਼ਟਰਪਤੀ ਦੀ ਮਨਜ਼ੂਰੀ ਲੈਣ ਵਾਸਤੇ ਭਾਰਤ ਸਰਕਾਰ ਦੇ ਦਖ਼ਲ ਦੀ ਮੰਗ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖ਼ਾਲਸਾ :- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਲੰਘੇ ਸ਼ੁੱਕਰਵਾਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਅਤੇ ਬੇਅਦਬੀ ਦੇ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਵਾਲੇ ਰਾਜ ਦੇ ਦੋ ਮਹੱਤਵਪੂਰਨ ਬਕਾਇਆ ਬਿੱਲਾਂ ਲਈ ਰਾਸ਼ਟਰਪਤੀ ਦੀ ਮਨਜ਼ੂਰੀ ਲੈਣ ਵਾਸਤੇ ਭਾਰਤ ਸਰਕਾਰ ਦੇ ਦਖ਼ਲ ਦੀ ਮੰਗ ਕੀਤੀ।



ਇੱਥੇ ਅਮਿਤ ਸ਼ਾਹ ਨਾਲ ਉਨ੍ਹਾਂ ਦੇ ਦਫ਼ਤਰ ਵਿੱਚ ਮੁਲਾਕਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਸੂਬੇ ਵਿੱਚ ਇਕ ਵੱਡੀ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਇਸ ਸੰਦਰਭ ਵਿੱਚ ਇਹ ਮਹਿਸੂਸ ਕੀਤਾ ਗਿਆ ਹੈ ਕਿ ਭਾਰਤੀ ਦੰਡ ਵਿਧਾਨ ਦੀਆਂ ਧਾਰਾਵਾਂ 295 ਅਤੇ 295-ਏ ਦੀਆਂ ਮੌਜੂਦਾ ਵਿਵਸਥਾਵਾਂ ਅਨੁਸਾਰ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਲਈ ਸਜ਼ਾ ਦੀ ਮਿਆਦ ਨਾਕਾਫ਼ੀ ਹੈ। ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਦੱਸਿਆ ਕਿ ਪੰਜਾਬ ਵਿਧਾਨ ਸਭਾ ਨੇ 'ਇੰਡੀਅਨ ਪੀਨਲ ਕੋਡ (ਪੰਜਾਬ ਸੋਧ) ਬਿੱਲ, 2018' ਅਤੇ 'ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ (ਪੰਜਾਬ ਸੋਧ) ਬਿੱਲ 2018' ਪਾਸ ਕਰ ਦਿੱਤਾ ਹੈ, ਜਿਸ ਵਿੱਚ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀਮਦ ਭਾਗਵਤ ਗੀਤਾ, ਪਵਿੱਤਰ ਕੁਰਾਨ ਅਤੇ ਪਵਿੱਤਰ ਬਾਈਬਲ ਦੀ ਬੇਅਦਬੀ ਜਾਂ ਨੁਕਸਾਨ ਪਹੁੰਚਾਉਣ ਉੱਤੇ ਉਮਰ ਕੈਦ ਤੱਕ ਦੀ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸੋਧ ਸਾਡੇ ਸੰਵਿਧਾਨ ਵਿੱਚ ਦਰਜ ਧਰਮ ਨਿਰਪੱਖਤਾ ਦੇ ਸਿਧਾਂਤਾਂ ਦੇ ਅਨੁਸਾਰ ਹੈ। ਉਨ੍ਹਾਂ ਕਿਹਾ ਕਿ ਇਹ ਬਿੱਲ ਅਕਤੂਬਰ, 2018 ਤੋਂ ਭਾਰਤ ਦੇ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਲੰਬਿਤ ਪਏ ਹਨ। ਪੰਜਾਬ ਸਰਹੱਦੀ ਸੂਬਾ ਹੋਣ ਕਾਰਨ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਇਹ ਬਿੱਲ ਜ਼ਰੂਰੀ ਹੋਣ ਉੱਤੇ ਜ਼ੋਰ ਦਿੰਦੇ ਹੋਏ ਭਗਵੰਤ ਮਾਨ ਨੇ ਕੇਂਦਰ ਸਰਕਾਰ ਦੇ ਦਖ਼ਲ ਦੀ ਮੰਗ ਕੀਤੀ ਕਿਉਂਕਿ ਰਾਜ ਵਿੱਚ ਫਿਰਕੂ ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਅਪਰਾਧੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਇਨ੍ਹਾਂ ਬਿੱਲਾਂ ਲਈ ਰਾਸ਼ਟਰਪਤੀ ਦੀ ਛੇਤੀ ਮਨਜ਼ੂਰੀ ਦੀ ਲੋੜ ਹੈ।

ਇਕ ਹੋਰ ਅਹਿਮ ਮੁੱਦਾ ਚੁੱਕਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅੰਤਰਰਾਸ਼ਟਰੀ ਨਿਯਮਾਂ ਅਨੁਸਾਰ ਸਰਹੱਦ ਉੱਤੇ ਜ਼ੀਰੋ ਲਾਈਨ ਤੋਂ 150 ਮੀਟਰ ਤੱਕ ਉਸਾਰੀ ਕੀਤੀ ਜਾ ਸਕਦੀ ਹੈ ਪਰ ਪੰਜਾਬ ਵਿੱਚ ਕੁਝ ਥਾਵਾਂ 'ਤੇ ਕੰਡਿਆਲੀ ਤਾਰ ਜ਼ੀਰੋ ਲਾਈਨ ਤੋਂ ਕਾਫ਼ੀ ਦੂਰੀ 'ਤੇ ਭਾਰਤ ਵਾਲੇ ਪਾਸੇ ਹੈ। ਉਨ੍ਹਾਂ ਇੱਕ ਮਿਸਾਲ ਦਿੰਦਿਆਂ ਦੱਸਿਆ ਕਿ ਗੁਰਦਾਸਪੁਰ ਸੈਕਟਰ ਅਧੀਨ ਪੈਂਦੇ ਏ.ਓ.ਆਰ. 121 ਬਟਾਲੀਅਨ ਬੀ.ਐਸ.ਐਫ. ਮਾਧੋਪੁਰ ਵਿੱਚ ਬਾਰਡਰ ਪਿੱਲਰ ਨੰਬਰ 2/ਐਮ ਤੋਂ ਬਾਰਡਰ ਪਿੱਲਰ ਨੰਬਰ 10/12 ਤੱਕ ਦੇ ਖੇਤਰ ਵਿੱਚ ਕੰਡਿਆਲੀ ਤਾਰ ਅੰਤਰਰਾਸ਼ਟਰੀ ਸਰਹੱਦ ਤੋਂ ਕਰੀਬ ਚਾਰ ਕਿਲੋਮੀਟਰ ਦੂਰ ਹੈ। ਭਗਵੰਤ ਮਾਨ ਨੇ ਕਿਹਾ ਕਿ ਕਿਉਂਕਿ ਖੇਤੀ ਵਾਲੀ ਜ਼ਮੀਨ ਦਾ ਵੱਡਾ ਹਿੱਸਾ ਅੰਤਰਰਾਸ਼ਟਰੀ ਸਰਹੱਦ ਅਤੇ ਮੌਜੂਦਾ ਵਾੜ ਦੇ ਵਿਚਕਾਰ ਆਉਂਦਾ ਹੈ, ਇਸ ਲਈ ਬਹੁਤ ਸਾਰੇ ਕਿਸਾਨਾਂ ਨੂੰ ਇਸ ਜ਼ਮੀਨ 'ਤੇ ਖੇਤੀ ਕਰਨ ਲਈ ਕੰਡਿਆਲੀ ਤਾਰ ਤੋਂ ਪਾਰ ਜਾਣਾ ਪੈਂਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਰੋਜ਼ਾਨਾ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਸੀਮਾ ਸੁਰੱਖਿਆ ਬਲ ਦੇ ਕੰਮ ਦਾ ਬੋਝ ਵੀ ਵਧਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਨ੍ਹਾਂ ਕਿਸਾਨਾਂ ਨੂੰ ਵੀ ਕਾਫ਼ੀ ਮੁਆਵਜ਼ਾ ਦੇਣਾ ਪੈਂਦਾ ਹੈ। ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਕੌਮੀ ਸੁਰੱਖਿਆ ਨਾਲ ਸਮਝੌਤਾ ਕੀਤੇ ਬਿਨਾਂ ਕਿਸਾਨਾਂ ਦੇ ਵਡੇਰੇ ਹਿੱਤ ਵਿੱਚ ਜਿੱਥੇ ਵੀ ਸੰਭਵ ਹੋਵੇ ਕੰਡਿਆਲੀ ਤਾਰ ਨੂੰ ਅੰਤਰਰਾਸ਼ਟਰੀ ਸਰਹੱਦ ਉੱਤੇ ਵੱਧ ਤੋਂ ਵੱਧ ਜ਼ੀਰੋ ਲਾਇਨ ਵੱਲ ਤਬਦੀਲ ਕਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ।

ਮੁੱਖ ਮੰਤਰੀ ਨੇ ਅਮਿਤ ਸ਼ਾਹ ਨੂੰ ਨਵੀਆਂ ਚੁਣੌਤੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰਨ ਲਈ ਸੂਬਾਈ ਪੁਲਿਸ ਬਲ ਦੇ ਆਧੁਨਿਕੀਕਰਨ ਨੂੰ ਯਕੀਨੀ ਬਣਾਉਣ ਲਈ ਖੁੱਲ੍ਹਦਿਲੀਂ ਨਾਲ ਫੰਡ ਮੁਹੱਈਆ ਕਰਵਾਉਣ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਰਹੱਦ ਪਾਰੋਂ ਹੋ ਰਹੀ ਘੁਸਪੈਠ ਅਤੇ ਡਰੋਨ ਹਮਲਿਆਂ ਨੂੰ ਰੋਕਣ ਲਈ ਰਾਜ ਬਲ ਨੂੰ ਅਤਿ ਆਧੁਨਿਕ ਯੰਤਰ ਅਤੇ ਹਥਿਆਰ ਮੁਹੱਈਆ ਕਰਵਾਉਣਾ ਸਮੇਂ ਦੀ ਮੁੱਖ ਲੋੜ ਹੈ। ਭਗਵੰਤ ਮਾਨ ਨੇ ਕਿਹਾ ਕਿ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਨੂੰ ਕਾਇਮ ਰੱਖਣ ਲਈ ਇਹ ਸਭ ਤੋਂ ਜ਼ਿਆਦਾ ਜ਼ਰੂਰੀ ਹੈ।

# ਗੁਰਦੁਆਰਾ ਸਾਹਿਬ ਵਿਚ ਭੰਨ ਤੋੜ ਤੇ ਕੁਰਸੀਆਂ ਨੂੰ ਅੱਗ ਲਗਾਉਣ ਦਾ ਮਾਮਲਾ ਭਖਿਆ

- ➢ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖ਼ਾਲਸਾ ਵਹੀਰ ਦੇ ਨੌਜਵਾਨਾਂ ਖ਼ਿਲਾਫ ਕਾਰਵਾਈ ਲਈ ਪੁਲਿਸ ਨੂੰ ਸੌਂਪੀ ਸ਼ਿਕਾਇਤ
- ➢ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕੁਰਸੀਆਂ-ਬੈਂਚ ਰੱਖਣਾ ਗੁਰੂ ਸਾਹਿਬ ਦਾ ਅਪਮਾਨ : ਭਾਈ ਅੰਮ੍ਰਿਤਪਾਲ ਸਿੰਘ





ਜਲੰਧਰ/ਏ.ਟੀ.ਨਿਊਜ਼ :- 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀ ਅਗਵਾਈ ਹੇਠ ਜਲੰਧਰ ਪੁੱਜੀ ਖਾਲਸਾ ਵਹੀਰ ਵਲੋਂ ਬੀਤੇ ਦਿਨੀਂ ਸਥਾਨਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਚੱਲਦੇ ਦੀਵਾਨ ਦੌਰਾਨ ਦਰਬਾਰ ਹਾਲ ਵਿਚ ਬਜ਼ੁਰਗਾਂ ਤੇ ਬਿਮਾਰਾਂ ਦੇ ਬੈਠਣ ਲਈ ਨੀਵੇਂ ਥਾਂ ਲਗਾਈਆਂ ਕੁਰਸੀਆਂ ਤੇ ਬੈਂਚਾਂ ਦੀ ਭੰਨ ਤੋੜ ਕਰਕੇ ਅੱਗ ਲਗਾ ਦੇਣ ਦਾ ਮਾਮਲਾ ਭਖ ਗਿਆ ਹੈ। ਇਸ ਘਟਨਾ ਨੇ ਜਿੱਥੇ ਦਰਬਾਰ ਹਾਲ ਵਿਚ ਕੁਰਸੀਆਂ ਲਗਾਏ ਜਾਣ ਨੂੰ ਲੈ ਕੇ ਨਵਾਂ ਵਿਵਾਦ ਪੈਦਾ ਕਰ ਦਿੱਤਾ ਹੈ, ਉੱਥੇ ਖਾਲਸਾ ਵਹੀਰ ਦੇ ਨੌਜਵਾਨਾਂ ਵਲੋਂ ਇਸ ਤਰ੍ਹਾਂ ਸ਼ਰੇਆਮ ਗੁਰਦੁਆਰਿਆਂ ਅੰਦਰ ਹਥਿਆਰਬੰਦ ਹੋ ਕੇ ਦਾਖਲ ਹੋਣਾ, ਚੱਲਦੇ ਧਾਰਮਿਕ ਪ੍ਰੋਗਰਾਮਾਂ ਵਿਚ ਵਿਘਾਨ ਪਾਉਣਾ, ਧਾਰਮਿਕ ਮਰਿਆਦਾ ਨੂੰ ਭੰਗ ਕਰਨਾ ਅਤੇ ਭੰਨ ਤੋੜ ਕਰਕੇ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਲੈ ਕੇ ਵੀ ਸੰਗਤਾਂ ਅੰਦਰ ਚਿੰਤਾ ਵਧ ਗਈ ਹੈ। ਇਸ ਦੌਰਾਨ ਨੌਜਵਾਨਾਂ ਵਲੋਂ ਧੱਕੇ ਨਾਲ ਗੁਰੂ ਘਰਾਂ ਅੰਦਰ ਪਈਆਂ ਕੁਰਸੀਆਂ ਤੇ ਬੈਂਚਾਂ ਨੂੰ ਸਾੜਨਾ ਕਿੰਨਾ ਕੁ ਸਹੀ ਹੈ, ਇਸ ਗੱਲ ਨੂੰ ਲੈ ਕੇ ਵੀ ਸਿੱਖ ਅਤੇ ਪੰਥਕ ਹਲਕਿਆਂ ਵਿਚ ਨਵੀਂ ਚਰਚਾ ਛਿੜ ਗਈ ਹੈ ਤੇ ਆਉਣ ਵਾਲੇ ਸਮੇਂ 'ਚ ਜੇਕਰ ਇਸ ਮਸਲੇ ਦਾ ਕੋਈ ਸਾਰਥਿਕ ਹੱਲ ਨਾ ਕੱਢਿਆ ਗਿਆ ਤਾਂ ਖਾਲਸਾ ਵਹੀਰ ਦੇ ਨੌਜਵਾਨਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਿਚਕਾਰ ਟਕਰਾਅ ਵਧਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਦੱਸਣਯੋਗ ਹੈ ਕਿ ਦੇਸ਼-ਵਿਦੇਸ਼ ਦੇ ਜ਼ਿਆਦਾਤਰ ਗੁਰਦੁਆਰਿਆਂ ਅੰਦਰ ਬਜ਼ੁਰਗਾਂ ਅਤੇ ਬਿਮਾਰਾਂ ਦੇ ਬੈਠਣ ਲਈ ਅਜਿਹੀਆਂ ਕੁਰਸੀਆਂ ਤੇ ਬੈਂਚ ਨੀਵੇਂ ਸਥਾਨ 'ਤੇ ਲੱਗੇ ਹੋਏ ਹਨ ਪਰ ਹੁਣ ਬਿਨਾਂ ਕਿਸੇ ਤਰਕ ਵਿਚਾਰ ਦੇ ਖਾਲਸਾ ਵਹੀਰ ਵਲੋਂ ਇਕਤਰਫਾ ਕਾਰਵਾਈ ਅਮਲ ਵਿਚ ਲਿਆਉਣ ਨਾਲ ਧਾਰਮਿਕ ਤੌਰ 'ਤੇ ਟਕਰਾਅ ਵਾਲੇ ਹਾਲਾਤ ਬਣ ਸਕਦੇ ਹਨ। ਉੱਧਰ ਜਲੰਧਰ 'ਚ ਵਾਪਰੀ ਇਸ ਘਟਨਾ ਦੇ ਮਾਮਲੇ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੋਸ਼ੀਆਂ ਖ਼ਿਲਾਫ ਕਾਰਵਾਈ ਦੀ ਮੰਗ ਨੂੰ ਲੈ ਕੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ ਪਰ ਸੰਗਤ ਅੰਦਰ ਇਸ ਘਟਨਾ ਨੂੰ ਲੈ ਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਘਟਨਾ ਦੇ ਵਿਰੋਧ ਵਿਚ ਗੁਰਦੁਆਰਾ ਸਾਹਿਬ ਵਿਚ ਇਕੱਤਰ ਸੰਗਤ ਨੇ ਦਰਬਾਰ ਹਾਲ 'ਚ ਨੀਵੇਂ ਅਸਥਾਨ 'ਤੇ ਮੁੜ ਕੁਰਸੀਆਂ ਲਗਾਏ ਜਾਣ ਦੀ ਮੰਗ ਕੀਤੀ ਹੈ । ਇਸ ਮੌਕੇ ਕੁਝ ਸਿੱਖਾਂ ਨੇ ਸਮੂਹ ਪ੍ਰਬੰਧਕ ਕਮੇਟੀ ਨਾਲ ਇਕਜੁੱਟਤਾ ਪ੍ਰਗਟ ਕਰਦੇ ਹੋਏ ਪੱਖ ਵੀ ਪੇਸ਼ ਕੀਤਾ ਕਿ ਦਰਬਾਰ ਸਾਹਿਬ ਦੇ ਅੰਦਰ ਨੀਂਵੇਂ ਥਾਂ 'ਤੇ ਕੁਰਸੀਆਂ ਲਗਾਉਣ ਨਾਲ ਕਿਸੇ ਵੀ ਤਰ੍ਹਾਂ ਮਰਿਆਦਾ ਭੰਗ ਨਹੀਂ ਹੁੰਦੀ ਤੇ ਕੁਰਸੀਆਂ ਨੀਂਵੇਂ ਸਥਾਨ 'ਤੇ ਹੋਣ ਨਾਲ ਗੁਰੂ ਸਾਹਿਬ ਦਾ ਸਤਿਕਾਰ ਉਸੇ ਤਰ੍ਹਾਂ ਬਹਾਲ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਅੱਜ ਜ਼ਿਆਦਾਤਰ ਲੋਕਾਂ ਨੂੰ ਗੋਡਿਆਂ ਸਬੰਧੀ ਕਈ ਤਰ੍ਹਾਂ ਦੀਆਂ ਗੰਭੀਰ ਬਿਮਾਰੀਆਂ ਹਨ ਤੇ ਉਹ ਜ਼ਮੀਨ 'ਤੇ ਨਹੀਂ ਬੈਠ ਸਕਦੇ। ਇਸੇ ਤਰ੍ਹਾਂ ਹੋਰਨਾਂ ਬਿਮਾਰਾਂ ਤੇ ਬਜ਼ੁਰਗਾਂ ਲਈ ਵੀ ਜ਼ਮੀਨ 'ਤੇ ਬੈਠਣ ਸਕਣਾ ਬੇਹੱਦ ਮੁਸ਼ਕਿਲ ਹੁੰਦਾ ਹੈ । ਕੁਝ ਸਿੱਖਾਂ ਨੇ ਇਕ ਪੱਤਰ ਲਿਖ ਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਅਜੀਤ ਸਿੰਘ ਸੇਠੀ ਤੇ ਹੋਰਨਾਂ ਪ੍ਰਬੰਧਕ ਕਮੇਟੀ ਮੈਂਬਰਾਂ ਨੂੰ ਦਰਬਾਰ ਹਾਲ 'ਚ ਮੁੜ ਨੀਵੀਂ ਥਾਂ ਕੁਰਸੀਆਂ ਲਗਾਉਣ ਦੀ ਮੰਗ ਕੀਤੀ ਹੈ । ਇਸ ਸਬੰਧੀ ' ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਜੀਤ ਸਿੰਘ ਸੇਠੀ ਨੇ ਕਿਹਾ ਕਿ ਉਨ੍ਹਾਂ ਵਲੋਂ ਬੀਤੇ ਦਿਨੀਂ ਵਾਪਰੀ ਇਸ ਘਟਨਾ ਦੀ ਸ਼ਿਕਾਇਤ ਪੁਲਿਸ ਥਾਣਾ ਡਵੀਜ਼ਨ ਨੰਬਰ-6 'ਚ ਕਰ ਦਿੱਤੀ ਗਈ ਹੈ ਤੇ ਜੇਕਰ ਪੁਲਿਸ ਵਲੋਂ ਦੋਸ਼ੀਆਂ ਖ਼ਿਲਾਫ ਕਾਰਵਾਈ ਨਾ ਕੀਤੀ ਗਈ ਤਾਂ ਉਹ ਜਲਦ ਹੀ ਸ਼ਹਿਰ ਦੇ ਹੋਰਨਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਨਾਲ ਲੈ ਕੇ ਪੁਲਿਸ ਕਮਿਸ਼ਨਰ ਨੂੰ ਵੀ ਮਿਲਣਗੇ। ਦਰਬਾਰ ਹਾਲ 'ਚ ਦੁਬਾਰਾ ਕੁਰਸੀਆਂ ਤੇ ਬੈਂਚ ਲਗਾਏ ਜਾਣ ਸਬੰਧੀ ਉਨ੍ਹਾਂ ਕਿਹਾ ਕਿ ਦਰਬਾਰ ਹਾਲ 'ਚ ਨੀਵੇਂ ਸਥਾਨ 'ਤੇ ਕੁਰਸੀਆਂ ਤੇ ਬੈਂਚ ਲਗਾਉਣ 'ਚ ਕੋਈ ਹਰਜ਼ ਨਹੀਂ ਹੈ ਪਰ ਫਿਰ ਵੀ ਇਸ ਮਾਮਲੇ ਵਿਚ ਆਉਣ ਵਾਲੇ ਦਿਨਾਂ 'ਚ ਸੰਗਤ ਜੋ ਵੀ ਫੈਸਲਾ ਕਰੇਗੀ, ਉਸ ਅਨੁਸਾਰ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਦੂਜੇ ਪਾਸੇ ਵਾਰਿਸ ਪੰਜਾਬ ਜਥੇਬੰਦੀ ਮੁਖੀ ਅੰਮ੍ਰਿਤਪਾਲ ਸਿੰਘ ਨੇ ਕਿਹਾ ਸੀ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕੁਰਸੀਆਂ-ਬੈਂਚ ਰੱਖਣਾ ਗੁਰੂ ਸਾਹਿਬ ਦਾ ਅਪਮਾਨ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਵਿੱਚ ਨਹੀਂ ਹੋਣਾ ਚਾਹੀਦਾ ਹੈ।

ਉਨ੍ਹਾਂ ਨੇ ਕਿਹਾ ਸੀ, 'ਜੇ ਗੁਰੂ ਸਾਹਿਬ ਦਾ ਤਖ਼ਤ ਲੱਗਿਆ ਹੈ ਸਿੱਖਾਂ ਨੂੰ ਜ਼ਮੀਨ ਉੱਤੇ ਬੈਠਣਾ ਚਾਹੀਦਾ ਹੈ ਤੇ ਜੇ ਗੁਰੂ ਸਾਹਿਬ ਦਾ ਤਖ਼ਤ ਜ਼ਮੀਨ 'ਤੇ ਲੱਗਾ ਹੈ ਤਾਂ ਸੰਗਤ ਨੂੰ ਟੋਇਆ ਪੁੱਟ ਕੇ ਨੀਵਾਂ ਹੋ ਬੈਠ ਜਾਣਾ ਚਾਹੀਦਾ ਹੈ।ਜੇ ਗੁਰੂ ਸਾਹਿਬ ਹਜ਼ੂਰੀ ਵਿੱਚ ਦੂਜਾ ਤਖ਼ਤ ਲੱਗ ਜਾਵੇ ਤਾਂ ਉਹ ਬਹੁਤ ਵੱਡਾ ਗੁਨਾਹ ਹੈ ਤੇ ਇਸ ਗੁਨਾਹ ਨੂੰ ਸ਼ਬਦੀ ਰੂਪ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਕਿਹਾ, 'ਚਰਚ ਦੀ ਤਰਜ ਗੁਰੂ ਸਾਹਿਬ ਵਿੱਚ ਇੱਕ-ਇੱਕ, ਦੋ-ਦੋ ਕੁਰਸੀਆਂ ਆਈਆਂ ਤੇ ਫਿਰ ਵਧਦੀਆਂ ਗਈਆਂ। ਕਈ ਗੁਰੂਘਰ ਅਜਿਹੇ ਹਨ ਜਿੱਥੇ 10-10, 20-20 ਕੁਰਸੀਆਂ ਪਈਆਂ ਹਨ।'

# ਰੂਸ ਨੇ ਅਮਰੀਕੀ ਖਿਡਾਰਨ ਬ੍ਰਿਟਨੀ ਨੂੰ ਕੀਤਾ ਰਿਹਾਅ, ਬਦਲੇ ਵਿੱਚ ਅਮਰੀਕਾ ਨੇ ਹਥਿਆਰਾਂ ਦੇ ਵਪਾਰੀ ਵਿਕਟਰ ਨੂੰ ਜੇਲ੍ਹ ਤੋਂ ਛੱਡਿਆ

* ਮਿਡਲ ਈਸਟ ਵਿੱਚ ਵਿਕਟਰ ਤਾਲਿਬਾਨ ਅਤੇ ਅਲ-ਕਾਇਦਾ ਨੂੰ ਹਥਿਆਰ ਸਪਲਾਈ ਕਰਦਾ ਸੀ
* ਭੰਗ ਦੇ ਪੌਦੇ ਦਾ ਤੇਲ ਮਿਲਣ ਕਾਰਣ ਰੂਸ ਵਿਚ ਗ੍ਰਿਫ਼ਤਾਰ ਹੋਈ ਸੀ ਬ੍ਰਿਟਨੀ
* ਜਸੂਸੀ ਦੇ ਇਲਜ਼ਾਮਾਂ ਹੇਠ ਗ੍ਰਿਫ਼ਤਾਰ ਪੌਲ ਨੂੰ ਰਿਹਾਅ ਨਾ ਕਰਵਾ ਸਕਿਆ ਅਮਰੀਕਾ
* ਯੂ.ਏ.ਈ. ਦੀ ਰਾਜਧਾਨੀ ਅਬੂ ਧਾਬੀ ਵਿੱਚ ਹੋਈ ਕੈਦੀਆਂ ਦੀ ਅਦਲਾ-ਬਦਲੀ



ਵਾਸ਼ਿੰਗਟਨ : ਅਮਰੀਕਾ ਦੀ ਬਾਸਕਟਬਾਲ ਸਟਾਰ ਬ੍ਰਿਟਨੀ ਗ੍ਰਿਨਰ ਨੂੰ ਰੂਸ ਨੇ ਰਿਹਾਅ ਕਰ ਦਿੱਤਾ ਹੈ। ਬਦਲੇ ਵਿੱਚ 12 ਸਾਲ ਤੋਂ ਜੇਲ੍ਹ ਵਿੱਚ ਬੰਦ ਮੌਤ ਦੇ ਸੌਦਾਗਰ ਵੱਜੋ ਜਾਣੇ ਜਾਂਦੇ ਹਥਿਆਰਾਂ ਦੇ ਬਦਨਾਮ ਡੀਲਰ ਵਿਕਟਰ ਬਾਊਟ ਨੂੰ ਅਮਰੀਕਾ ਨੇ ਰਿਹਾਅ ਕਰ ਦਿੱਤਾ ਹੈ। 2008 ਵਿੱਚ ਅਮਰੀਕਾ ਦੀ ਖ਼ੁਫ਼ੀਆ ਕਾਰਵਾਈ ਦੌਰਾਨ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਤੋਂ ਵਿਕਟਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਦੋ ਸਾਲ ਬਾਅਦ ਵਿਕਟਰ ਨੂੰ ਅਮਰੀਕਾ ਲਿਆਂਦਾ ਗਿਆ। ਸਾਲ 2010 ਵਿੱਚ ਉਨ੍ਹਾਂ ਨੂੰ ਅੱਤਵਾਦੀਆਂ ਦੀ ਮਦਦ ਕਰਨ ਤੇ ਅਮਰੀਕੀਆਂ ਨੂੰ ਮਾਰਨ ਦੀ ਸਾਜ਼ਿਸ਼ ਦੇ ਇਲਜ਼ਾਮਾਂ ਦਾ ਸਾਹਮਣਾ ਕਰਦਿਆਂ 12 ਸਾਲ ਤੱਕ ਅਮਰੀਕਾ ਦੀ ਜੇਲ੍ਹ ਵਿੱਚ ਬੰਦ ਕੀਤਾ। ਵਿਕਟਰ ਦਾ ਦਾਅਵਾ ਸੀ ਕਿ ਉਸ ਨੂੰ ਗ਼ਲਤ ਢੰਗ ਨਾਲ ਸਾਊਥ ਅਮਰੀਕੀ ਬਾਗ਼ੀਆਂ ਨੂੰ ਹਥਿਆਰ ਪਹੁੰਚਾਉਣ ਦਾ ਦੋਸ਼ੀ ਠਹਿਰਾਇਆ ਗਿਆ ਸੀ।

ਨਿਊਯਾਰਕ ਦੀ ਅਦਾਲਤ ਨੇ ਉਸ ਦੀਆਂ ਦਲੀਲਾਂ ਨਹੀਂ ਮੰਨੀਆਂ। ਉਸ ਨੂੰ ਅਮਰੀਕੀ ਨਾਗਰਿਕਾਂ ਤੇ ਅਧਿਕਾਰੀਆਂ ਨੂੰ ਮਾਰਨ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਅਤੇ ਇੱਕ ਅੱਤਵਾਦੀ ਸੰਗਠਨ ਨੂੰ ਐਂਟੀ-ਏਅਰਕਰਾਫਟ ਮਿਜ਼ਾਇਲਾਂ ਮੁਹੱਈਆ ਕਰਵਾਉਣ ਦਾ ਦੋਸ਼ੀ ਮੰਨਦਿਆਂ ਅਪ੍ਰੈਲ 2012 ਵਿੱਚ 25 ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਅਦਾਲਤ ਅਨੁਸਾਰ ਹਥਿਆਰ ਕੋਲੰਬੀਅਨ ਅਧਿਕਾਰੀਆਂ ਨਾਲ ਕੰਮ ਕਰ ਰਹੇ ਅਮਰੀਕੀ ਅਧਿਕਾਰੀਆਂ ਨੂੰ ਮਾਰਨ ਲਈ ਵਰਤੇ ਜਾਣੇ ਸਨ। ਅਮਰੀਕਾ ਇਸ ਸਮੇਂ ਰੂਸ ਦੀ ਜੇਲ੍ਹ ਵਿੱਚ ਬੰਦ ਇੱਕ ਅਮਰੀਕੀ ਨਾਗਰਿਕ ਪੌਲ ਵੈਲਾਨ ਨੂੰ ਰਿਹਾਅ ਕਰਵਾਉਣ ਵਿੱਚ ਅਸਫਲ ਰਿਹਾ। ਪੌਲ ਵੈਲਾਨ ਨੂੰ 2018 ਵਿੱਚ ਜਾਸੂਸੀ ਦੇ ਇਲਜ਼ਾਮਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ। ਰਾਸ਼ਟਰਪਤੀ ਜੋ ਬਾਇਡਨ ਨੇ ਕਿਹਾ ਕਿ ਬ੍ਰਿਟਨੀ ਦੀ ਸੁਰੱਖਿਅਤ ਰਿਹਾਈ ਹੋ ਚੁੱਕੀ ਹੈ।

ਇੱਥੇ ਜ਼ਿਕਰਯੋਗ ਹੈ ਕਿ ਰੂਸ ਵੱਲੋਂ ਬ੍ਰਿਟਨੀ ਗ੍ਰਾਈਨਾ ਨੂੰ ਅਤੇ ਅਮਰੀਕਾ ਵੱਲੋਂ ਵਿਕਟਰ ਬਾਊਟ ਨੂੰ ਨਿੱਜੀ ਜਹਾਜ਼ਾਂ ਜ਼ਰੀਏ ਆਬੂ ਧਾਬੀ ਹਵਾਈ ਅੱਡੇ ਤੇ ਲਿਆਂਦਾ ਗਿਆ। ਦੱਸਿਆ ਗਿਆ ਹੈ ਕਿ ਕੈਦੀਆਂ ਦੀ ਅਦਲਾ-ਬਦਲੀ ਯੂ.ਏ.ਈ. ਦੀ ਰਾਜਧਾਨੀ ਅਬੂ ਧਾਬੀ ਵਿੱਚ ਹੋਈ। ਅਮਰੀਕੀ ਬਾਸਕਟਬਾਲ ਸਟਾਰ ਬ੍ਰਿਟਨੀ ਅਤੇ ਰੂਸੀ ਹਥਿਆਰ ਡੀਲਰ ਵਿਕਟਰ ਬਾਊਟ ਦੀ ਰਿਹਾਈ ਯੂ.ਏ.ਈ. ਦੇ ਰਾਸ਼ਟਰਪਤੀ ਮੁਹੰਮਦ ਬਿਨ ਜ਼ਾਇਦ ਅਲ ਨਾਹਯਾਨ ਅਤੇ ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੇ ਯਤਨਾਂ ਨਾਲ ਹੋਈ ਸੀ। ਦੋਵਾਂ ਨੇਤਾਵਾਂ ਦੇ ਅਮਰੀਕਾ ਅਤੇ ਰੂਸ ਦੇ ਵੱਡੇ ਨੇਤਾਵਾਂ ਨਾਲ ਚੰਗੇ ਸਬੰਧ ਹਨ। ਰਿਹਾਈ ਤੋਂ ਬਾਅਦ ਬਾਊਟ ਵੀ ਜਹਾਜ਼ ਰਾਹੀਂ ਆਪਣੇ ਘਰ ਲਈ ਰਵਾਨਾ ਹੋ ਗਿਆ। ਹੁਣ ਇਹ ਰਿਹਾਈਆਂ ਯੂਕਰੇਨ ਯੁੱਧ ਦੌਰਾਨ ਹੋਈਆਂ, ਜਦੋਂ ਕਿ ਅਮਰੀਕਾ ਅਤੇ ਰੂਸ ਅਸਿੱਧੇ ਤੌਰ ਤੇ ਇਕ ਦੂਜੇ ਨਾਲ ਲੜ ਰਹੇ ਹਨ। ਕੈਦੀਆਂ ਦੀ ਇਸ ਅਦਲਾ-ਬਦਲੀ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਦੋਵਾਂ ਮਹਾਂਸ਼ਕਤੀਆਂ ਦਰਮਿਆਨ ਪਰਦੇ ਪਿੱਛੇ ਗੱਲਬਾਤ ਚੱਲ ਰਹੀ ਹੈ। ਇਹ ਸਥਿਤੀ ਵਿਸ਼ਵ ਸ਼ਾਂਤੀ ਲਈ ਚੰਗੀ ਹੈ।

## ਕੌਣ ਏ ਵਿਕਟਰ



ਵਿਕਟਰ ਬਾਊਟ ਦਾ ਜਨਮ ਸੋਵੀਅਤ ਰਾਜ ਅਧੀਨ ਪੈਂਦੇ ਤਜ਼ਾਕਿਸਤਾਨ ਵਿੱਚ ਹੋਇਆ ਸੀ। ਸੋਵੀਅਤ ਰੂਸ ਦੇ ਟੁੱਟਣ ਤੋਂ ਬਾਅਦ 1990 ਵਿੱਚ ਵਿਕਟਰ ਨੇ ਹਵਾਈ ਆਵਾਜਾਈ ਵਿੱਚ ਆਪਣਾ ਕਰੀਅਰ ਸ਼ੁਰੂ ਕੀਤਾ ਸੀ। ਸਾਲ 2005 ਵਿੱਚ ਵਿਕਟਰ ਦੀ ਜ਼ਿੰਦਗੀ ਤੋਂ ਪ੍ਰੇਰਿਤ ਹਾਲੀਵੁੱਡ ਫ਼ਿਲਮ ਲੌਰਡ ਆਫ਼ ਵਾਰ ਵੀ ਬਣੀ ਸੀ। ਸੁਰੱਖਿਆ ਮਾਹਿਰ ਡਾਊਗਲਜ਼ ਫਾਰਾਹ ਅਤੇ ਸਟੀਫਨ ਬਰੌਨ ਨੇ 2007 ਵਿੱਚ ਉਸ ਬਾਰੇ ਮਰਚੈਂਟ ਆਫ਼ ਡੈੱਥ ਨਾਂ ਦੀ ਕਿਤਾਬ ਲਿਖੀ। ਇਸ ਵਿੱਚ ਲਿਖਿਆ ਗਿਆ ਕਿ ਵਿਕਟਰ ਬਾਊਟ ਨੇ 1990 ਵਿੱਚ ਮਿਲਟਰੀ ਜਹਾਜ਼ਾਂ ਨੂੰ ਵਰਤ ਕੇ ਆਪਣਾ ਕਾਰੋਬਾਰ ਸ਼ੁਰੂ ਕੀਤਾ ਸੀ। ਅਫ਼ਰੀਕਾ ਦੇ ਜੰਗੀ ਖੇਤਰਾਂ ਵਿੱਚ ਮੋਹਰੀ ਕੰਪਨੀਆਂ ਜ਼ਰੀਏ ਬਾਊਟ ਨੇ ਹਥਿਆਰ ਸਪਲਾਈ ਕਰਨੇ ਸ਼ੁਰੂ ਕੀਤੇ ਸਨ। ਸੰਯੁਕਤ ਰਾਸ਼ਟਰ ਨੇ ਵਿਕਟਰ ਬਾਊਟ ਨੂੰ ਅਫ਼ਰੀਕੀ ਮੁਲਕ ਲਾਈਬੇਰੀਆ ਦੇ ਰਾਸ਼ਟਰਪਤੀ ਚਾਰਲਜ਼ ਟੇਲਰ ਦਾ ਸਾਥੀ ਦੱਸਿਆ। ਟੇਲਰ ਨੂੰ ਵੀ 2012 ਵਿੱਚ, ਸੀਏਰਾ ਲਿਓਨ ਸਿਵਲ ਜੰਗ ਦੌਰਾਨ ਜੰਗੀ ਜੁਰਮ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਸੰਯੁਕਤ ਰਾਸ਼ਟਰ ਦੇ ਦਸਤਾਵੇਜ਼ਾਂ ਮੁਤਾਬਕ ਵਿਕਟਰ ਇੱਕ ਕਾਰੋਬਾਰੀ ਹੈ, ਹਥਿਆਰਾਂ ਤੇ ਖਣਿਜਾਂ ਦਾ ਡੀਲਰ ਅਤੇ ਟਰਾਂਸਪੋਰਟਰ ਹੈ। ਉਸ ਨੇ ਸੀਅਰਾ ਲਿਓਨ ਵਿੱਚ ਅਸਥਿਰਤਾ ਫੈਲਾਉਣ ਅਤੇ ਨਜਾਇਜ਼ ਤਰੀਕੇ ਨਾਲ ਹੀਰੇ ਹਾਸਲ ਕਰਨ ਲਈ ਸਾਬਕਾ ਰਾਸ਼ਟਰਪਤੀ ਟੇਲਰ ਦੇ ਸ਼ਾਸਨ ਦੀ ਮਦਦ ਕੀਤੀ। ਮਿਡਲ ਈਸਟ ਵਿੱਚ ਮੀਡੀਆ ਰਿਪੋਰਟਾਂ ਮੁਤਾਬਕ ਉਹ ਤਾਲਿਬਾਨ ਅਤੇ ਅਲ-ਕਾਇਦਾ ਨੂੰ ਵੀ ਹਥਿਆਰ ਸਪਲਾਈ ਕਰਦਾ ਰਿਹਾ ਹੈ। ਅਮਰੀਕਾ ਨੇ ਉਸ ਖ਼ਿਲਾਫ਼ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਸਨ। ਸਾਲ 2006 ਵਿੱਚ ਉਸ ਦੀ ਜਾਇਦਾਦ ਜ਼ਬਤ ਕੀਤੀ ਗਈ ਪਰ ਅਜਿਹਾ ਕੋਈ ਕਾਨੂੰਨ ਨਹੀਂ ਸੀ ਜਿਸ ਤਹਿਤ ਉਸ ਤੇ ਅਮਰੀਕਾ ਵਿੱਚ ਕੇਸ ਚਲਾਇਆ ਜਾ ਸਕੇ। ਫਿਰ 2008 ਵਿੱਚ ਅਮਰੀਕਾ ਦੇ ਅਧਿਕਾਰੀ ਕੋਲੰਬੀਆ ਦੇ ਬਾਗ਼ੀਆਂ ਲਈ ਖ਼ਰੀਦਦਾਰ ਬਣ ਕੇ ਬਾਊਟ ਨਾਲ ਰਾਬਤੇ ਵਿੱਚ ਆਏ। ਅੰਡਰਕਵਰ ਅਫ਼ਸਰਾਂ ਨੇ ਬਾਗ਼ੀਆਂ ਤੱਕ ਹਥਿਆਰ (ਬਾਕੀ ਸਫ਼ਾ 30 'ਤੇ)

## ਕੌਣ ਹੈ ਬ੍ਰਿਟਨੀ



ਬ੍ਰਿਟਨੀ ਦਾ ਜਨਮ ਅਮਰੀਕਾ ਦੇ ਟੈਕਸਾਸ ਵਿੱਚ 18 ਅਕਤੂਬਰ, 1990 ਨੂੰ ਹੋਇਆ ਸੀ। ਉਸ ਦੇ ਪਿਤਾ ਵੀਅਤਨਾਮ ਯੁੱਧ ਵਿੱਚ ਅਮਰੀਕੀ ਮਰੀਨ ਵਜੋਂ ਸ਼ਾਮਲ ਰਹੇ ਹਨ। ਇਸ ਖਿਡਾਰਨ ਦਾ ਕੱਦ 6 ਫੁੱਟ, 9 ਇੰਚ ਹੈ। ਲੰਬੇ ਕੱਦ ਅਤੇ ਮੁੰਡਿਆਂ ਵਰਗੀ ਨਜ਼ਰ ਆਉਣ ਕਰਕੇ ਬਚਪਨ ਵਿੱਚ ਉਸ ਨੂੰ ਮਜ਼ਾਕ ਦਾ ਵੀ ਸਾਹਮਣਾ ਕਰਨਾ ਪੈਂਦਾ ਸੀ।

ਸਵੈ-ਜੀਵਨੀ ਵਿੱਚ ਉਸ ਨੇ ਲਿਖਿਆ ਕਿ ਉਹ ਖ਼ੁਦ ਨੂੰ ਲੁਕਾਉਣਾ ਚਾਹੁੰਦੀ ਸੀ ਪਰ ਲੰਬੇ ਕੱਦ ਕਾਰਨ ਬਾਸਕਿਟ ਬਾਲ ਵਿੱਚ ਉਸ ਦੀ ਅਦਭੁਦ ਕਾਬਲੀਅਤ ਪ੍ਰਤੱਖ ਨਜ਼ਰ ਆਉਂਦੀ ਸੀ।

ਜੂਨੀਅਰ ਸੀਜ਼ਨ ਦੌਰਾਨ ਉਸ ਵੱਲੋਂ ਬਾਸਕਿਟ ਵਿੱਚ ਬਾਲ ਪਾਉਣ ਦੀ ਯੂਟਿਊਬ ਵੀਡੀਓ ਨੂੰ 6.6 ਮਿਲੀਅਨ ਵਾਰ ਦੇਖਿਆ ਗਿਆ। ਇਸ ਦੌਰਾਨ ਐਲਏ ਲੇਕਰਜ਼ ਦੇ ਸਟਾਰ ਖਿਡਾਰੀ ਸ਼ੇਕੁਇਲ ਓ ਨੀਲ ਨਾਲ ਵੀ ਉਸ ਦੀ ਮੁਲਾਕਾਤ ਹੋਈ। 22 ਸਾਲ ਦੀ ਉਮਰ ਵਿੱਚ ਉਸ ਦੇ ਸਮਲਿੰਗੀ ਹੋਣ ਬਾਰੇ ਪਤਾ ਲੱਗਿਆ। ਉਹ ਦੁਨੀਆ ਵਿੱਚ ਮੰਨੀ ਪ੍ਰਮੰਨੀ ਐਲਜੀਬੀਟੀ ਅਥਲੀਟ ਬਣ ਕੇ ਉੱਭਰੀ।

ਸਾਲ 2019 ਵਿੱਚ ਉਸ ਨੇ ਆਪਣੀ ਪਾਰਟਨਰ ਸ਼ੈਰੇਲ ਵਾਟਸਨ ਨਾਲ ਵਿਆਹ ਕਰਵਾਇਆ। ਬ੍ਰਿਟਨੀ ਗ੍ਰਿਨਰ ਵੂਮਨ ਨੈਸ਼ਨਲ ਬਾਸਕਿਟ ਬਾਲ ਐਸੋਸੀਏਸ਼ਨ ਚੈਂਪੀਅਨਸ਼ਿਪ ਜਿੱਤ ਚੁੱਕੀ ਹੈ।

ਅੱਠ ਡਬਲਿਊ।ਐੱਨ.ਬੀ.ਏ. ਆਲ-ਸਟਾਰ ਐਵਾਰਡ, ਚਾਰ ਯੂਰੋ ਲੀਗ ਟਾਈਟਲ ਅਤੇ ਦੋ ਵਾਰ ਉਲੰਪਿਕ ਗੋਲ੍ਡ ਮੈਡਲ ਜਿੱਤ ਚੁੱਕੀ ਹੈ। ਯੂਰੋ ਲੀਗ ਟੀਮ ਯੂ.ਐੱਮ.ਐੱਮ.ਸੀ. ਏਕਾਤਿਨਬਰਗ ਲਈ ਖੇਡਣ ਲਈ ਹੀ ਉਹ ਰੂਸ ਗਈ ਸੀ, ਜਿੱਥੋਂ ਵਾਪਸੀ ਵੇਲੇ ਉਸ ਕੋਲੋਂ ਭੰਗ ਦੇ ਪੌਦੇ ਦਾ ਤੇਲ ਮਿਲਣ ਤੇ ਉਸ ਨੂੰ 17 ਫ਼ਰਵਰੀ 2021 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ 9 ਸਾਲ ਕੈਦ ਦੀ ਸਜ਼ਾ ਸੁਣਾਈ ਗਈ। ।ਅਮਰੀਕੀ ਖਿਡਾਰਨ ਬ੍ਰਿਟਨੀ ਨੂੰ ਕਰੀਬ 10 ਮਹੀਨੇ ਰੂਸ ਦੀ ਕਸਟਡੀ ਵਿੱਚ ਰਹਿਣ ਬਾਅਦ ਰਿਹਾਅ ਕੀਤਾ ਗਿਆ ਹੈ।

# ਵਾਸ਼ਿੰਗਟਨ ਪੋਸਟ ਅਨੁਸਾਰ ਵੱਖ-ਵੱਖ ਰਹਿਣ ਕਾਰਨ ਅਮਰੀਕੀ ਉਦਾਸੀ ਤੇ ਇਕੱਲਤਾ ਦੇ ਸ਼ਿਕਾਰ

**ਲੇਬਰ ਬਿਊਰੋ ਦੇ ਅੰਕੜਿਆਂ ਦੇ ਅਨੁਸਾਰ ਕਿ 35 ਤੋਂ 44 ਸਾਲ ਦੀ ਉਮਰ ਦੇ ਅਮਰੀਕੀਆਂ ਕੋਲ 2003 ਤੋਂ ਹਰ ਰੋਜ਼ 16 ਮਿੰਟ ਤੋਂ ਘੱਟ ਵਿਹਲਾ ਸਮਾਂ**

ਵਸ਼ਿੰਗਟਨ/ਏ.ਟੀ.ਨਿਊਜ਼ :- ਹਾਲ ਹੀ ਵਿੱਚ, ਅਰਥ ਸ਼ਾਸਤਰੀ ਬ੍ਰਾਈਸ ਵਾਰਡ ਵਾਸ਼ਿੰਗਟਨ ਪੋਸਟ ਵਿੱਚ ਲਿਖਦਾ ਹੈ ਕਿ ਅਮਰੀਕੀ ਵੱਖ-ਵੱਖ ਰਹਿਣ ਨੂੰ ਤਰਜੀਹ ਦੇਣ ਲੱਗੇ ਹਨ। ਇਸ ਕਾਰਨ ਅਮਰੀਕੀ ਉਦਾਸੀ ਤੇ ਸਟਰੈਸ ਵਿਚ ਰਹਿਣ ਲੱਗ ਪਏ ਹਨ।2013 ਤੋਂ ਬਾਅਦ ਲੋਕਾਂ ਦੀ ਦੋਸਤਾਂ-ਮਿੱਤਰਾਂ ਨਾਲ ਸਿੱਧੀ ਗੱਲਬਾਤ ਵਿੱਚ ਕਾਫੀ ਕਮੀ ਆਈ ਹੈ। ਇਹ ਮਹਾਂਮਾਰੀ ਤੋਂ ਬਹੁਤ ਪਹਿਲਾਂ ਹੋ ਰਿਹਾ ਸੀ। ਇਸ ਗਿਰਾਵਟ ਵਿੱਚ ਸੋਸ਼ਲ ਮੀਡੀਆ, ਸਿਆਸੀ ਧਰੁਵੀਕਰਨ ਅਤੇ ਨਵੀਂ ਤਕਨੀਕ ਨੇ ਭੂਮਿਕਾ ਨਿਭਾਈ ਹੈ। ਉਸ ਦਾ ਕਹਿਣਾ ਹੈ ਕਿ ਸਮਾਜਿਕ ਜੀਵਨ ਵਿੱਚ ਨਿਘਾਰ ਚਿੰਤਾਜਨਕ ਰੁਝਾਨ ਹੈ। ਮੇਰੇ ਵਿਚਾਰ ਵਿੱਚ ਇਹ ਸੱਚ ਹੈ ਕਿ ਅਮਰੀਕਨ ਹੁਣ ਦੋਸਤਾਂ ਨਾਲ ਘੱਟ ਸਮਾਂ ਬਿਤਾ ਰਹੇ ਹਨ ਕਿਉਂਕਿ ਉਹ ਬਹੁਤ ਥੱਕ ਗਏ ਹਨ। 35 ਤੋਂ 44 ਸਾਲ ਦੀ ਉਮਰ ਦੇ ਲੋਕਾਂ ਕੋਲ ਮਨੋਰੰਜਨ ਲਈ ਵੀਹ ਸਾਲ ਪਹਿਲਾਂ ਨਾਲੋਂ ਘੱਟ ਸਮਾਂ ਹੈ। ਲੇਬਰ ਬਿਊਰੋ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਵਿੱਚ ਪਾਇਆ ਗਿਆ ਕਿ 35 ਤੋਂ 44 ਸਾਲ ਦੀ ਉਮਰ ਦੇ ਅਮਰੀਕੀਆਂ ਕੋਲ 2003 ਤੋਂ ਹਰ ਰੋਜ਼ 16 ਮਿੰਟ ਤੋਂ ਘੱਟ ਵਿਹਲਾ ਸਮਾਂ ਹੈ। ਜ਼ਿਆਦਾ ਕੰਮ ਕਰਨ ਅਤੇ ਪਰਿਵਾਰਕ ਮੈਂਬਰਾਂ ਦੀ ਦੇਖਭਾਲ ਨਾ ਕਰਨ ਕਾਰਨ ਅਜਿਹਾ ਹੋਇਆ ਹੈ। ਨਵੇਂ ਅੰਕੜੇ ਦਰਸਾਉਂਦੇ ਹਨ ਕਿ ਅਮੀਰ ਦੇਸ਼ਾਂ ਦੀ ਸੰਸਥਾ ®534 ਵਿੱਚ ਅਮਰੀਕਨ ਦਿਨ ਵਿੱਚ ਸਭ ਤੋਂ ਵੱਧ ਘੰਟੇ ਕੰਮ ਕਰਦੇ ਹਨ। ਅਮਰੀਕਾ ਵਿਚ ਵੀ ਕੇਂਦਰ ਸਰਕਾਰ ਦੇ ਪੱਧਰ 'ਤੇ ਪੇਡ ਲੀਵ ਦਾ ਕੋਈ ਪ੍ਰਬੰਧ ਨਹੀਂ ਹੈ। ਬੀਮਾਰ ਹੋਣ ਜਾਂ



ਯਾਤਰਾ ਕਰਨ ਲਈ ਵੀ ਕੋਈ ਅਦਾਇਗੀ ਛੁੱਟੀ ਨਹੀਂ ਹੈ। ਮਾਊਂਟ ਰਾਇਲ ਯੂਨੀਵਰਸਿਟੀ ਕੈਲਗਰੀ ਦੀ ਪ੍ਰੋਫ਼ੈਸਰ ਅਤੇ ਸੋਸ਼ਲ ਮੀਡੀਆ-ਫਰੈਂਡਸ਼ਿਪ 'ਤੇ ਵਿਸ਼ਲੇਸ਼ਣ ਕਰਨ ਵਾਲੀ ਮੇਲਿੰਡਾ ਡੇਸਜਰਲੈਇਸ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਆਨਲਾਈਨ ਅਤੇ ਆਫ਼ਲਾਈਨ ਸੰਵਾਦ ਵਿੱਚ ਬਹੁਤ ਫ਼ਰਕ ਹੈ। ਹੁਣ ਅਸੀਂ ਵਰਚੁਅਲ ਸੰਸਾਰ ਅਤੇ ਅਸਲ ਸੰਸਾਰ ਦੇ ਵਿਚਕਾਰ ਡਿਜੀਟਲ ਪਾੜੇ ਨੂੰ ਪੂਰਾ ਕਰ ਲਿਆ ਹੈ। ਮੇਲਿੰਡਾ ਦੀ ਖੋਜ ਸੁਝਾਅ ਦਿੰਦੀ ਹੈ ਕਿ ਤਤਕਾਲ ਮੈਸੇਜਿੰਗ ਵਰਗੀਆਂ ਸਮਾਜਿਕ ਸੰਚਾਰ ਤਕਨੀਕਾਂ ਰਾਹੀਂ ਗੂੜ੍ਹੀ ਜਾਣਕਾਰੀ ਸਾਂਝੀ ਕਰਨ ਨਾਲ ਦੋਸਤੀ ਵਿੱਚ ਸੁਧਾਰ ਹੁੰਦਾ ਹੈ। ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਸੋਸ਼ਲ ਮੀਡੀਆ ਰਿਸ਼ਤਿਆਂ ਨੂੰ ਮਜ਼ਬੂਤ ਕਰਦਾ ਹੈ। ਉੱਤਰੀ ਕੈਰੋਲੀਨਾ ਯੂਨੀਵਰਸਿਟੀ ਦੇ ਆਈਟੀ ਸੈਂਟਰ ਦੇ ਪ੍ਰਮੁੱਖ ਖੋਜਕਰਤਾ ਪ੍ਰੋਫੈਸਰ ਐਲਿਸ ਮਾਰਵਿਕ ਦਾ ਕਹਿਣਾ ਹੈ ਕਿ ਸਾਡੇ ਰਿਸ਼ਤੇ ਇੰਟਰਨੈੱਟ ਤੱਕ ਸੀਮਤ ਨਹੀਂ ਹਨ।

# ਟਰੰਪ ਦਾ ਦੁਬਾਰਾ ਚੋਣ ਲੜਨਾ ਹੋਇਆ ਮੁਸ਼ਕਿਲ, ਪਾਰਟੀ 'ਚ ਉਸ ਦਾ ਸਮਰਥਨ ਵੱਡੀ ਪੱਧਰ 'ਤੇ ਘਟਿਆ : ਸਰਵੇ

## ਬਿਨਾਂ ਟਰੰਪ ਦੇ ਟਰੰਪਵਾਦ ਚਾਹੁੰਦੇ ਹਨ ਪਾਰਟੀ ਸਮਰਥਕ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਮੱਧਕਾਲੀ ਚੋਣਾਂ ਵਿਚ ਹੋਏ ਨੁਕਸਾਨ, ਟੈਕਸ ਫਰਾਡ ਵਰਗੇ ਮਾਮਲਿਆਂ ਵਿਚ ਅਦਾਲਤਾਂ ਵਿਚ ਹੋਈ ਹਾਰ ਤੇ ਹੋਰ ਕਈ ਕਾਰਨਾਂ ਕਰਕੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ 2024 ਵਿਚ ਰਾਸ਼ਟਰਪਤੀ ਦੀ ਚੋਣ ਲੜਨ ਦੇ ਰਾਹ ਵਿਚ ਰੁਕਾਵਟਾਂ ਖੜ੍ਹੀਆਂ ਹੋ ਗਈਆਂ ਹਨ। ਇਕ ਸਰਵੇ ਵਿਚ ਸਪੱਸ਼ਟ ਹੋਇਆ ਹੈ ਕਿ ਰਿਪਬਲੀਕਨ ਪਾਰਟੀ ਵਿਚ ਟਰੰਪ ਦਾ ਸਮਰਥਨ ਤੇਜੀ ਨਾਲ ਘਟਿਆ ਹੈ। ਦੋ ਤਿਹਾਈ ਪਾਰਟੀ ਆਗੂ ਤੇ ਪਾਰਟੀ ਨਾਲ ਜੁੜੇ ਰਿਪਬਲੀਕਨ ਵੋਟਰ ਟਰੰਪ ਦੀਆਂ ਨੀਤੀਆਂ ਨੂੰ ਪਸੰਦ ਕਰਦੇ ਹਨ ਤੇ ਇਨਾਂ ਨੀਤੀਆਂ ਉਪਰ ਚੋਣ ਲੜਨ ਦੇ ਹੱਕ ਵਿਚ ਹਨ ਪ੍ਰੰਤੂ ਉਹ ਚਾਹੁੰਦੇ ਹਨ ਕਿ ਵੱਖਰੇ ਮਾਪ ਦੰਡਾਂ ਨਾਲ ਇਨ੍ਹਾਂ ਨੀਤੀਆਂ ਨੂੰ ਅੱਗੇ ਲਿਜਾਇਆ ਜਾਵੇ। ਸੂਫੋਲਕ ਯੂਨੀਵਰਸਿਟੀਯੂ ਐਸ ਏ ਟੂਡੇ



ਵੱਲੋਂ ਕੀਤੇ ਇਕ ਵਿਸ਼ੇਸ਼ ਸਰਵੇ ਵਿਚ 31% ਰਿਪਬਲੀਕਨ ਹੀ ਟਰੰਪ ਨੂੰ ਦੁਬਾਰਾ ਚੋਣ ਲੜਾਉਣ ਦੇ ਹੱਕ ਵਿਚ ਹਨ ਜਦਕਿ 61% ਚਾਹੁੰਦੇ ਹਨ ਕਿ ਉਨ੍ਹਾਂ ਦੀ ਜਗਾ 'ਤੇ ਕੋਈ ਹੋਰ ਆਗੂ ਲਿਆਂਦਾ ਜਾਵੇ ਜੋ ਉਨ੍ਹਾਂ ਦੀਆਂ ਨੀਤੀਆਂ ਅਨੁਸਾਰ ਕੰਮ ਕਰ ਸਕੇ। 56% ਰਿਪਬਲੀਕਨ ਪਾਰਟੀ ਦੇ ਸਮਰਥਕ ਚਾਹੁੰਦੇ ਹਨ ਕਿ ਫਲੋਰਿਡਾ ਦੇ ਗਵਰਨਰ ਰੋਨ ਡੀ ਸੰਟਿਸ ਨੂੰ ਉਮੀਦਵਾਰ ਬਣਾਇਆ ਜਾਵੇ। ਸੂਫੋਲਕ ਯੂਨੀਵਰਸਿਟੀ ਪੋਲੀਟੀਕਲ ਰਿਸਰਚ ਸੈਂਟਰ ਦੇ (ਬਾਕੀ ਸਫ਼ਾ 30 'ਤੇ)

# ਸਰਹਾਲੀ ਥਾਣੇ ’ਤੇ ਰਾਕੇਟ ਹਮਲੇ ਕਾਰਨ 4 ਦੇ ਕਰੀਬ ਸ਼ੱਕੀ ਵਿਅਕਤੀ ਹਿਰਾਸਤ ਵਿਚ

- ਘਟਨਾ ਸਮੇਂ ਐੱਸ.ਐੱਚ.ਓ. ਸਮੇਤ 13 ਪੁਲਿਸ ਮੁਲਾਜ਼ਮ ਸਨ ਹਾਜ਼ਰ
- ਆਈਜੀ ਪੰਜਾਬ ਸੁਖਚੈਨ ਸਿੰਘ ਗਿੱਲ ਵੱਲੋਂ ਮਾਮਲਾ ਸੁਲਝਾਉਣ ਦਾ ਦਾਅਵਾ
- ਹਮਲੇ ਵਿਚ ਰੂਸ ਦਾ ਬਣਿਆ ਆਰ.ਪੀ.ਜੀ. ਵਰਤਿਆ ਗਿਆ, ਜੋ ਮਿਲਟਰੀ ਆਪ੍ਰੇਸ਼ਨ ਵਿਚ ਵਰਤਿਆ ਜਾਂਦਾ ਏ : ਡੀਜੀਪੀ
- ਮੁੱਖ ਮੰਤਰੀ ਅਮਨ ਕਾਨੂੰਨ ਵਿਵਸਥਾ ਕਾਇਮ ਰੱਖਣ ਵਿਚ ਫ਼ੇਲ੍ਹ ਹੋਣ ’ਤੇ ਅਸਤੀਫ਼ਾ ਦੇਣ : ਵਿਰੋਧੀ ਧਿਰਾਂ ਵੱਲੋਂ ਦੋਸ਼




ਤਰਨ ਤਾਰਨ/ਏ.ਟੀ.ਨਿਊਜ਼ :- ਥਾਣਾ ਸਰਹਾਲੀ ’ਤੇ ਅਣਪਛਾਤੇ ਵਿਅਕਤੀਆਂ ਵੱਲੋਂ ਆਰ.ਪੀ.ਜੀ. ਨਾਲ ਕੀਤੇ ਗਏ ਹਮਲੇ ਦੇ ਸੰਬੰਧ ’ਚ ਪੁਲਿਸ ਨੇ 4 ਦੇ ਕਰੀਬ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਥਾਣਾ ਸਰਹਾਲੀ ’ਤੇ ਅਣਪਛਾਤੇ ਵਿਅਕਤੀਆਂ ਵੱਲੋਂ ਆਰ.ਪੀ.ਜੀ. ਨਾਲ ਕੀਤੇ ਗਏ ਹਮਲੇ ਦੇ ਸੰਬੰਧ ’ਚ ਕੇਂਦਰੀ ਜਾਂਚ ਏਜੰਸੀਆਂ ਐੱਨ.ਆਈ.ਏ. ਤੇ ਸੀਐੱਸਐੱਫ਼ਐੱਲ. ਦੀਆਂ ਟੀਮਾਂ ਦੇ ਮੈਂਬਰਾਂ ਨੇ ਉਸ ਜਗ੍ਹਾ ਦਾ ਦੌਰਾ ਕੀਤਾ, ਜਿੱਥੇ ਅਣਪਛਾਤੇ ਵਿਅਕਤੀਆਂ ਵੱਲੋਂ ਰਾਕੇਟ ਲਾਂਚਰ ਨਾਲ ਹਮਲਾ ਕੀਤਾ ਸੀ। ਇਹ ਮਾਮਲਾ ਹਾਈਪ੍ਰੋਫਾਈਲ ਹੋਣ ਕਾਰਨ ਐੱਨ.ਆਈ.ਏ. ਏਜੰਸੀ ਇਸ ਮਾਮਲੇ ਨੂੰ ਆਪਣੇ ਹੱਥ ’ਚ ਲੈ ਸਕਦੀ ਹੈ।ਯਾਦ ਰਹੇ ਕਿ ਕੇਂਦਰੀ ਖ਼ੁਫ਼ੀਆ ਏਜੰਸੀਆਂ ਨੇ ਪੰਜਾਬ ਵਿਚ ਥਾਣਿਆਂ ਅਤੇ ਸਰਕਾਰੀ ਇਮਾਰਤਾਂ ’ਤੇ ਹਮਲੇ ਦਾ ਅਲਰਟ ਪਹਿਲਾਂ ਹੀ ਜਾਰੀ ਕੀਤਾ ਹੋਇਆ ਸੀ ਪਰ ਉਸ ਦੇ ਬਾਵਜੂਦ ਤਰਨਤਾਰਨ ਦੇ ਸਰਹਾਲੀ ਥਾਣੇ ’ਤੇ ਰਾਕੇਟ ਹਮਲੇ ਨੂੰ ਅੰਜਾਮ ਦੇ ਦਿੱਤਾ ਗਿਆ। ਦੂਸਰੀ ਤਰਫ਼ ਐੱਸ. ਐੱਸ. ਪੀ. ਗੁਰਮੀਤ ਸਿੰਘ ਚੌਹਾਨ ਨੇ ਤੁਰੰਤ ਕਾਰਵਾਈ ਕਰਦਿਆਂ ਥਾਣਾ ਸਰਹਾਲੀ ਦੇ ਮੁਖੀ ਐੱਸ.ਐੱਚ.ਓ. ਪ੍ਰਕਾਸ਼ ਸਿੰਘ ਨੂੰ ਤਬਦੀਲ ਕਰ ਕੇ ਸੀ.ਆਈ.ਏ.ਸਟਾਫ਼ ਪੱਟੀ ਦਾ ਇੰਚਾਰਜ ਲਗਾ ਦਿੱਤਾ ਹੈ, ਜਦਕਿ ਸੀ.ਆਈ.ਏ.ਸਟਾਫ਼ ਪੱਟੀ ਦੇ ਇੰਚਾਰਜ ਇੰਸਪੈਕਟਰ ਸੁਖਬੀਰ ਸਿੰਘ ਨੂੰ ਥਾਣਾ ਸਰਹਾਲੀ ਦਾ ਨਵਾਂ ਐੱਸ.ਐੱਚ.ਓ. ਨਿਯੁਕਤ ਕਰ ਦਿੱਤਾ ਹੈ। ਆਈਜੀ ਪੰਜਾਬ ਪੁਲਿਸ ਸੁਖਚੈਨ ਸਿੰਘ ਗਿੱਲ ਨੇ ਦਾਅਵਾ ਕੀਤਾ ਹੈ ਕਿ ਇਹ ਮਾਮਲਾ ਸੁਲਝਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਚਾਰ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਜਿਨ੍ਹਾਂ ਵਿਚੋਂ ਦੋ ਨੇ ਹਮਲਾਵਰਾਂ ਨੂੰ ਕਾਰ ਮੁਹੱਈਆ ਕਰਵਾਈ ਸੀ। ਇਥੇ ਜਿਕਰਯੋਗ ਹੈ ਕਿ ਅੰਮ੍ਰਿਤਸਰ-ਬਠਿੰਡਾ ਨੈਸ਼ਨਲ ਹਾਈਵੇ ਉਪਰ ਪੈਂਦੇ ਤਰਨ ਤਾਰਨ ਦੇ ਥਾਣਾ ਸਰਹਾਲੀ ’ਤੇ ਬੀਤੇ ਹਫ਼ਤੇ ਰਾਤ ਦੌਰਾਨ ਅਣਪਛਾਤੇ ਵਿਅਕਤੀਆਂ ਵੱਲੋਂ ਪੁਲਿਸ ਥਾਣੇ ਨੂੰ ਨਿਸ਼ਾਨਾ ਬਣਾਉਂਦਿਆਂ ਉਸ ਉਪਰ ਆਰ.ਪੀ.ਜੀ. ਨਾਲ ਗ੍ਰਨੇਡ ਹਮਲਾ ਕੀਤਾ ਗਿਆ ਸੀ। ਹਮਲਾਵਰਾਂ ਵੱਲੋਂ ਸੁੱਟਿਆ ਗਿਆ ਗ੍ਰਨੇਡ ਥਾਣੇ ਦੇ ਮੁੱਖ ਦਰਵਾਜ਼ੇ ਨੂੰ ਤੋੜ ਕੇ ਅੰਦਰ ਬਣੇ ਸਾਂਝ ਕੇਂਦਰ ਦੀ ਇਮਾਰਤ ਵਿਚ ਜਾ ਕੇ ਟਕਰਾਇਆ। ਇਸ ਧਮਾਕੇ ਵਿਚ ਕੋਈ ਵੀ ਜਾਨੀ ਨੁਕਸਾਨ ਨਹੀਂ ਹੋਇਆ, ਕਿਉਂਕਿ ਸਾਂਝ ਕੇਂਦਰ ਦੀ ਇਮਾਰਤ ਵਿਚ ਕੋਈ ਵੀ ਮੁਲਾਜ਼ਮ ਮੌਜੂਦ ਨਹੀਂ ਸੀ, ਜਦਕਿ ਥਾਣੇ ਅੰਦਰ ਐੱਸ.ਐੱਚ.ਓ. ਸਮੇਤ ਕੁੱਲ 13 ਪੁਲਿਸ ਮੁਲਾਜ਼ਮ ਮੌਜੂਦ ਸਨ। ਇਸ ਘਟਨਾ ਤੋਂ ਬਾਅਦ ਪੁਲਿਸ ਨੇ ਥਾਣੇ ਦੀ ਕੁਝ ਦੂਰੀ ’ਤੇ ਹੀ ਗ੍ਰਨੇਡ ਨੂੰ ਸੁੱਟਣ ਵਾਲਾ ਰਾਕੇਟ ਲਾਂਚਰ ਬਰਾਮਦ ਕਰ ਲਿਆ। ਡੀ.ਜੀ.ਪੀ. ਗੌਰਵ ਯਾਦਵ ਦਾ ਕਹਿਣਾ ਹੈ ਕਿ ਅਣਪਛਾਤੇ ਵਿਅਕਤੀਆਂ ਨੇ ਥਾਣੇ ਨੂੰ ਨਿਸ਼ਾਨ ਬਣਾਉਂਦੇ ਹੋਏ ਆਰ.ਪੀ.ਜੀ. ਨਾਲ ਹਮਲਾ ਕੀਤਾ, ਜੋ ਕਿ ਪਹਿਲਾਂ 9 ਮਈ 2021 ਨੂੰ ਪੁਲਿਸ ਦੇ ਖ਼ੁਫ਼ੀਆ ਵਿਭਾਗ ਮੁਹਾਲੀ ਦੇ ਹੈੱਡ ਕੁਆਟਰ ਵਿਖੇ ਕੀਤੇ ਗਏ ਆਰ.ਪੀ.ਜੀ. ਦੇ ਹਮਲੇ ਨਾਲ ਮੇਲ ਖਾਂਦਾ ਹੈ। ਇਸ ਸੰਬੰਧ ਵਿਚ ਉਨ੍ਹਾਂ ਦੱਸਿਆ ਕਿ ਹਮਲੇ ਵਿਚ ਜੋ ਆਰ.ਪੀ.ਜੀ. ਵਰਤਿਆ ਗਿਆ ਹੈ, ਉਹ ਮਿਲਟਰੀ ਆਪ੍ਰੇਸ਼ਨ ਵਿਚ ਵਰਤਿਆ ਜਾਂਦਾ ਹੈ ਅਤੇ ਇਹ ਰੂਸ ਦਾ ਬਣਿਆ ਹੋਇਆ ਹੈ। ਡੀ.ਜੀ.ਪੀ. ਯਾਦਵ ਨੇ ਕਿਹਾ ਕਿ ਪਿਛਲੇ ਇਕ ਮਹੀਨੇ ਦੌਰਾਨ ਪੰਜਾਬ ਪੁਲਿਸ ਵੱਲੋਂ ਸਰਹੱਦੀ ਜ਼ਿਲ੍ਹਾ ਤਰਨਤਾਰਨ, ਅੰਮ੍ਰਿਤਸਰ ਵਿਚ ਬੀ.ਐੱਸ.ਐੱਫ਼. ਨਾਲ ਤਾਲਮੇਲ ਕਰਕੇ 200 ਤੋਂ ਵੱਧ ਡਰੋਨ ਫੜੇ ਗਏ ਹਨ ਜੋ ਕਿ ਪਾਕਿਸਤਾਨੀ ਤਰਫ਼ੋਂ ਹਥਿਆਰ ਅਤੇ ਹੈਰੋਇਨ ਆਦਿ ਨਸ਼ੇ ਦੀ ਸਪਲਾਈ ਕਰਨ ਲਈ ਭੇਜੇ ਗਏ ਸਨ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਤੋਂ ਪਾਕਿਸਤਾਨ ਵੱਲੋਂ ਬੁਖਲਾਹਟ ਵਿਚ ਆ ਕੇ ਇਹ ਹਮਲਾ ਕਰਵਾਇਆ ਗਿਆ ਹੈ ਤਾਂ ਜੋ ਪੰਜਾਬ ਪੁਲਿਸ ਦਾ ਮਨੋਬਲ ਤੋੜਿਆ ਜਾਵੇ ਪਰ ਉਹ ਸਪੱਸ਼ਟ ਕਰਨਾ ਚਾਹੁੰਦੇ ਹਨ ਕਿ ਇਸ ਤਰ੍ਹਾਂ ਦੀਆਂ ਕਾਰਵਾਈ ਕਰਨ ਵਾਲਿਆਂ ਦਾ ਕਿਸੇ ਵੀ ਤਰ੍ਹਾਂ ਲਿਹਾਜ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਹਮਲੇ ਵਿਚ ਲੋੜੀਂਦੇ ਵਿਅਕਤੀ ਜਲਦ ਗ੍ਰਿਫ਼ਤਾਰ ਕਰ ਲਏ ਜਾਣਗੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਵੱਖ-ਵੱਖ ਬਿਆਨਾਂ ਵਿਚ ਮੁੱਖ ਮੰਤਰੀ ਤੋਂ ਅਸਤੀਫ਼ਾ ਮੰਗਿਆ, ਕਿਉਂਕਿ ਉਨ੍ਹਾਂ ਦੀ ਅਗਵਾਈ ਵਾਲੀ ‘ਆਪ’ ਸਰਕਾਰ ਸੂਬੇ ਵਿਚ ਅਮਨ ਕਾਨੂੰਨ ਵਿਵਸਥਾ ਕਾਇਮ ਰੱਖਣ ਵਿਚ ਬੁਰੀ ਤਰ੍ਹਾਂ ਫ਼ੇਲ੍ਹ ਹੋਈ ਹੈ। ਇਨ੍ਹਾਂ ਘਟਨਾਵਾਂ ਦਾ ਮੁੜ ਵਾਪਰਨਾ ਖ਼ਤਰੇ ਦੀ ਨਿਸ਼ਾਨੀ ਹੈ, ਜਿਸ ਦਾ ਕਾਰਨ ਇਹ ਹੈ ਕਿ ‘ਆਪ’ ਸਰਕਾਰ ਸਥਿਤੀ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ।

ਦੂਸਰੇ ਪਾਸੇ ਆਮ ਆਦਮੀ ਪਾਰਟੀ ਦੇ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਹੈ ਕਿ ਇਹ ਹਮਲਾ ਗੈਂਗਸਟਰਾਂ ਦੀ ਬੁਖਲਾਹਟ ਦਾ ਨਤੀਜਾ ਹੈ। ਉੱਧਰ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਘਟਨਾ ਲਈ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਤਰਨਤਾਰਨ ਤੋਂ ਬਾਅਦ ਲੁਧਿਆਣਾ ’ਚ ਅੱਤਵਾਦੀ ਹਮਲੇ ਦਾ ਖ਼ਤਰਾ, ਹਾਈ ਅਲਰਟ ’ਤੇ ਪੰਜਾਬ ਪੁਲਿਸ

ਪੰਜਾਬ ਵਿਚ ਹਾਈ ਅਲਰਟ ਚੱਲ ਰਿਹਾ ਹੈ। ਤਰਨਤਾਰਨ ਦੇ ਥਾਣੇ ’ਚ ਹਮਲੇ ਤੋਂ ਬਾਅਦ ਉਂਝ ਵੀ ਪੰਜਾਬ ਪੁਲਿਸ ਸਰਗਰਮ ਹੈ ਪਰ ਮਹਾਂਨਗਰ ਦੇ ਇਕ ਅਪਾਰਟਮੈਂਟ ਵਿਚ ਧਮਕੀ ਭਰਿਆ ਪੱਤਰ ਮਿਲਣ ਤੋਂ ਬਾਅਦ ਲੁਧਿਆਣਾ ਪੁਲਿਸ ਵੀ ਚੌਕਸ ਹੋ ਗਈ ਹੈ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਮਹਾਂਨਗਰ ਵਿਚ ਹਮਲਾ ਹੋਣ ਦੀ ਸੰਭਾਵਨਾ ਹੈ। ਇਸ ਲਈ ਪੁਲਿਸ ਸਾਵਧਾਨ ਹੋ ਗਈ ਹੈ।

### ਆਰਪੀਜੀ ਹੁੰਦਾ ਕੀ ਹੈ ?

ਸੇਵਾਮੁਕਤ ਲੈਫ਼ਟੀਨੈਂਟ ਜਨਰਲ ਪੀ ਆਰ ਸ਼ੰਕਰ ਮੁਤਾਬਕ ਆਰਪੀਜੀ ਕਈ ਤਰ੍ਹਾਂ ਦੇ ਹੁੰਦੇ ਹਨ, ਇਹ ਗ੍ਰਨੇਡ ਰਾਕੇਟ ਵਿੱਚ ਵੀ ਅਤੇ ਰਾਈਫ਼ਲ ਵਿੱਚ ਵੀ ਫਿੱਟ ਹੋ ਸਕਦੇ ਹਨ।ਉਨ੍ਹਾਂ ਦੱਸਿਆ, ‘ਆਰਪੀਜੀ ਨੂੰ ਰਾਕੇਟ ਪ੍ਰੋਪੇਲਡ ਗ੍ਰਨੇਡ ਅਤੇ ਰਾਈਫ਼ਲ ਪ੍ਰੋਪੇਲਡ ਗ੍ਰਨੇਡ ਵੀ ਕਿਹਾ ਜਾਂਦਾ ਹੈ। ਇਸ ਵਿੱਚ ਮੋਟਰ ਹੁੰਦੀ ਹੈ ਅਤੇ ਗ੍ਰਨੇਡ ਨੂੰ ਟਿਊਬ ਵਿੱਚ ਲੋਡ ਕੀਤਾ ਜਾਂਦਾ ਹੈ ਅਤੇ ਫਿਰ ਦਾਗਿਆ ਜਾਂਦਾ ਹੈ। ਰਾਕੇਟ ਪ੍ਰੋਪੇਲਡ ਗ੍ਰਨੇਡ ਮੋਢੇ ਉੱਤੇ ਰੱਖ ਕੇ ਦਾਗਿਆ ਜਾਣ ਵਾਲਾ ਹਥਿਆਰ ਹੁੰਦਾ ਹੈ। ਇਸ ਦਾ ਭਾਰ ਲਗਭਗ ਸੱਤ ਤੋਂ 12 ਕਿੱਲੋ ਦੇ ਦਰਮਿਆਨ ਹੋ ਸਕਦਾ ਹੈ ਅਤੇ ਇਸ ਨੂੰ ਕਾਫ਼ੀ ਆਸਾਨੀ ਨਾਲ ਇੱਕ ਥਾਂ ਤੋਂ ਦੂਜੀ ਥਾਂ ਤੱਕ ਪਹੁੰਚਾਇਆ ਜਾ ਸਕਦਾ ਹੈ।

ਇਸ ਵਿੱਚ ਗ੍ਰਨੇਡ ਦੇ ਨਾਲ ਇੱਕ ਮੋਟਰ ਲੱਗੀ ਹੁੰਦੀ ਹੈ ਅਤੇ ਇਸ ਨਾਲ ਫਿਨਸ (ਪੰਖ) ਲੱਗੇ ਹੁੰਦੇ ਹਨ। ਇਹੀ ਪੰਖ ਗ੍ਰਨੇਡ ਨੂੰ ਹਵਾ ਵਿੱਚ ਸਥਿਰ ਰੱਖਦੇ ਹਨ ਅਤੇ ਆਰਪੀਜੀ ਆਮ ਤੌਰ ’ਤੇ ਬਖ਼ਤਰਬੰਦ ਗੱਡੀਆਂ ਜਾਂ ਟੈਂਕ ਉੱਤੇ ਹਮਲਾ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਨਾਲ ਹੀ ਇਹ ਕਾਫ਼ੀ ਘੱਟ ਮਿਲਣ ਵਾਲੀਆਂ ਚੀਜ਼ਾਂ ਵਿੱਚੋਂ ਹੈ।’

ਆਰਪੀਜੀ ਫ਼ੌਜ ਤੋਂ ਇਲਾਵਾ ਦੁਨੀਆ ਭਰ ਵਿੱਚ ਅੱਤਵਾਦੀ ਵੀ ਇਸਤੇਮਾਲ ਕਰਦੇ ਆਏ ਹਨ।

# ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਦੀ ਚੋਣ 21 ਨੂੰ, ਦਾਦੂਵਾਲ ਨੇ ਅਸਤੀਫਾ ਦਿੱਤਾ



ਚੰਡੀਗੜ੍ਹ/ਏ.ਟੀ. ਨਿਊਜ਼ :- ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਦੀ ਚੋਣ 21 ਦਸੰਬਰ ਨੂੰ ਹੋਵੇਗੀ। ਇਹ ਚੋਣ ਕੁਰੂਕਸ਼ੇਤਰ ਦੇ ਗੁਰਦੁਆਰਾ ਪਾਤਿਸ਼ਾਹੀ ਛੇਵੀਂ ਵਿਖੇ ਹੋਵੇਗੀ ਅਤੇ ਸਰਕਾਰ ਨੇ ਕੁਰੂਕਸ਼ੇਤਰ ਦੇ ਡੀ.ਸੀ. ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਕਰਵਾਉਣ ਦੀ ਜ਼ਿੰਮੇਵਾਰੀ ਸੌਂਪੀ ਹੈ। ਹੁਣ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ 11 ਮੈਂਬਰੀ ਕਾਰਜਕਾਰੀ ਕਮੇਟੀ ਦਾ ਗਠਨ ਕੀਤਾ ਜਾਵੇਗਾ, ਜਿਸ ਵਿਚ 5 ਅਹੁਦੇਦਾਰ ਤੇ 6 ਮੈਂਬਰ ਹੋਣਗੇ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਨੂੰਨ ਅਨੁਸਾਰ ਕੁਰੂਕਸ਼ੇਤਰ ਦਾ ਗੁਰਦੁਆਰਾ ਪਾਤਿਸ਼ਾਹੀ ਛੇਵੀਂ ਇਸ ਕਮੇਟੀ ਦਾ ਹੈਡਕੁਆਰਟਰ ਹੋਵੇਗਾ। ਇਸ ਤੋਂ ਪਹਿਲਾਂ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨਵ-ਨਿਯੁਕਤ ਕਮੇਟੀ ਮੈਂਬਰਾਂ ਨਾਲ ਮੁੱਖ ਮੰਤਰੀ ਖੱਟਰ ਦਾ ਧੰਨਵਾਦ ਕਰਨ ਲਈ ਉਨ੍ਹਾਂ ਦੇ ਚੰਡੀਗੜ੍ਹ ਸਥਿਤ ਨਿਵਾਸ ਸਥਾਨ ’ਤੇ ਗਏ ਅਤੇ ਧੰਨਵਾਦ ਕਰਨ ਬਾਅਦ ਦਾਦੂਵਾਲ ਨੇ ਕਮੇਟੀ ਦੇ ਮੁੱਖ ਸੇਵਕ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਇੱਛਾ ਪ੍ਰਗਟ ਕੀਤੀ। ਮੁੱਖ ਮੰਤਰੀ ਨੇ ਉਨ੍ਹਾਂ ਨੂੰ ਕਮੇਟੀ ਦੀ ਚੋਣ ਹੋਣ ਤੱਕ ਆਪਣੇ ਅਹੁਦੇ ’ਤੇ ਬਣੇ ਰਹਿਣ ਦੀ ਅਪੀਲ ਕੀਤੀ ਤਾਂ ਦਾਦੂਵਾਲ ਨੇ ਇਸ ਨੂੰ ਸਵੀਕਾਰ ਕਰ ਲਿਆ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵਨਿਯੁਕਤ ਮੈਂਬਰਾਂ ਨੇ ਮੁੱਖ ਮੰਤਰੀ ਖੱਟਰ ਵਲੋਂ ਸੁਪਰੀਮ ਕੋਰਟ ਵਿਚ ਹਰਿਆਣਾ ਲਈ ਵੱਖਰੀ ਕਮੇਟੀ ਲਈ ਮਾਮਲੇ ਦੀ ਠੋਸ ਪੈਰਵੀ ਕਰਨ ਅਤੇ ਵੱਖਰੀ ਕਮੇਟੀ ਬਣਵਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ ।ਹੁਣ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ 11 ਮੈਂਬਰੀ ਕਾਰਜਕਾਰੀ ਕਮੇਟੀ ਦਾ ਗਠਨ ਕੀਤਾ ਜਾਵੇਗਾ, ਜੋ ਕਮੇਟੀ ਦੇ ਨਵੇਂ ਮੈਂਬਰਾਂ ਦੀ ਚੋਣ ਹੋਣ ਤੱਕ ਸੂਬੇ ਦੇ 52 ਇਤਿਹਾਸਕ ਗੁਰਦੁਆਰਿਆਂ ਦੇ ਪ੍ਰਸ਼ਾਸਨਿਕ ਪ੍ਰਬੰਧ ਦਾ ਕਾਰਜ ਵੇਖੇਗੀ।

# ਅੱਤਵਾਦੀ ਹਮਲੇ ਬਾਅਦ ਅਫ਼ਗਾਨਿਸਤਾਨ ਵਿਚ ਰਹਿ ਗਏ ਸਿਰਫ਼ 10 ਸਿੱਖ ਅਤੇ 4 ਹਿੰਦੂ

## ਭਾਰਤ ਸਰਕਾਰ ਤੋਂ ਕਰ ਰਹੇ ਵੀਜ਼ੇ ਦੀ ਉਡੀਕ



ਅੰਮ੍ਰਿਤਸਰ/ਏ.ਟੀ.ਨਿਊਜ਼ :- ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਮੌਜੂਦਾ ਸਮੇਂ ਉੱਥੇ ਸਿਰਫ਼ 10 ਸਿੱਖ ਅਤੇ 4 ਹਿੰਦੂ ਰਹਿ ਰਹੇ ਹਨ। ਉੱਥੇ ਇਸਲਾਮਿਕ ਅਮੀਰਾਤ ਆਫ਼ ਅਫ਼ਗਾਨਿਸਤਾਨ ਦੀ ਤਾਲਿਬਾਨੀ ਸਰਕਾਰ ਬਣਨ ਤੋਂ ਬਾਅਦ ਹੋਈਆਂ ਹਿੰਸਕ ਘਟਨਾਵਾਂ ਦੇ ਚਲਦਿਆਂ ਲਗਭਗ ਸਾਰੇ ਅਫ਼ਗਾਨ ਹਿੰਦੂ ਤੇ ਸਿੱਖ ਪਰਿਵਾਰ ਭਾਰਤ ਸਰਕਾਰ ਦੇ ਸਹਿਯੋਗ ਨਾਲ ਆਪਣੀਆਂ ਜਾਨਾਂ ਬਚਾ ਕੇ ਦਿੱਲੀ ਆ ਚੁੱਕੇ ਹਨ। ਕਾਬੁਲ ਦੀ ਅਬਾਦੀ ਕਰਤਾ-ਏ-ਪਰਵਾਨ ਵਿਖੇ ਮਰਕਜ਼ੀ ਗੁਰਦੁਆਰਾ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਬਕਾ ਪ੍ਰਬੰਧਕ ਭਾਈ ਗੁਰਨਾਮ ਸਿੰਘ ਨੇ ਫ਼ੋਨ ’ਤੇ ਦੱਸਿਆ ਕਿ ਇਸ ਸਮੇਂ ਅਫ਼ਗਾਨਿਸਤਾਨ ਵਿਚ ਬਚੇ ਰਹਿ ਗਏ ਉਕਤ ਹਿੰਦੂ ਸਿੱਖਾਂ ਵਿਚੋਂ 2 ਸਿੱਖ ਜਲਾਲਾਬਾਦ, 4 ਗ਼ਜ਼ਨੀ ਅਤੇ 4 ਕਾਬੁਲ ’ਚ ਰਹਿ ਰਹੇ ਹਨ। ਕਾਬੁਲ ’ਚ ਰਹਿ ਰਹੇ ਉਕਤ ਸਿੱਖਾਂ ਵਿਚੋਂ ਇਕ ਸਿੱਖ ਗੁਰਦੁਆਰਾ ਕਰਤਾ-ਏ-ਪਰਵਾਨ ਵਿਖੇ ਵੀ ਰਹਿ ਰਿਹਾ ਹੈ। ਜਦਕਿ 4 ਹਿੰਦੂ ਆਸਾਮਾਈ ਖੇਤਰ ਵਿਚਲੇ ਮੰਦਰ ਵਿਚ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਇਹ 14 ਲੋਕ ਵੀ ਭਾਰਤ ਸਰਕਾਰ ਵਲੋਂ ਵੀਜ਼ਾ ਮਿਲਣ ਦੀ ਉਡੀਕ ਕਰ ਰਹੇ ਹਨ ਅਤੇ ਜੇਕਰ ਇਨ੍ਹਾਂ ਨੂੰ ਪਹਿਲਾਂ ਵੀਜ਼ੇ ਮਿਲ ਗਏ ਹੁੰਦੇ ਤਾਂ ਹੁਣ ਤਕ ਇਹ ਸਭ ਲੋਕ ਅਫ਼ਗਾਨਿਸਤਾਨ ਛੱਡ ਚੁਕੇ ਹੁੰਦੇ। ਉਨ੍ਹਾਂ ਕਿਹਾ ਕਿ ਕਰਤਾ-ਏ-ਪਰਵਾਨ ਇਲਾਕਾ ਹਿੰਦੂ ਤੇ ਸਿੱਖ ਭਾਈਚਾਰਿਆਂ ਦੀ ਵੱਡੀ ਅਬਾਦੀ ਕਾਰਨ ਇਸਲਾਮਿਕ ਦੇਸ਼ ਅਫ਼ਗਾਨਿਸਤਾਨ ’ਚ ਵਿਭਿੰਨਤਾ ਦਾ ਪ੍ਰਤੀਬਿੰਬ ਰਿਹਾ ਹੈ । ਗੁਰਦੁਆਰਾ ਕਰਤਾ-ਏ-ਪਰਵਾਨ ’ਚ ਪਹਿਲਾਂ ਸ਼ਰਧਾਲੂਆਂ ਦੀ ਚੰਗੀ ਰੌਣਕ ਰਹਿੰਦੀ ਸੀ ਪਰ ਵੱਡੀ ਗਿਣਤੀ ਵਿਚ ਸਿੱਖਾਂ ਤੇ ਹਿੰਦੂਆਂ ਦੇ ਅਫ਼ਗਾਨਿਸਤਾਨ ਤੋਂ ਹਿਜਰਤ ਕਰਕੇ ਚਲੇ ਜਾਣ ਕਰਕੇ ਹੁਣ ਉੱਥੇ ਸੰਨਾਟਾ ਪਸਰਿਆ ਹੋਇਆ ਹੈ । ਦੱਸਿਆ ਜਾ ਰਿਹਾ ਹੈ ਕਿ ਅਫ਼ਗਾਨਿਸਤਾਨ ਵਿਚ ਸਾਲ 1970 ਵਿਚ ਸਿੱਖਾਂ ਦੀ ਅਬਾਦੀ ਲਗਭਗ ਇਕ ਲੱਖ ਸੀ ਪਰ ਦੇਸ਼ ਵਿਚ ਦਹਾਕਿਆਂ ਦੇ ਸੰਘਰਸ਼ ਤੇ ਗਰੀਬੀ ਨੇ ਲਗਭਗ ਸਾਰੀ ਹਿੰਦੂ ਸਿੱਖ ਅਬਾਦੀ ਨੂੰ ਅਫ਼ਗਾਨਿਸਤਾਨ ਛੱਡਣ ਲਈ ਮਜਬੂਰ ਕਰ ਦਿੱਤਾ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਅੱਤਵਾਦੀ ਹਮਲੇ ਤੋਂ ਬਾਅਦ ਗੁਰਦੁਆਰਾ ਸਾਹਿਬ ਦੀ ਨਵਉਸਾਰੀ ਤੇ ਮੁਰੰਮਤ ਦੇ ਹੋਰ ਕੰਮ ਤਾਲਿਬਾਨ ਸਰਕਾਰ ਨੇ ਮੁਕੰਮਲ ਕਰਵਾ ਦਿੱਤੇ ਹਨ।

ਅੰਮ੍ਰਿਤਸਰ ਟਾਈਮਜ਼ AMRITSAR TIMES


ਦਰਪਣ ਝੂਠ ਨਹੀਂ ਬੋਲਦਾ

# ਸੱਤ ਫੁੱਟ ਦੋ ਇੰਚ ਕੱਦ ਵਾਲੇ ਸਿੱਖ ਗੱਭਰੂ ਨੇ ਬਣਾਈ ਵੱਖਰੀ ਪਛਾਣ

- ਸਿੱਖੀ ਸਿਧਾਂਤਾਂ ਕਾਰਨ ਫ਼ਿਲਮ ਜਾਂ ਰੈਸਲਿੰਗ ਵਿੱਚ ਨਹੀਂ ਗਏ ਸੁਖਦੇਵ ਸਿੰਘ
- ਭਾਰ 185 ਕਿੱਲੋ , ਰੋਜ਼ਾਨਾ ਖ਼ੁਰਾਕ 'ਚ ਸ਼ਾਮਿਲ ਹੈ 6 ਲੀਟਰ ਦੁੱਧ, 12 ਰੋਟੀਆਂ, ਦਹੀਂ, ਲੱਸੀ, ਮੱਖਣ ਅਤੇ ਦੇਸੀ ਘਿਓ

ਸੱਤ ਫੁੱਟ ਦੋ ਇੰਚ ਕੱਦ ਵਾਲਾ ਸੁਖਦੇਵ ਸਿੰਘ ਜਦੋਂ ਸਿੱਖੀ ਸਰੂਪ ਵਿੱਚ ਤੁਰਦਾ ਹੈ ਤਾਂ ਵੱਖਰਾ ਹੀ ਪਛਾਣਿਆ ਜਾਂਦਾ ਹੈ। ਸੁਖਦੇਵ ਸਿੰਘ ਨੇ ਆਪਣੇ ਸਿੱਖੀ ਸਿਧਾਂਤਾਂ ਤੇ ਚੱਲਦਿਆਂ ਕਿਸੇ ਵੀ ਪੰਜਾਬੀ ਫ਼ਿਲਮ ਜਾਂ ਰੈਸਲਿੰਗ ਵਿੱਚ ਜਾਣ ਦਾ ਮਨ ਨਹੀਂ ਬਣਾਇਆ ਕਿਉਂਕਿ ਉਹ ਆਪਣੇ ਧਾਰਮਿਕ ਵਿਸ਼ਵਾਸ ਨਾਲ ਕਿਸੇ ਕਿਸਮ ਦਾ ਸਮਝੌਤਾ ਨਹੀਂ ਕਰਨਾ ਚਾਹੁੰਦੇ ਸਨ । ਫ਼ਤਿਹਗੜ੍ਹ ਸਾਹਿਬ ਦੇ ਪਿੰਡ ਸੈਦਪੁਰਾ ਦੇ ਰਹਿਣ ਵਾਲੇ ਸੁਖਦੇਵ ਸਿੰਘ ਉਰਫ਼ ਸੁੱਖਾ ਬਾਬਾ ਦਾ ਭਾਰ 185 ਕਿੱਲੋ ਹੈ, ਉਹ ਦਿਨ ਵਿਚ 6 ਲੀਟਰ ਦੁੱਧ ਪੀਂਦੇ ਹਨ , 10-12 ਰੋਟੀਆਂ, ਦਹੀਂ, ਲੱਸੀ, ਮੱਖਣ, ਅਤੇ ਦੇਸੀ ਘਿਓ ਵੀ ਖਾਂਦੇ ਹਨ । ਫ਼ਿਲਮ ਵਿਚ ਉਸਨੂੰ ਰੋਲ ਆਫ਼ਰ ਹੋਇਆ ਪਰ ਉਸਨੇ ਸਿੱਖੀ ਸਰੂਪ ਨੂੰ ਤਰਜੀਹ ਦਿੱਤੀ





ਸੁਖਦੇਵ ਸਿੰਘ ਕਹਿੰਦੇ ਹਨ ਕਿ ਉਹ ਬਹੁਤ ਭਾਰੀਆਂ ਚੀਜ਼ਾਂ ਨੂੰ ਅਸਾਨੀ ਨਾਲ ਚੁੱਕ ਲੈਂਦੇ ਹਨ ਅਤੇ ਉਹਨਾਂ ਨੂੰ ਛੋਟੇ ਹੁੰਦੇ ਕਬੱਡੀ ਖੇਡਣ ਦਾ ਸ਼ੌਕ ਸੀ ਪਰ ਕੋਈ ਮੁਕਾਬਲੇ ਵਿੱਚ ਖੇਡਣ ਨੂੰ ਤਿਆਰ ਨਹੀਂ ਹੁੰਦਾ ਸੀ, ਇਸ ਲਈ ਖੇਡਣਾ ਛੱਡ ਦਿੱਤਾ। ਸੁਖਦੇਵ ਸਿੰਘ ਮੁਤਾਬਕ ਵੱਡੇ ਸਰੀਰ ਕਾਰਨ ਉਹਨਾਂ ਨੂੰ ਇਕ ਪੰਜਾਬੀ ਫ਼ਿਲਮ ਦਾ ਵੀ ਆਫ਼ਰ ਹੋਇਆ ਸੀ ਪਰੰਤੂ ਉਹਨਾਂ ਨੇ ਵਾਲ ਖੋਲ੍ਹ ਕੇ ਰੋਲ ਕਰਨ ਤੋਂ ਇਨਕਾਰ ਕਰ ਦਿੱਤਾ। ਸੁਖਦੇਵ ਸਿੰਘ ਨੇ ਅੰਮ੍ਰਿਤ ਛਕਿਆ ਹੋਇਆ ਹੈ। ਉਹ ਕਹਿੰਦੇ ਹਨ ਕਿ ਜੇਕਰ ਸ਼੍ਰੋਮਣੀ ਕਮੇਟੀ ਜਾਂ ਕੋਈ ਹੋਰ ਧਾਰਮਿਕ ਸੰਸਥਾ ਸਿੱਖੀ ਸਰੂਪ ਅਨੁਸਾਰ ਉਹਨਾਂ ਨੂੰ ਕੋਈ ਰੋਲ ਦਿੰਦੀ ਹੈ ਤਾਂ ਉਹ ਜ਼ਰੂਰ ਕਰਨਗੇ ।

ਬੇਸ਼ੱਕ ਸੁਖਦੇਵ ਸਿੰਘ ਦਾ ਕੱਦ ਗਰੇਟ ਖਲੀ ਨਾਲ ਮੇਲ ਖਾਂਦਾ ਹੈ ਪਰ ਉਹ ਖਲੀ ਵਾਂਗ ਰੈਸਲਿੰਗ ਵੱਲ ਨਹੀਂ ਜਾਣਾ ਚਾਹੁੰਦੇ ਕਿਉਂਕਿ ਉਹਨਾਂ ਮੁਤਾਬਕ ਇਸ ਨਾਲ ਸਿੱਖ ਧਰਮ ਦੀਆਂ ਰਵਾਇਤਾਂ ਬਰਕਰਾਰ ਨਹੀਂ ਰਹਿੰਦੀਆਂ। ਸੁਖਦੇਵ ਸਿੰਘ ਦੇ ਮਾਤਾ ਜੀ ਰਜਿੰਦਰ ਕੌਰ ਨੇ ਦੱਸਿਆ ਕਿ ਉਹਨਾਂ ਨੇ ਆਪਣੇ ਪੁੱਤ ਨੂੰ ਦੁੱਧ, ਘਿਓ, ਮੱਖਣੀ ਅਤੇ ਚੂਰੀ ਨਾਲ ਪਾਲਿਆ ਹੈ। ਰਜਿੰਦਰ ਕੌਰ ਦੱਸਦੇ ਹਨ, ਉਹ ਖੇਤੀ ਦਾ ਸਾਰਾ ਕੰਮ ਆਪ ਕਰਦਾ ਹੈ। ਔਖੇ ਅਤੇ ਭਾਰੇ ਕੰਮ ਵਿਚ ਸੁਖਦੇਵ ਨੂੰ ਕਿਸੇ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ।

ਉਹਨਾਂ ਦੱਸਿਆ ਕਿ ਸੁਖਦੇਵ ਸਿੰਘ ਦਾ ਕੁੜਤਾ ਪਜਾਮਾ ਬਣਾਉਣ ਲਈ 9 ਮੀਟਰ ਕੱਪੜਾ ਲੱਗਦਾ ਹੈ। ਉਸ ਦਾ ਦਰਜ਼ੀ ਪਲਵਿੰਦਰ ਸਿੰਘ ਦਾ ਕਹਿੰਦਾ ਹੈ ਕਿ ਉਸਦੇ ਕੁੜਤੇ ਪਜਾਮੇ ਨੂੰ ਤਿਆਰ ਕਰਨ ਲਈ ਆਮ ਲੋਕਾਂ ਦੇ ਕੱਪੜੇ ਬਣਾਉਣ ਨਾਲੋਂ ਦੁੱਗਣਾ ਸਮਾਂ ਲੱਗਦਾ ਹੈ। ਸੁਖਦੇਵ ਸਿੰਘ ਦੀ ਜੁੱਤੀ ਵੀ ਸਪੈਸ਼ਲ ਬਣਦੀ ਹੈ ਤੇ ਕਰੀਬ 16 ਨੰਬਰ ਦੀ ਜੁੱਤੀ ਆਉਂਦੀ ਹੈ।

ਸੁਖਦੇਵ ਸਿੰਘ ਨੇ ਦੱਸਿਆ ਕਿ ਜਦੋਂ ਉਹ ਸਕੂਲ ਵਿੱਚ ਪੜ੍ਹਦੇ ਸਨ ਤਾਂ ਉਹਨਾ ਦੇ ਪਿੱਛੇ ਬੈਠਣ ਵਾਲੇ ਬੱਚਿਆਂ ਨੂੰ ਕੁਝ ਨਹੀਂ ਦਿਖਦਾ ਸੀ। ਉਸਨਾ ਨੇ ਅੱਠਵੀਂ ਕਲਾਸ ਤੋਂ ਬਾਅਦ ਪੜ੍ਹਾਈ ਬੰਦ ਕਰ ਦਿੱਤੀ ਸੀ। ਸੁਖਦੇਵ ਸਿੰਘ ਕਹਿੰਦੇ ਹਨ ਕਿ ਉਹਨਾ ਨੂੰ ਕਾਰ ਅਤੇ ਬੱਸ ਵਿੱਚ ਸਫ਼ਰ ਕਰਨ ਵਿਚ ਦਿੱਕਤ ਆਉਂਦੀ ਹੈ ਜਿਸ ਕਰਕੇ ਉਹ ਅਕਸਰ ਸਫ਼ਰ ਮੋਟਰਸਾਈਕਲ 'ਤੇ ਹੀ ਕਰਦੇ ਹਨ ।

# ਕਿਰਤੀ ਕਿਸਾਨ ਦੇ ਪੁੱਤ ਨੇ ਹਾਸਲ ਕੀਤਾ ਮਿਕਸਡ ਮਾਰਸ਼ਲ ਆਰਟ 'ਚੋਂ ਅੱਵਲ ਸਥਾਨ

ਸਰਕਾਰਾਂ ਦੀ ਬੇ-ਰੁਖ਼ੀ ਦਾ ਸ਼ਿਕਾਰ ਹੋ ਕੇ ਕਈ ਚੰਗੇ ਖਿਡਾਰੀ ਨਸ਼ਿਆਂ ਵਿਚ ਪੈ ਜਾਂਦੇ ਹਨ ਪਰ ਗੁਰਦਾਸਪੁਰ ਦੇ ਇਕ ਛੋਟੇ ਜਿਹੇ ਪਿੰਡ ਖੋਖਰ ਦਾ ਰਹਿਣ ਵਾਲੇ ਕਰਨਦੀਪ ਸਿੰਘ ਨੇ ਗ਼ਰੀਬ ਹੋਣ ਦੇ ਬਾਵਜੂਦ ਕਲਕੱਤਾ ਤੋਂ ਮਿਕਸਡ ਮਾਰਸ਼ਲ ਆਰਟ ਵਿਚੋਂ ਪਹਿਲਾਂ ਸਥਾਨ ਹਾਸਲ ਕੀਤਾ ਹੈ। ਇਸ ਸਬੰਧੀ ਕਰਨਦੀਪ ਸਿੰਘ ਨੇ ਕਿਹਾ ਕਿ ਉਹ ਮਿਕਸਡ ਮਾਰਸ਼ਲ ਆਰਟ ਦਾ ਅਭਿਆਸ ਕਰਨ ਲਈ ਘਰੋਂ ਸ਼ਹਿਰ ਕਰੀਬ 15 ਕਿੱਲੋਮੀਟਰ ਦੂਰ ਸਾਈਕਲ ਤੇ ਜਾਂਦਾ ਸੀ ਅਤੇ ਕਈ ਵਾਰੀ ਤਾਂ ਸਾਈਕਲ ਵੀ ਨਹੀਂ ਹੁੰਦਾ ਸੀ ਤੇ ਕਿਰਾਇਆ ਨਾ ਹੋਣ ਕਾਰਨ ਉਹ ਕਿਸੇ ਰਾਹਗੀਰ ਤੋਂ ਮਦਦ ਲੈ ਕੇ ਜਾਂ ਪੈਦਲ ਹੀ ਅਭਿਆਸ ਲਈ ਜਾਂਦਾ ਸੀ। ਕਰਨਦੀਪ ਨੇ ਕਿਹਾ ਕਿ ਇਕ ਸਮਾਂ ਇਹੋ ਜਿਹਾ ਆ ਗਿਆ ਸੀ ਲੋਕਾਂ ਅਤੇ ਰਿਸ਼ਤੇਦਾਰਾਂ ਨੇ ਉਸਨੂੰ ਮਿਹਣੇ ਦੇਣੇ ਸ਼ੁਰੂ ਕਰ ਦਿੱਤੇ ਸੀ ਕਿ ਇਸਦਾ ਕੁਝ ਨਹੀਂ ਬਣਨਾ, ਖੇਡ ਛੱਡ ਦੇਵੇ ਤੇ ਕੋਈ ਕੰਮ ਕਰੇ ਪਰ ਕਰਨਦੀਪ ਨੇ ਲੋਕਾਂ ਦੀ ਨਹੀਂ ਸੁਣੀ



ਅਤੇ ਆਪਣੀ ਮਿਹਨਤ ਜਾਰੀ ਰੱਖੀ।

10 ਸਾਲ ਦੀ ਸਖ਼ਤ ਮਿਹਨਤ ਤੋਂ ਬਾਅਦ ਹੁਣ ਉਸ ਨੂੰ ਮੁਕਾਮ ਮਿਲਿਆ ਹੈ। ਪੂਰੇ ਪੰਜਾਬ ਵਿਚੋਂ ਇਸ ਖੇਡ ਵਿੱਚ ਸਿਰਫ਼ ਕਰਨ ਖੇਡਣ ਲਈ ਗਿਆ ਅਤੇ ਜਿੱਤ ਕੇ ਵਾਪਸ ਆਇਆ। ਕਰਨ ਨੇ ਕਿਹਾ ਕਿ ਸਾਡੀ ਪੰਜਾਬ ਸਰਕਾਰ ਖਿਡਾਰੀਆਂ ਦੀ ਸਾਰ ਨਹੀਂ ਲੈਂਦੀ ਅਤੇ ਕਈ ਕਾਰਨਾਂ ਕਰਕੇ ਖਿਡਾਰੀ ਨਸ਼ੇ ਵਿਚ ਪੈ ਜਾਂਦੇ ਹਨ। ਜਦੋਂਕਿ ਸਾਡਾ ਗੁਆਂਢੀ ਸੂਬਾ ਹਰਿਆਣਾ ਖਿਡਾਰੀਆਂ ਦੀ ਕਦਰ ਕਰਦਾ ਹੈ ਜਿਸ ਕਰਕੇ ਉੱਥੇ ਚੰਗੇ ਖਿਡਾਰੀ ਪੈਦਾ ਹੁੰਦੇ ਹਨ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਰਨਦੀਪ ਸਿੰਘ ਦੇ ਪਿਤਾ ਨੇ ਕਿਹਾ ਕਿ ਕਰਨਦੀਪ ਸਿੰਘ ਸ਼ੁਰੂ ਤੋਂ ਹੀ ਬਹੁਤ ਮਿਹਨਤੀ ਸੀ। ਉਸਨੇ ਕਿਹਾ ਕਿ ਘਰ ਤੇ ਹਾਲਾਤ ਕਾਫ਼ੀ ਜ਼ਿਆਦਾ ਮਾੜੇ ਹੋਣ ਕਰਕੇ ਉਸਦੀ ਖ਼ੁਰਾਕ ਪੂਰੀ ਨਹੀਂ ਸੀ ਹੁੰਦੀ ਅਤੇ ਪਿੰਡ ਤੋਂ ਕਰੀਬ 15 ਕਿੱਲੋਮੀਟਰ ਦੂਰ ਗੁਰਦਾਸਪੁਰ ਸ਼ਹਿਰ ਚ ਉਹ ਅਭਿਆਸ ਕਰਨ ਲਈ ਸਾਈਕਲ ਤੇ ਜਾਂਦਾ ਸੀ। ਉਹਨਾਂ ਨੇ ਕਿਹਾ ਕਿ ਕਰਨ ਨੂੰ ਕਰੀਬ 10 ਸਾਲ ਹੋ ਚੁੱਕੇ ਨੇ ਮਿਹਨਤ ਕਰਦੇ, ਉਸਨੇ ਲਗਾਤਾਰ ਅਭਿਆਸ ਜਾਰੀ ਰੱਖਿਆ ਜਿਸ ਦੌਰਾਨ ਉਸਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਕਰਨਦੀਪ ਅਭਿਆਸ ਕਰਨ ਦੇ ਨਾਲ-ਨਾਲ ਖੇਤੀ ਵਿਚ ਵੀ ਸਾਡੇ ਨਾਲ ਕੰਮ ਕਰਦਾ ਸੀ।

# ਸਿੱਖ ਭਾਈਚਾਰੇ ਨੂੰ 75 ਵਰ੍ਹਿਆਂ ਬਾਅਦ ਪਾਕਿਸਤਾਨ 'ਚ ਵੱਖਰੀ ਕੌਮ ਵਜੋਂ ਮਿਲੀ ਮਾਨਤਾ

ਦੇਸ਼ ਦੀ ਵੰਡ ਦੇ 75 ਵਰ੍ਹਿਆਂ ਬਾਅਦ ਪਾਕਿਸਤਾਨ ਵਿੱਚ ਪਹਿਲੀ ਵਾਰ ਉੱਥੇ ਰਹਿ ਰਹੇ ਸਿੱਖ ਪੰਥ ਨੂੰ ਵੱਖਰੀ ਕੌਮ ਵਜੋਂ ਮਾਨਤਾ ਮਿਲੀ ਹੈ । ਜਨਗਣਨਾ ਸੂਚੀ ਵਿੱਚ ਸਿੱਖ ਪੰਥ ਨੂੰ ਸ਼ਾਮਿਲ ਨਾ ਕੀਤੇ ਜਾਣ ਦੇ ਮਾਮਲੇ ਸੰਬੰਧੀ ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਸਿੱਖਾਂ ਦੇ ਹੱਕ ਵਿੱਚ ਆਪਣਾ ਫ਼ੈਸਲਾ ਸੁਣਾਇਆ ਹੈ । ਵਕੀਲ ਸ਼ਾਹਿਦ ਰਜ਼ਾ ਮਲਿਕ ਦੀ ਮਾਰਫ਼ਤ ਪਿਸ਼ਾਵਰ ਹਾਈਕੋਰਟ ਵਿਚ 23 ਮਾਰਚ 2017 ਨੂੰ ਪਿਸ਼ਾਵਰੀ ਸਿੱਖ ਸੰਗਤ ਦੇ ਗੁਰਪਾਲ ਸਿੰਘ ਸਮੇਤ 5 ਹੋਰਨਾਂ ਸਿੱਖਾਂ ਵੱਲੋਂ ਦਾਇਰ ਪਟੀਸ਼ਨ ਦੇ ਲਗਭਗ ਸਾਢੇ 5 ਸਾਲ ਬਾਅਦ ਸੁਪਰੀਮ ਕੋਰਟ ਚ ਮਾਮਲਾ ਪਹੁੰਚਣ ਤੇ ਜੱਜ ਨੇ ਚੀਫ਼ ਮਰਦਮਸ਼ੁਮਾਰੀ ਕਮਿਸ਼ਨਰ, ਪਾਕਿਸਤਾਨ ਬਿਊਰੋ ਆਫ਼ ਸਟੇਟਿਕਸ ਅਤੇ ਸੰਬੰਧਿਤ ਮੰਤਰਾਲੇ ਸਮੇਤ ਹੋਰਨਾਂ ਨੂੰ ਨੋਟਿਸ ਜਾਰੀ ਕਰਦਿਆਂ ਇਹ ਹੁਕਮ ਜਾਰੀ ਕੀਤਾ ਕਿ ਮਰਦਮਸ਼ੁਮਾਰੀ ਦੇ ਫਾਰਮਾਂ ਵਿਚ ਸਿੱਖ ਭਾਈਚਾਰੇ ਨੂੰ ਵੱਖਰੇ ਤੌਰ ਤੇ ਪਛਾਣ ਦਿੰਦਿਆਂ ਸਿੱਖ ਕੌਮ ਲਈ ਵੱਖਰਾ ਕਾਲਮ ਬਣਾਇਆ ਜਾਵੇ। ਅਦਾਲਤ ਵਿੱਚ ਸੁਣਵਾਈ ਮੌਕੇ ਪਾਕਿ ਸੰਘੀ ਗ੍ਰਹਿ ਮੰਤਰਾਲੇ ਤਰਫ਼ੋਂ ਮਨਜ਼ੂਰ ਖ਼ਾਨ ਖ਼ਾਲਿਦ ਅਤੇ ਪਾਕਿਸਤਾਨ ਬਿਊਰੋ ਆਫ਼ ਸਟੇਟਿਕਸ ਵੱਲੋਂ ਹਬੀਬਉੱਲਾ ਖ਼ਾਨ ਵੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਪਾਕਿ ਵਿਚ ਹੋ ਰਹੀ ਮਰਦਮਸ਼ੁਮਾਰੀ ਦੇ ਫਾਰਮਾਂ ਵਿਚ ਪਾਕਿਸਤਾਨ ਵਿੱਚ ਰਹਿੰਦੇ ਸਿੱਖ ਭਾਈਚਾਰੇ ਨੂੰ ਕਾਲਮ ਨੰਬਰ 6 ਵਿਚ ਅਦਰ ਭਾਵ ਹੋਰਨਾਂ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਸੀ, ਜਿਸ ਨਾਲ ਸਿੱਖ ਭਾਈਚਾਰੇ ਦੀ ਅਸਲ ਆਬਾਦੀ ਬਾਰੇ ਕਿਸੇ ਨੂੰ ਜਾਣਕਾਰੀ ਨਹੀਂ ਮਿਲ ਰਹੀ ਸੀ । ਅਦਾਲਤ ਦੇ ਫ਼ੈਸਲੇ ਤੇ ਖ਼ੁਸ਼ੀ ਜ਼ਾਹਿਰ ਕਰਦਿਆਂ ਪਿਸ਼ਾਵਰੀ ਸਿੱਖ ਸੰਗਤ ਦੇ ਆਗੂ ਗੁਰਪਾਲ ਸਿੰਘ ਨੇ ਪਾਕਿ ਚ ਰਹਿੰਦੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਮਰਦਮਸ਼ੁਮਾਰੀ ਦੇ ਨਵੇਂ ਫਾਰਮ ਜਿਨ੍ਹਾਂ ਵਿਚ ਸਿੱਖ ਕੌਮ ਦਾ ਵੱਖਰਾ ਕਾਲਮ ਬਣਾਇਆ ਜਾਵੇਗਾ, ਤੇ ਹੀ ਆਪਣਾ ਵੇਰਵਾ ਦਰਜ ਕਰਾਉਣ। ਇਹ ਵੀ ਜਾਣਕਾਰੀ ਮਿਲੀ ਹੈ ਕਿ ਕਰਾਚੀ ਦੀ ਸਿੰਧ ਹਾਈਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਦੇ ਜਵਾਬ ਵਿਚ ਅਦਾਲਤ ਨੇ ਨੋਟਿਸ ਜਾਰੀ ਕਰਦਿਆਂ ਭਵਿੱਖ ਵਿਚ ਮਰਦਮਸ਼ੁਮਾਰੀ ਫਾਰਮਾਂ ਵਿੱਚ ਸਿੱਖ ਧਰਮ ਨੂੰ ਵੱਖਰੇ ਕਾਲਮ ਵਿਚ ਦਰਜ ਕਰਨ ਦੀ ਹਦਾਇਤ ਜਾਰੀ ਕੀਤੀ ਹੈ ।ਜਨਗਣਨਾ ਦੀ ਸੂਚੀ ਵਿਚ ਪਾਕਿ ਦੇ ਸਭ ਤੋਂ ਛੋਟੇ ਘੱਟ-ਗਿਣਤੀ ਸਿੱਖ ਭਾਈਚਾਰੇ ਨੂੰ ਸ਼ਾਮਿਲ ਨਾ ਕੀਤੇ ਜਾਣ ਕਾਰਨ ਪਾਕਿਸਤਾਨੀ ਸਿੱਖਾਂ ਵਿੱਚ ਭਾਰੀ ਰੋਸ ਬਣਿਆ ਹੋਇਆ ਸੀ ਅਤੇ ਉਨ੍ਹਾਂ ਨੇ ਸਾਫ਼ ਤੌਰ ਤੇ ਕਿਹਾ ਸੀ ਕਿ ਜੇਕਰ ਸਿੱਖ ਭਾਈਚਾਰੇ ਨੂੰ ਪਾਕਿ ਦੇ ਹੋਰਨਾਂ ਘੱਟ-ਗਿਣਤੀ ਭਾਈਚਾਰਿਆਂ ਵਾਂਗੂ ਬਰਾਬਰੀ ਦਾ ਹੱਕ ਨਾ ਦਿੱਤਾ ਗਿਆ ਤਾਂ ਉਹ ਜਨਗਣਨਾ ਦਾ ਬਾਈਕਾਟ ਕਰਨਗੇ। ਪਿਛਲੀ ਜਨਗਣਨਾ ਮੁਤਾਬਿਕ ਪਾਕਿ ਵਿੱਚ ਸਿੱਖ ਭਾਈਚਾਰੇ ਦੀ ਕੁੱਲ ਆਬਾਦੀ 18 ਹਜ਼ਾਰ ਦੇ ਲਗਪਗ ਅਤੇ ਸਿੱਖ ਵੋਟਰਾਂ ਦੀ ਗਿਣਤੀ 6193 ਸੀ । ਇਨ੍ਹਾਂ ਵਿਚੋਂ ਸੂਬਾ ਖ਼ੈਬਰ ਪਖਤੂਨਖਵਾ ਵਿੱਚ 2597, ਸਿੰਧ ਚ 1477, ਪੰਜਾਬ ਚ 1157, ਫਾਟਾ ਵਿੱਚ 730, ਬਲੋਚਿਸਤਾਨ ਚ 225 ਅਤੇ ਇਸਲਾਮਾਬਾਦ ਵਿਚ 7 ਸਿੱਖ ਵੋਟਰ ਸਨ ।

# ਪੰਜਾਬ ਦੀ ਆਰਥਿਕਤਾ ਲੜਖੜ੍ਹਾਈ, ਅਕਤੂਬਰ ਤੱਕ 13,940 ਕਰੋੜ ਦਾ ਕਰਜ਼ਾ ਚੁੱਕਿਆ

ਪੰਜਾਬ ਦੇ ਵਿੱਤ ਮੰਤਰੀ ਵੱਲੋਂ ਸੂਬੇ ਦੀ ਵਿੱਤੀ ਸਥਿਤੀ ਵਿੱਚ ਸੁਧਾਰ ਸੰਬੰਧੀ ਕੀਤੇ ਜਾ ਰਹੇ ਦਾਅਵਿਆਂ ਦੇ ਬਾਵਜੂਦ ਪੰਜਾਬ ਦੀ ਆਮਦਨ ਵਿਚ ਗਿਰਾਵਟ ਲਗਾਤਾਰ ਜਾਰੀ ਹੈ। ਅਕਾਊਂਟੈਂਟ ਜਨਰਲ ਆਫ਼ ਇੰਡੀਆ ਦੇ ਅਨੁਸਾਰ ਅਕਤੂਬਰ 2022 ਤੱਕ ਦੇ ਪ੍ਰਾਪਤ ਹੋਏ ਰਾਜ ਸਰਕਾਰ ਦੇ ਅੰਕੜਿਆਂ ਮੁਤਾਬਿਕ ਰਾਜ ਦੀ ਆਮਦਨ ਦੇ ਸਾਰੇ ਮੁੱਖ ਸਰੋਤਾਂ ਤੋਂ ਆਮਦਨ ਵਿੱਚ ਕਮੀ ਰਿਕਾਰਡ ਕੀਤੀ ਗਈ ਹੈ। ਇਸ ਦੇ ਉਲਟ ਰਾਜ ਸਰਕਾਰ ਵੱਲੋਂ ਅਕਤੂਬਰ 2022 ਤਕ ਦੇ ਸੱਤ ਮਹੀਨਿਆਂ ਦੌਰਾਨ 13940.15 ਕਰੋੜ ਰੁਪਏ ਦਾ ਕਰਜ਼ਾ ਵੀ ਚੁੱਕਿਆ ਗਿਆ ਜੋ ਕਿ ਮਗਰਲੇ ਸਾਲ ਅਕਤੂਬਰ ਤੱਕ ਚੁੱਕੇ ਗਏ ਕਰਜ਼ੇ ਤੋਂ 2812 ਕਰੋੜ ਰੁਪਏ ਵੱਧ ਹੈ। ਇਸੇ ਤਰ੍ਹਾਂ ਅਕਤੂਬਰ 2022 ਤਕ ਰਾਜ ਵੱਲੋਂ 8795.95 ਕਰੋੜ ਰੁਪਏ ਵਿਆਜ ਦੇ ਰੂਪ ਵਿਚ ਵੀ ਅਦਾ ਕੀਤੇ ਗਏ ਜੋ ਕਿ ਮਗਰਲੇ ਸਾਲ ਨਾਲੋਂ ਵੱਧ ਹੈ। ਮਗਰਲੇ ਸਾਲ ਅਕਤੂਬਰ ਤਕ ਸਰਕਾਰ ਵੱਲੋਂ ਚੋਣਾਂ ਵਾਲਾ ਸਾਲ ਹੋਣ ਦੇ ਬਾਵਜੂਦ 11128.40 ਕਰੋੜ ਦਾ ਕੁੱਲ ਕਰਜ਼ਾ ਚੁੱਕਿਆ ਸੀ। ਮੌਜੂਦਾ ਸਰਕਾਰ ਜਿਸ ਵੱਲੋਂ ਨਵੀਂ ਆਬਕਾਰੀ ਨੀਤੀ ਰਾਹੀਂ ਆਮਦਨ ਵਿਚ ਵੱਡਾ ਵਾਧਾ ਕਰਨ ਦੇ ਦਾਅਵੇ ਕੀਤੇ ਗਏ ਸਨ, ਲੇਕਿਨ ਅਪ੍ਰੈਲ-ਅਕਤੂਬਰ 2022 ਤੱਕ ਮਗਰਲੇ ਸਾਲ ਨਾਲੋਂ ਆਮਦਨ ਵਿਚ 0.30 ਫ਼ੀਸਦੀ ਦੀ ਕਮੀ ਆਈ ਹੈ। ਅਗਸਤ ਵਿਚ ਇਹ ਕਮੀ 0.2 ਫ਼ੀਸਦੀ ਸੀ। ਰਾਜ ਸਰਕਾਰ ਵੱਲੋਂ ਵਿੱਤੀ ਸਾਲ ਦੌਰਾਨ 9647.87ਕਰੋੜ ਦੀ ਆਮਦਨ ਦਾ ਟੀਚਾ ਰੱਖਿਆ ਸੀ ਲੇਕਿਨ ਅਕਤੂਬਰ 2022 ਦੀ ਪ੍ਰਾਪਤੀ ਕੇਵਲ 4719.12ਕਰੋੜ ਹੈ। ਇਸੇ ਤਰ੍ਹਾਂ ਪੈਟਰੋਲ ਤੋਂ ਵੀ ਆਮਦਨ ਵਿੱਚ ਅਕਤੂਬਰ 2022 ਤੱਕ 16.62 ਫ਼ੀਸਦੀ ਦੀ ਕਮੀ ਰਿਕਾਰਡ ਕੀਤੀ ਗਈ ਹੈ। ਮਗਰਲੇ ਸਾਲ ਅਕਤੂਬਰ 2021 ਤੱਕ ਪੈਟਰੋਲੀਅਮ ਪਦਾਰਥਾਂ ਤੋਂ ਜੋ ਆਮਦਨ 4275 ਕਰੋੜ ਸੀ ਇਸ ਸਾਲ ਘਟ ਕੇ 3345 ਕਰੋੜ ਰਹਿ ਗਈ ਹੈ ਜੋ ਕਿ 930 ਕਰੋੜ ਦੀ ਕਮੀ ਹੈ। ਇਸੇ ਤਰ੍ਹਾਂ ਅਸ਼ਟਾਮ ਡਿਊਟੀ ਸੰਬੰਧੀ ਹੁਣ ਤੱਕ 3.28 ਫ਼ੀਸਦੀ ਦੀ ਕਮੀ ਆ ਰਹੀ ਹੈ। ਅਸ਼ਟਾਮ ਡਿਊਟੀ ਤੋਂ ਸਰਕਾਰ ਵੱਲੋਂ 3600 ਦੇ ਮਾਲੀਏ ਦਾ ਟੀਚਾ ਰੱਖਿਆ ਗਿਆ ਸੀ ਜਦੋਂ ਕਿ ਅਕਤੂਬਰ 2022 ਤੱਕ 2160 ਕਰੋੜ ਦੀ ਪ੍ਰਾਪਤੀ ਹੀ ਹੋਈ ਹੈ। ਇਸ ਵੇਲੇ ਦੇਸ਼ ਵਿਚ ਭਾਵੇਂ ਜੀ.ਐਸ.ਟੀ ਤੋਂ ਆਮਦਨ ਲਗਾਤਾਰ ਵਧ ਰਹੀ ਹੈ ਲੇਕਿਨ ਪੰਜਾਬ ਵਿਚ ਜੀ.ਐਸ.ਟੀ ਤੋਂ ਪ੍ਰਾਪਤੀ ਘੱਟ ਰਹੀ ਹੈ। ਅਕਤੂਬਰ 2022 ਤੱਕ ਸੂਬੇ ਦਾ ਮਾਲੀ ਘਾਟਾ ਵਧ ਕੇ 11.10 ਫ਼ੀਸਦੀ ਹੋ ਗਿਆ। ਵਿੱਤੀ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੀ ਹਾਲਤ ਦੌਰਾਨ ਜਦੋਂ ਸਰਕਾਰ ਆਪਣੇ ਖ਼ਰਚਿਆਂ ਵਿਚ ਕਮੀ ਲਿਆਉਣ ਅਤੇ ਆਮਦਨ ਨੂੰ ਵਧਾਉਣ ਵਿਚ ਅਸਫਲ ਸਾਬਤ ਹੋ ਰਹੀ ਹੈ, ਰਾਜ ਸਿਰ ਕਰਜ਼ੇ ਦੀ ਪੰਡ ਲਗਾਤਾਰ

# ਲਖੀਮਪੁਰ ਹਿੰਸਾ ਕੇਸ ਦੇ ਗਵਾਹਾਂ ਉੱਤੇ ਕਿਰਪਾਨ ਨਾਲ ਹੋਇਆ ਹਮਲਾ

## ਹਮਲੇ ਪਿੱਛੇ ਆਸ਼ੀਸ਼ ਮਿਸ਼ਰਾ ਦੇ ਸਹਿਯੋਗੀਆਂ ਦਾ ਹੱਥ ਹੋਣ ਦਾ ਦਾਅਵਾ

### ਪੁਲਿਸ ਅਨੁਸਾਰ ਹਮਲਾ ਦੋਵਾਂ ਧਿਰਾਂ ਦਰਮਿਆਨ ਪੁਰਾਣੀ ਰੰਜਿਸ਼ ਦਾ ਨਤੀਜਾ, ਪੁਰਾਣੇ ਕੇਸ ਨਾਲ ਕੋਈ ਸਬੰਧ ਨਹੀਂ

ਲਖੀਮਪੁਰ ਖੀਰੀ (ਯੂ.ਪੀ.) :- ਲਖੀਮਪੁਰ ਖੀਰੀ ਹਿੰਸਾ ਕੇਸ ਦੇ ਮੁੱਖ ਗਵਾਹਾਂ ਪ੍ਰਭਜੋਤ ਸਿੰਘ ਤੇ ਉਸ ਦੇ ਭਰਾ ਸਰਵਜੀਤ ਸਿੰਘ 'ਤੇ ਕੁਝ ਲੋਕਾਂ ਨੇ ਕਿਰਪਾਨ ਨਾਲ ਹਮਲਾ ਕੀਤਾ ਹੈ। ਹਮਲੇ ਦੌਰਾਨ ਸਰਵਜੀਤ ਦੇ ਗੰਭੀਰ ਸੱਟਾਂ ਲੱਗੀਆਂ ਹਨ ਜਦੋਂ ਕਿ ਪ੍ਰਭਜੋਤ ਦੇ ਸੱਟ-ਫੇਟ ਤੋਂ ਬਚਾਅ ਰਿਹਾ। ਸਰਵਜੀਤ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਪ੍ਰਭਜੋਤ ਨੇ ਤਿਕੁਨੀਆ ਪੁਲਿਸ ਥਾਣੇ ਨੂੰ ਦਿੱਤੀ ਸ਼ਿਕਾਇਤ ਵਿੱਚ ਹਮਲੇ ਪਿੱਛੇ ਆਸ਼ੀਸ਼ ਮਿਸ਼ਰਾ ਦੇ ਸਹਿਯੋਗੀਆਂ ਦਾ ਹੱਥ ਹੋਣ ਦਾ ਦਾਅਵਾ ਕੀਤਾ ਹੈ। ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦਾ ਪੁੱਤਰ ਆਸ਼ੀਸ਼ ਮਿਸ਼ਰਾ ਲਖੀਮਪੁਰ ਖੀਰੀ ਹਿੰਸਾ ਕੇਸ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਹੈ। ਪਿਛਲੇ ਸਾਲ 3 ਅਕਤੂਬਰ ਨੂੰ ਲਖੀਮਪੁਰ ਖੀਰੀ ਵਿੱਚ ਹੋਈ ਹਿੰਸਾ ਵਿੱਚ ਚਾਰ ਕਿਸਾਨਾਂ ਤੇ ਇਕ ਪੱਤਰਕਾਰ ਸਣੇ ਕੁੱਲ 8 ਵਿਅਕਤੀ ਮਾਰੇ ਗਏ ਸਨ।ਪ੍ਰਭਜੋਤ ਸਿੰਘ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਕਿ ਉਹ ਆਪਣੇ ਦੋਸਤ ਦੀ ਪਾਰਟੀ ਵਿਚ ਸ਼ਾਮਲ ਹੋਣ ਲਈ ਤਿਕੁਨੀਆ ਗਏ ਸਨ, ਜਿੱਥੇ ਮੁਲਜ਼ਮ ਵਿਕਾਸ ਚਾਵਲਾ ਨੇ ਆਪਣੇ ਕੁਝ ਸਾਥੀਆਂ ਨਾਲ ਉਨ੍ਹਾਂ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ। ਪੁਲਿਸ ਨੇ ਪੀੜਤ ਦੀ ਸ਼ਿਕਾਇਤ 'ਤੇ ਆਈਪੀਸੀ ਦੀ ਧਾਰਾ 307 ਤਹਿਤ ਕੇਸ ਦਰਜ ਕਰ ਲਿਆ ਹੈ। ਉਧਰ ਲਖੀਮਪੁਰ ਖੀਰੀ



ਦੇ ਐੱਸਪੀ ਸੰਜੀਵ ਸੁਮਨ ਨੇ ਕਿਹਾ ਕਿ ਤਿਕੁਨੀਆ ਕੇਸ ਦੇ ਗਵਾਹ ਪ੍ਰਭਜੋਤ ਸਿੰਘ ਦਾ ਭਰਾ ਆਪਣੇ ਦੋਸਤ ਵੱਲੋਂ ਰੱਖੀ 'ਮੁੰਡਨ ਪਾਰਟੀ' ਵਿੱਚ ਗਿਆ ਸੀ, ਜਿੱਥੇ ਪਹਿਲਾਂ ਕਿਸੇ ਗੱਲੋਂ ਤਕਰਾਰ ਹੋਈ ਤੇ ਮਗਰੋਂ ਮੁਲਜ਼ਮ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਉਸ 'ਤੇ ਹਮਲਾ ਕਰ ਦਿੱਤਾ। ਐੱਸਪੀ ਨੇ ਕਿਹਾ ਹਮਲਾ ਦੋਵਾਂ ਧਿਰਾਂ ਦਰਮਿਆਨ ਪੁਰਾਣੀ ਰੰਜਿਸ਼ ਦਾ ਨਤੀਜਾ ਹੈ, ਇਸ ਘਟਨਾ ਦਾ ਸਾਲ ਪੁਰਾਣੇ ਤਿਕੁਨੀਆ ਹਿੰਸਾ ਕੇਸ ਨਾਲ ਕੋਈ ਸਬੰਧ ਨਹੀਂ ਹੈ।

# ਸ਼੍ਰੋਮਣੀ ਕਮੇਟੀ ਕੇਂਦਰੀ ਸਿੱਖ ਅਜਾਇਬ ਘਰ ਨੂੰ ਆਧੁਨਿਕ ਬਣਾਏਗੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਸਿੱਖ ਅਜਾਇਬ ਘਰ ਨੂੰ ਆਧੁਨਿਕ ਤਕਨੀਕਾਂ ਅਨੁਸਾਰ ਤਿਆਰ ਕਰਨ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਇਕ ਵਿਸ਼ਵ ਪੱਧਰੀ ਸਾਹਿਤ ਘਰ ਅਤੇ ਲਾਇਬ੍ਰੇਰੀ ਦੀ ਸਥਾਪਨਾ ਕਰਨ ਲਈ ਵੀ ਚਰਚਾ ਕੀਤੀ ਗਈ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕੇਂਦਰੀ ਸਿੱਖ ਅਜਾਇਬ ਘਰ ਨੂੰ ਨਵਿਆਉਣ ਸਬੰਧੀ ਜਾਇਜ਼ਾ ਲੈਣ ਮੌਕੇ ਕੀਤਾ।

ਉਨ੍ਹਾਂ ਕਿਹਾ ਕਿ ਕੇਂਦਰੀ ਸਿੱਖ ਅਜਾਇਬ ਘਰ ਬਾਰੇ ਇਕ ਕਮੇਟੀ ਕਾਇਮ ਕੀਤੀ ਗਈ ਹੈ, ਜਿਸ ਦੀਆਂ ਸਿਫ਼ਾਰਿਸ਼ਾਂ ਨੂੰ ਲਾਗੂ ਕੀਤਾ ਜਾਵੇਗਾ। ਇਨ੍ਹਾਂ ਮਾਮਲਿਆਂ 'ਤੇ ਜਲਦੀ ਹੀ ਅੰਤ੍ਰਿੰਗ ਕਮੇਟੀ ਵਿੱਚ ਫ਼ੈਸਲਾ ਲਿਆ ਜਾਵੇਗਾ।

# ਭਾਈ ਕੁਲਵਿੰਦਰ ਸਿੰਘ ਖਾਨਪੁਰੀ ਅਤੇ ਹੋਰ ਸਿੰਘਾਂ ਨੂੰ ਵੀਡੀਓ ਰਾਹੀਂ ਅਦਾਲਤ ਵਿਚ ਕੀਤਾ ਗਿਆ ਪੇਸ਼

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :- ਭਾਈ ਕੁਲਵਿੰਦਰ ਸਿੰਘ ਖਾਨਪੁਰੀ ਜਿਨ੍ਹਾਂ ਨੂੰ ਬੀਤੀ 16 ਨਵੰਬਰ ਨੂੰ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਦਿਖਾਇਆ ਗਿਆ ਸੀ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਸੰਗਰੂਰ ਜੇਲ੍ਹ ਤੋਂ ਐਨ ਆਈ ਏ ਅਤੇ ਸੀ ਬੀ ਆਈ ਦੇ ਜੱਜ ਰਾਕੇਸ਼ ਗੁਪਤਾ ਦੀ ਮੋਹਾਲੀ ਅਦਾਲਤ ਅੰਦਰ ਵਿਚ ਪੇਸ਼ ਕੀਤਾ ਗਿਆ। ਭਾਈ ਖਾਨਪੁਰੀ ਦੇ ਮਾਮਲੇ ਦੀ



ਸਪਲੀਮੈਂਟਰੀ ਰਾਹੀਂ ਸੁਣਵਾਈ ਕੀਤੀ ਗਈ ਸੀ ਤੇ ਇਹ ਮਾਮਲਾ ਹੋਰ ਸਿੰਘਾਂ ਦੇ ਚਲਾਨ ਵਿਚ ਜੋੜਿਆ ਜਾਏ ਜਾਂ ਨਵਾਂ ਚਲਾਨ ਪੇਸ਼ ਹੋਏਗਾ ਬਾਰੇ ਅਗਲੀ ਤਰੀਕ ਤੇ ਗੱਲਬਾਤ ਹੋਏਗੀ। ਭਾਈ ਖਾਨਪੁਰੀ ਵਲੋਂ ਪੰਥਕ ਵਕੀਲ ਭਾਈ ਜਸਪਾਲ ਸਿੰਘ ਮੰਝਪੁਰ ਮਾਮਲੇ ਵਿਚ ਅਦਾਲਤ ਅੰਦਰ ਪੇਸ਼ ਹੋਏ ਸਨ। ਇਸ ਮਾਮਲੇ 'ਤੇ ਅਗਲੀ ਸੁਣਵਾਈ 9 ਜਨਵਰੀ ਨੂੰ ਹੋਵੇਗੀ।

# ਸਿੰਘ ਨੇ ਤਿਆਰ ਕੀਤਾ ਭਾਰਤ ਦਾ ਸਭ ਤੋਂ ਵੱਡਾ 40 ਕਿਲੋ ਦਾ 'ਬਰਗਰ'

ਹੁਸ਼ਿਆਰਪੁਰ/ਏ.ਟੀ.ਨਿਊਜ਼ :- ਹੁਸ਼ਿਆਰਪੁਰ ਵਿਚ ਬਰਗਰ ਚਾਚੂ ਵੱਲੋਂ 40 ਕਿਲੋ ਦੇ ਭਾਰ ਵਾਲਾ ਭਾਰਤ ਦਾ ਸਭ ਤੋਂ ਵੱਡਾ ਬਰਗਰ ਬਣਾਇਆ ਗਿਆ ਹੈ। ਬਰਗਰ ਚਾਚੂ ਨੇ ਦੱਸਿਆ ਕਿ ਇਹ ਭਾਰਤ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਬਰਗਰ ਹੈ ਅਤੇ ਇਸ ਤੋਂ ਪਹਿਲਾਂ ਵੀ ਉਹ ਕਈ ਤਰ੍ਹਾਂ ਦੇ ਰਿਕਾਰਡ ਦਰਜ ਕਰ ਚੁੱਕੇ ਹਨ। ਬਰਗਰ ਚਾਚੂ ਨੇ ਕਿਹਾ ਕਿ ਉਹ ਹਰ ਸਾਲ ਇਸ ਤਰ੍ਹਾਂ ਦੇ ਬਰਗਰ ਬਣਾਉਂਦੇ ਹਨ ਅਤੇ ਹੁਣ ਤੱਕ 6 ਵੱਡੇ ਬਰਗਰ ਤਿਆਰ ਕਰ ਚੁੱਕੇ ਹਨ। ਇਹ ਬਰਗਰ ਉਨ੍ਹਾਂ ਦਾ 7ਵਾਂ ਬਰਗਰ ਹੈ, ਜੋ ਕਿ 40 ਕਿਲੋ ਦੇ ਭਾਰ ਵਾਲਾ ਬਰਗਰ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਉਹ ਹਮੇਸ਼ਾ ਹੀ ਚਾਹੁੰਦੇ ਹਨ ਕਿ ਉਹ ਕੁਝ ਵੱਖਰਾ ਕਰਨ, ਜਿਸ ਨੂੰ ਲੋਕ ਵੇਖਣ। ਇਸ ਬਰਗਰ ਨੂੰ ਤਿਆਰ ਕਰਨ ਲਈ 6 ਤੋਂ 7 ਕਿਲੋ ਵੱਖ ਵੱਖ ਤਰ੍ਹਾਂ ਦੀਆਂ ਚਟਨੀਆਂ



ਦੀ ਵਰਤੋਂ ਕੀਤੀ ਗਈ ਹੈ।

ਇਸ ਤੋਂ ਇਲਾਵਾ ਵੱਖ-ਵੱਖ ਸਬਜ਼ੀਆਂ ਪਾਈਆਂ ਗਈਆਂ ਹਨ। ਇਕ ਕਿਲੋ ਪਨੀਰ ਦੀ ਵਰਤੋਂ ਕਰਨ ਦੇ ਨਾਲ-ਨਾਲ ਡੇਢ ਕਿਲੋ ਦੇ ਕਰੀਬ ਸਵੀਟਜ਼ ਕੋਰਨ ਪਾਏ ਗਏ ਹਨ।



# ਅਕਾਲੀ ਦਲ ਦੀ ਚੜ੍ਹਦੀਕਲਾ ਦਾ ਇਤਿਹਾਸ ਤੇ ਅਜੋਕੇ ਅਕਾਲੀ ਦਲ ਦਾ ਨਿਘਾਰ



**ਬਲਵੰਤ ਸਿੰਘ ਖੇੜਾ**
(ਸਰਪ੍ਰਸਤ, ਸੋਸ਼ਲਿਸਟ ਪਾਰਟੀ ਆਫ਼ ਇੰਡੀਆ)






ਸ੍ਰੀ ਗੁਰੂ ਨਾਨਕ ਸਾਹਿਬ ਨੇ ਸਮੁੱਚੀ ਮਾਨਵਤਾ ਦੇ ਭਲੇ ਦੀ ਵਿਚਾਰਧਾਰਾ ਦਿੱਤੀ ਅਤੇ ਬਾਕੀ ਗੁਰੂ ਸਾਹਿਬਾਨ ਨੇ ਉਸ ਨੂੰ ਵਿਸਮਾਦੀ ਸ਼ਕਤੀ ਨਾਲ ਅੱਗੇ ਤੋਰਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਲੌਕਿਕ ਵਿਉਂਤਬੰਦੀ ਨਾਲ ਸੰਤ ਤੇ ਸਿਪਾਹੀ ਦੇ ਮਿਸ਼ਨ ਨੂੰ ਸਾਕਾਰ ਰੂਪ ਵਿਚ ਪੇਸ਼ ਕੀਤਾ। ਆਪਾ ਨਿਛਾਵਰ ਕਰਨ ਵਾਲੀ ਖ਼ਾਲਸਾ ਫ਼ੌਜ ਤਿਆਰ ਕੀਤੀ ਜਿਸ ਵਿਚ ਉਹੀ ਭਰਤੀ ਹੁੰਦਾ ਸੀ ਜੋ ਧਰਮ ਦੇ ਪ੍ਰਗਾਸ ਤੇ ਦੁਸ਼ਟਾਂ ਦੇ ਨਾਸ ਲਈ ਜਾਨ ਕੁਰਬਾਨ ਕਰਨ ਦਾ ਸਾਹਸ ਰੱਖਦਾ ਸੀ। ਇਸ ਪਰਉਪਕਾਰੀ ਮਿਸ਼ਨ ਵਿਚ ਹਰ ਕੋਈ ਭਰਤੀ ਨਹੀਂ ਹੋ ਸਕਦਾ ਅਤੇ ਨਾ ਹੀ ਕੀਤਾ ਜਾਣਾ ਚਾਹੀਦਾ ਹੈ। ਉੱਚੇ -ਸੁੱਚੇ ਕਿਰਦਾਰ ਦੇ ਲਖਾਇਕ ਕਕਾਰ ਯੋਗ ਸਿੱਖਾਂ ਨੂੰ ਹੀ ਇਹ ਕਾਰਜ ਸ਼ੋਭਾ ਦਿੰਦੇ ਹਨ। ਕੀ ਬਾਬਾ ਬੰਦਾ ਸਿੰਘ ਬਹਾਦਰ ਵਰਗਿਆਂ ਪਾਂਧੀਆਂ ਤੋਂ ਇਲਾਵਾ ਹਰ ਕੋਈ ਇਸ ਦਾਤ ਦੀ ਕਦਰ ਕਰ ਸਕਦਾ ਹੈ ? ਸਿੱਖ ਧਰਮ ਵਿਚ ਵੀ ਅਨੇਕਾਂ ਜਥੇਬੰਦੀਆਂ ਜੰਮੀਆਂ ਅਤੇ ਮਰੀਆਂ। ਦਰਜਨਾਂ ਜਥੇਬੰਦੀਆਂ ਜਰਜਰ ਹਾਲਤ ਵਿਚ ਹੋਂਦ ਰੱਖਦੀਆਂ ਹਨ। ਅਕਾਲੀ ਦਲ ਵੀ ਉਸੇ ਕੜੀ ਵਿਚ ਸਮੇਂ ਮੁਤਾਬਕ ਹੋਂਦ ਵਿਚ ਆਇਆ ਸੀ। ਇਹ 102 ਸਾਲ ਦਾ ਹੋ ਗਿਆ ਹੈ ਅਤੇ ਇਸ ਦਾ ਮੁੱਢਲਾ ਸਮਾਂ ਸੁਨਹਿਰੀ ਇਤਿਹਾਸ ਰੱਖਦਾ ਹੈ। ਸੰਨ 1952-57 ਦੌਰਾਨ ਸਿਆਸੀ ਅਕਾਲੀ ਦਲ ਵਿਚ ਜਾਗੀਰਦਾਰਾਂ ਨੂੰ ਚੌਧਰਾਂ ਤੇ ਟਿਕਟਾਂ ਮਿਲਣੀਆਂ ਸ਼ੁਰੂ ਹੋ ਗਈਆਂ। ਸਿੱਖ ਸਮਾਜ ਨੂੰ ਹੀ ਨਹੀਂ ਬਲਕਿ ਪੰਜਾਬ ਨੂੰ ਮਾੜੇ ਨਤੀਜੇ ਭੁਗਤਣੇ ਪੈ ਗਏ। ਉਦਾਹਰਨ ਵਜੋਂ ਸੰਤ ਫਤਿਹ ਸਿੰਘ ਮਰਨ ਵਰਤ ਦੀ ਅਰਦਾਸ 'ਤੇ ਪੂਰੇ ਨਾ ਉਤਰ ਸਕੇ। ਸਿਦਕੀ ਤੇ ਸਿਰੜੀ ਸਿੱਖ ਸ: ਦਰਸ਼ਨ ਸਿੰਘ ਫੇਰੂਮਾਨ ਸ਼ਹੀਦੀ ਦੇ ਕੇ ਢੌਂਗੀ ਨੇਤਾਵਾਂ ਦੇ ਪੋਲ ਖੋਲ ਗਿਆ। ਉਸ ਦਾ ਨਾਂ ਕੋਈ ਕਿਉਂ ਨਹੀਂ ਲੈਂਦਾ ? ਸੰਨ 1965 ਤਕ ਅਕਾਲੀ ਦਲ ਦੀ ਭੱਲ ਬਣੀ ਰਹੀ। ਅਕਾਲੀ ਦਲ ਵਿਚ ਵੀ ਅਤੇ ਕਾਂਗਰਸ ਵਿਚ ਵੀ ਸਾਰੇ ਹੀ ਧਰਮਾਂ ਦੇ ਲੋਕਾਂ ਨੇ ਸੰਘਰਸ਼ ਕੀਤਾ। ਏਥੋਂ ਤਕ ਕਿ ਗੋਪਾਲ ਸਿੰਘ ਕੌਮੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਪ੍ਰਧਾਨ ਬਣਿਆ ਅਤੇ ਕਾਂਗਰਸ ਦਾ ਵੀ ਪ੍ਰਧਾਨ ਬਣਿਆ। ਗੁਰਮੁਖ ਸਿੰਘ ਅਕਾਲ ਤਖ਼ਤ ਦਾ ਜਥੇਦਾਰ ਵੀ ਬਣਿਆ ਅਤੇ ਪੰਜਾਬ ਦਾ ਮੁੱਖ ਮੰਤਰੀ ਵੀ ਬਣਿਆ। ਏਥੋਂ ਤਕ ਕਿ ਕਾਮਰੇਡਾਂ ਨੇ ਵੀ ਅਕਾਲੀ ਦਲ ਦੇ ਸੰਘਰਸ਼ਾਂ ਵਿਚ ਵੱਡਾ ਹਿੱਸਾ ਪਾਇਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਰਹੇ। ਪ੍ਰਤਾਪ ਸਿੰਘ ਕੈਰੋਂ ਵੀ ਪਹਿਲਾਂ ਅਕਾਲੀ ਹੀ ਸੀ। ਸਿੱਖ ਗੁਰਦੁਆਰਾ ਲਹਿਰ ਵਿਚ ਵੀ ਸਾਰੀਆਂ ਸਿਆਸੀ ਪਾਰਟੀਆਂ ਦਾ ਚੰਗਾ ਯੋਗਦਾਨ ਸੀ। ਮਗਰੋਂ ਸਮਾਂ ਪਾ ਕੇ ਵਿਚਾਰਾਂ ਦੇ ਵਖਰੇਵਿਆਂ ਕਾਰਨ ਸਾਰੇ ਅਕਾਲੀਆਂ ਤੋਂ ਦੂਰ ਹੁੰਦੇ ਚਲੇ ਗਏ। ਅੱਜ ਤਾਂ ਇਹ ਵੀ ਸਵਾਲ ਖੜ੍ਹਾ ਹੈ ਕਿ ਕੀ ਸਿੱਖ ਪੰਥ ਦੇ ਠੇਕੇਦਾਰ ਸਹਿਜਧਾਰੀ ਸਿੱਖਾਂ ਨੂੰ ਜਾਂ ਗੁਰਬਾਣੀ ਨੂੰ ਪ੍ਰਣਾਏ ਸਿੰਧੀਆਂ ਤੇ ਹੋਰਾਂ ਨੂੰ ਸਿੱਖ ਮੰਨਣਗੇ ਜਾਂ ਨਹੀਂ ? ਕੀ ਸਿੱਖ ਮਤ ਦੀ ਧਾਰਨੀ ਸੰਗਤ ਸ੍ਰੀ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੀ ਸ਼ੋਭਾ ਨਹੀਂ ਵਧਾਉਂਦੀ ?

ਸੰਨ 1965 'ਵਿਚ ਨਿਘਾਰ ਆਇਆ ਤਾਂ ਅਨਪੜ੍ਹ ਮਹੰਤ ਤੇ ਜਾਗੀਰਦਾਰ ਅਕਾਲੀ ਦਲ ਦੇ ਪ੍ਰਧਾਨ ਬਣਾਉਣੇ ਸ਼ੁਰੂ ਕਰ ਦਿੱਤੇ। ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਬਣ ਕੇ ਜੋ ਪੰਜਾਬ ਦਾ ਘਾਣ ਕੀਤਾ ਉਹ ਕਲੰਕਿਤ ਇਤਿਹਾਸ ਹੈ। ਨਕਸਲੀ ਹੱਤਿਆਵਾਂ, ਨਿਰੰਕਾਰੀ ਕਾਂਡ ਅਤੇ 1984 ਦੇ ਕਾਲੇ ਦੌਰ ਦਾ ਇਹ ਮੁੱਖ ਦੋਸ਼ੀ ਹੈ। ਖਾੜਕੂਆਂ ਦੇ ਭੋਗਾਂ 'ਤੇ ਵੀ ਜਾਂਦਾ ਸੀ ਅਤੇ ਸਰਕਾਰਾਂ ਨਾਲ ਭਾਈਵਾਲੀ ਵੀ ਰੱਖਦਾ ਸੀ। ਇਨ੍ਹਾਂ ਦੇ ਰਾਜ ਵਿਚ ਭ੍ਰਿਸ਼ਟਾਚਾਰ, ਪਰਿਵਾਰਵਾਦ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਅਤੇ 328 ਸਰੂਪਾਂ ਦੀ ਚੋਰੀ ਆਦਿ ਵੱਡੇ ਗੁਨਾਹ ਹੋਏ ਹਨ। ਇਹ ਅਕਾਲੀ ਤਾਂ ਦੂਰ ਦੀ ਗੱਲ, ਸਾਧਾਰਨ ਸਿੱਖ ਵੀ ਨਹੀਂ ਹੈ। ਕੀ ਸਿੱਖ ਜਗਤ ਬਾਦਲ ਜੁੰਡਲੀ ਨੂੰ ਸਿੰਘ ਤਾਂ ਕੀ ਕਦੇ ਸਿੱਖ ਵੀ ਕਹਿ ਸਕੇਗਾ ? ਕਦਾਚਿਤ ਨਹੀਂ। ਇਸ ਦੀਆਂ ਦੋਗਲੇਪਨ ਦੀਆਂ ਕਹਾਣੀਆਂ ਜੱਗ ਜ਼ਾਹਰ ਹਨ। ਪੰਦਰਾਂ ਜੂਨ 1989 ਨੂੰ ਭਾਰਤ ਦੇ ਚੋਣ ਕਮਿਸ਼ਨ ਨੇ ਸਾਰੀਆਂ ਰਾਜਸੀ ਪਾਰਟੀਆਂ ਨੂੰ ਸੈਕੂਲਰ ਕਦਰਾਂ-ਕੀਮਤਾਂ 'ਤੇ ਚੱਲਣ ਲਈ ਹਲਫ਼ਨਾਮਾ ਭਰਨ ਲਈ ਕਿਹਾ। ਅਕਾਲੀ ਦਲ ਨੇ ਇਹ ਹਲਫ਼ਨਾਮਾ ਪਾਰਟੀ ਵੱਲੋਂ ਦਿੱਤਾ। ਅਕਾਲੀ ਦਲ ਵਿਰੁੱਧ ਪਾਰਟੀ ਦੇ ਦੂਹਰੇ ਸੰਵਿਧਾਨ ਸਬੰਧੀ ਚੱਲ ਰਹੇ ਕੇਸ ਵਿਚ ਟਕਸਾਲੀ ਅਕਾਲੀ ਜਥੇਦਾਰ ਮਨਜੀਤ ਸਿੰਘ ਤਰਨਤਾਰਨੀ ਤਤਕਾਲੀ ਅਕਾਲੀ ਦਲ ਦੇ ਸਕੱਤਰ ਤੇ ਖ਼ਜ਼ਾਨਚੀ ਨੇ ਤਾਜ਼ਾ ਗਵਾਹੀ ਦਿੱਤੀ ਹੈ ਕਿ ਅਸੀਂ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਗ਼ੈਰ-ਪੰਥਕ ਕੰਮ ਕਰਨ ਤੋਂ ਵਰਜਿਆ। ਪਰ ਬਾਦਲ ਨੇ ਕਿਹਾ ਕਿ ਇਕ ਵਾਰ ਕਾਰਵਾਈ ਹੋਣ ਦੇਵੋ ਤੇ ਇਸ ਤੋਂ ਬਾਅਦ ਦੇਖ ਲਵਾਂਗੇ। ਸ: ਮਨਜੀਤ ਸਿੰਘ ਤਰਨਤਾਰਨੀ ਅਨੁਸਾਰ ਉਹਨਾਂ ਆਪਣੀ ਜ਼ਮੀਰ ਦੀ ਆਵਾਜ਼ ਸੁਣਦਿਆਂ ਉਸ ਹਲਫ਼ਨਾਮੇ 'ਤੇ ਦਸਤਖ਼ਤ ਕਰਦਿਆਂ ਇਹ ਨੋਟ ਦੇ ਦਿੱਤਾ ਕਿ ਅਸੀਂ ਆਪਣੇ ਪੁਰਾਣੇ ਵਿਧਾਨ 'ਤੇ ਚੱਲਦੇ ਰਹਾਂਗੇ।ਸੰਨ 1996 ਵਿਚ ਮੋਗਾ ਕਾਨਫ਼ਰੰਸ ਵਿਚ ਇਹ ਐਲਾਨ ਕਰ ਦਿੱਤਾ ਗਿਆ ਕਿ ਇਹ ਪਾਰਟੀ ਪੰਜਾਬੀ ਪਾਰਟੀ ਬਣ ਗਈ ਹੈ। ਇਸ ਦਾ ਕਿਰਦਾਰ ਜ਼ਾਹਰ ਹੋ ਗਿਆ। ਅਕਾਲੀ ਦਲ ਦੇ ਦੂਹਰੇ ਸੰਵਿਧਾਨ ਬਣਾ ਕੇ ਰੱਖ ਦਿੱਤੇ। ਇਕ ਸੰਵਿਧਾਨ

(ਬਾਕੀ ਸਫ਼ਾ 30 'ਤੇ)

# ਕੇਂਦਰ ਵੱਲੋਂ ਦੇਸ਼ 'ਚ ਸਾਂਝਾ ਸਿਵਲ ਕੋਡ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਦਾ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ

## ਰਾਜ ਸਭਾ ਵਿੱਚ ਪੇਸ਼ ਕੀਤਾ ਗਿਆ ਬਿੱਲ ਘੱਟਗਿਣਤੀਆਂ ਵਿਰੋਧੀ : ਧਾਮੀ



ਅੰਮ੍ਰਿਤਸਰ/ਏ.ਟੀ.ਨਿਊਜ਼ :- ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਦੇਸ਼ ਵਿਚ ਸਾਂਝਾ ਸਿਵਲ ਕੋਡ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਦਾ ਸਖ਼ਤ ਵਿਰੋਧ ਕਰਦਿਆਂ ਇਸ ਖ਼ਿਲਾਫ਼ ਨਿੰਦਾ ਮਤਾ ਪਾਸ ਕੀਤਾ ਹੈ। ਅੰਤ੍ਰਿੰਗ ਕਮੇਟੀ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵੱਲੋਂ ਘੱਟਗਿਣਤੀਆਂ ਨੂੰ ਦਬਾਉਣ ਦੀਆਂ ਨੀਤੀਆਂ ਤਹਿਤ ਇਹ ਨਵਾਂ ਕਾਨੂੰਨ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਅੰਤ੍ਰਿੰਗ ਕਮੇਟੀ ਦੀ ਇਹ ਮੀਟਿੰਗ ਬੀਤੇ ਦਿਨੀਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਦੱਸਿਆ ਕਿ ਸਾਂਝਾ ਸਿਵਲ ਕੋਡ ਦਾ ਬਿੱਲ ਰਾਜ ਸਭਾ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਭਾਜਪਾ ਮੈਂਬਰਾਂ ਨੇ ਇਸ ਦੀ ਹਮਾਇਤ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਦੇਸ਼ ਵਿੱਚ ਘੱਟਗਿਣਤੀਆਂ ਨੂੰ ਦਬਾਉਣਾ ਚਾਹੁੰਦੀ ਹੈ, ਜਿਸ ਵਿਰੁੱਧ ਹਰ ਪੱਧਰ 'ਤੇ ਆਵਾਜ਼ ਬੁਲੰਦ ਕੀਤੀ ਜਾਵੇਗੀ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਸਾਂਝੇ ਸਿਵਲ ਕੋਡ ਰਾਹੀਂ ਰਾਜਾਂ ਦੇ ਅਧਿਕਾਰ ਪ੍ਰਭਾਵਿਤ ਹੋਣ ਦੇ ਨਾਲ-ਨਾਲ ਵੱਖ-ਵੱਖ ਕੌਮਾਂ ਤੇ ਧਰਮਾਂ ਦੇ ਨਿੱਜੀ ਕਾਨੂੰਨਾਂ ਅਤੇ ਧਾਰਮਿਕ ਅਕੀਦਿਆਂ ਵਿਚ ਵੀ ਦਖ਼ਲਅੰਦਾਜ਼ੀ ਹੋਵੇਗੀ। ਉਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਵਿਰੁੱਧ ਮਤਾ ਲਿਆਉਣ।

**ਬੰਦੀ ਸਿੰਘਾਂ ਦੀ ਰਿਹਾਈ ਬਾਰੇ ਦਸਤਖ਼ਤੀ ਮੁਹਿੰਮ ਵਿਚ ਹੋਵੇਗਾ ਵਿਸਥਾਰ**

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼ੁਰੂ ਕੀਤੀ ਗਈ ਦਸਤਖ਼ਤੀ ਮੁਹਿੰਮ ਨੂੰ ਦੇਸ਼-ਵਿਦੇਸ਼ ਤੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਹੁਣ ਤੱਕ 2 ਲੱਖ 40 ਹਜ਼ਾਰ ਤੋਂ ਵੱਧ ਪ੍ਰੋਫਾਰਮੇ ਭਰੇ ਜਾ ਚੁੱਕੇ ਹਨ ਤੇ ਜਲਦੀ ਹੀ ਇਸ ਦਾ ਹੋਰ ਵਿਸਥਾਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਅਮਰੀਕਾ ਦੇ ਪ੍ਰਸਿੱਧ ਸਿੱਖ ਕਾਰੋਬਾਰੀ ਦੀਦਾਰ ਸਿੰਘ ਬੈਂਸ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਲਗਾਉਣ ਦਾ ਵੀ ਫ਼ੈਸਲਾ ਹੋਇਆ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

14 ਦਸੰਬਰ ਤੋਂ 20 ਦਸੰਬਰ, 2022

## ਬੇਅਦਬੀਆਂ : ਸਾਡੀ ਬਣਦੀ ਜ਼ਿੰਮੇਵਾਰੀ ਕੀ ?

ਸੰਨ 1604 ਵਿੱਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਉਣ ਤੋਂ ਬਾਅਦ ਬੜੇ ਸਤਿਕਾਰ ਨਾਲ ਸ੍ਰੀ ਦਰਬਾਰ ਸਾਹਿਬ ਅੰਦਰ ਪ੍ਰਕਾਸ਼ ਕਰਵਾਇਆ, ਆਪਣਾ ਆਸਨ ਹੇਠਾਂ ਕੀਤਾ, ਚੌਰ ਪਾਵਨ ਬੀੜ 'ਤੇ ਕਰਵਾਇਆ। ਸੁਖ ਆਸਨ ਕੋਠਾ ਸਾਹਿਬ ਅੰਦਰ ਕਰਵਾਉਣ ਤੋਂ ਬਾਅਦ ਆਪ ਮੰਜੀ ਸਾਹਿਬ ਦੇ ਹੇਠਾਂ ਵਿਛਾਈ ਕਰਕੇ ਵਿਸ਼ਰਾਮ ਕਰਦੇ ਰਹੇ।

ਪਿਛਲੇ ਦਹਾਕਿਆਂ ਤੋਂ ਸੌਖ ਦੇ ਸਾਧਨਾਂ ਵੱਲ ਜ਼ਿਆਦਾ ਉਲਾਰੂਪਣ ਅਤੇ ਸੇਵਾ ਧਰਮ ਪ੍ਰਤੀ ਸਨੇਹ ਵਿੱਚ ਕਮੀ ਮਹਿਸੂਸ ਹੋ ਰਹੀ ਹੈ। ਕੋਈ ਸਮਾਂ ਸੀ ਜਦੋਂ ਦਰਬਾਰ ਹਾਲ ਅੰਦਰ ਸੰਗਤ ਦੇ ਜੁੜਨ ਸਮੇਂ ਸੇਵਾਦਾਰ ਭਾਵਨਾ ਨਾਲ ਉਠ ਕੇ ਪੱਖਾ ਝਲਦੇ, ਜਲ ਪਾਣੀ ਦੀ ਸੇਵਾ ਹੱਥੀਂ ਕਰਦੇ ਸਨ। ਇਸ ਨੂੰ ਪਹਿਲਾਂ ਬਿਜਲਈ ਪੱਖੇ ਅਤੇ ਬਾਅਦ ਵਿੱਚ ਏਸੀ ਆਦਿਕ ਮਸ਼ੀਨਾਂ ਨਾਲ ਬਦਲ ਲਿਆ ਗਿਆ ਹੈ। ਗੁਰੂਘਰ ਅੰਦਰ ਬੈਠੀ ਸੰਗਤ ਨੂੰ ਦੇਗ ਵਰਤਾਉਣ ਦਾ ਗੁਰੂ ਪਾਤਸ਼ਾਹ ਦਾ ਹੁਕਮ ਵੀ ਸੌਖ ਬਹਾਨੇ ਅਸੀਂ ਭੁਲਾ ਲਿਆ ਹੈ। ਲੋੜ ਤੋਂ ਕਿਤੇ ਜ਼ਿਆਦਾ ਮਸ਼ੀਨ 'ਤੇ ਭਰੋਸਾ ਅਤੇ ਜ਼ਿਆਦਾ ਸੌਖ ਵਿਚੋਂ ਪੈਦਾ ਹੋ ਰਹੇ ਆਲਸ ਕਰਕੇ ਸ਼ਾਰਟ-ਸਰਕਟ/ਅੱਗ ਲੱਗਣ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਜਿੱਥੇ ਕਿਤੇ ਵੀ ਨਾਨਕ ਨਾਮਲੇਵਾ ਲੋਕਾਈ ਆਪਣੀ ਵਸੋਂ ਕਰਦੀ ਹੈ, ਘਰ ਬਣਾਉਂਦੀ ਹੈ, ਨਾਲ ਹੀ ਉਨ੍ਹਾਂ ਦੀ ਭਾਵਨਾ ਗੁਰਦੁਆਰਾ ਸਾਹਿਬ ਬਣਾਉਣ ਦੀ ਹੁੰਦੀ ਹੈ। ਫਿਰ ਉੱਥੇ ਗੁਰਦੁਆਰਾ ਤਾਮੀਰ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਓਟ ਆਸਰਾ ਲਿਆ ਜਾਂਦਾ ਹੈ। ਪਿਛਲੇ ਸਮਿਆਂ ਤੋਂ ਘਰ-ਘਰ ਅੰਦਰ ਟੀਵੀ ਅਤੇ ਸਪੀਕਰਾਂ ਦੇ ਰਸਤੇ ਗੁਰਬਾਣੀ ਪ੍ਰਸਾਰਣ ਹੋਣ ਕਰਕੇ ਸੌਖ ਵਧੀ ਹੈ, ਜਿੱਥੇ ਵੀ ਪਿੰਡ ਵਿੱਚ ਗੁਰੂਘਰ ਬਣਾਇਆ ਗਿਆ ਸੀ, ਹੁਣ ਸੰਗਤ ਦਾ ਜੁੜਨਾ ਘਟ ਗਿਆ ਹੈ। ਘਰ ਦੇ ਨੇੜੇ ਗੁਰੂਘਰ ਹੋਣ ਦੀ ਸੌਖ ਅਤੇ ਹੋਰ ਵਜਾ ਕਰਕੇ ਇੱਕੋ ਪਿੰਡ ਜਾਂ ਸ਼ਹਿਰ ਵਿੱਚ ਗੁਰੂਘਰਾਂ ਦੀ ਗਿਣਤੀ ਵੱਧ ਗਈ ਹੈ ਅਤੇ ਸੰਗਤ ਦੀ ਜ਼ਿਆਦਾ ਹਾਜ਼ਰੀ ਘੱਟ ਦਿਨਾਂ ਵਿੱਚ ਹੀ ਭਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨੂੰ ਮੁੱਖ ਰੱਖਦੇ ਹੋਏ ਪੰਥਕ ਰਵਾਇਤ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਪੰਜ ਸਿੰਘ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਲੋੜੀਂਦੇ ਹਨ, ਪਰ ਇਸਦੀ ਪਾਲਣਾ ਸਬੰਧੀ ਸੰਗਤ ਵੱਲੋਂ ਢਿੱਲ ਹੀ ਵਰਤੀ ਜਾਂਦੀ ਹੈ। ਕਈ ਵਾਰ ਤਾਂ ਗੁਰਦੁਆਰਾ ਸਾਹਿਬ ਅੰਦਰ ਇੱਕ ਵੀ ਸਰੀਰ ਮੌਜੂਦ ਨਹੀਂ ਹੁੰਦਾ।

ਸਾਲ 2015 ਵਿੱਚ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂਘਰ ਵਿਚੋਂ ਸਿਖਰ ਦੁਪਹਿਰ 1 ਵਜੇ ਗੁਰੂ ਸਾਹਿਬ ਦਾ ਸਰੂਪ ਚੋਰੀ ਕੀਤਾ ਗਿਆ ਸੀ। ਗੁਰਦੁਆਰਾ ਸਾਹਿਬ ਦੀ ਹੱਦ ਅੰਦਰ ਉਸਾਰੀ ਆਦਿ ਦਾ ਕੋਈ ਕੰਮ ਚੱਲ ਰਿਹਾ ਸੀ। ਉਸ ਵੇਲੇ ਗ੍ਰੰਥੀ ਸਿੰਘ ਬੈਂਕ ਵਿਚ ਗਿਆ ਹੋਇਆ ਸੀ, ਪਰ ਦਰਬਾਰ ਸਾਹਿਬ ਵਿੱਚ ਕੋਈ ਸਿੰਘ ਮੌਜੂਦ ਨਾ ਹੋਣ ਕਰਕੇ ਇਹ ਦੁਖਦਾਇਕ ਘਟਨਾ ਵਾਪਰੀ ਸੀ। ਇਸ ਵਿੱਚ ਸਿਰਫ਼ ਗ੍ਰੰਥੀ ਸਿੰਘ ਦੀ ਗ਼ਲਤੀ ਨਾ ਹੋ ਕੇ ਪੰਥਕ ਰਵਾਇਤ ਦੀ ਅਣਗਹਿਲੀ ਵਜੋਂ ਗੁਰਦੁਆਰਾ ਪ੍ਰਬੰਧਕੀ ਜਥਾ ਅਤੇ ਸੰਗਤ ਦੀ ਜਵਾਬਦੇਹੀ ਜ਼ਿਆਦਾ ਹੈ। ਇਸੇ ਤਰ੍ਹਾਂ ਬੇਅਦਬੀ ਦੀਆਂ ਜ਼ਿਆਦਾਤਰ ਘਟਨਾਵਾਂ ਉਹ ਹਨ ਜਿੱਥੇ ਉਸ ਵਕਤ ਗੁਰਦੁਆਰਾ ਸਾਹਿਬ ਅੰਦਰ ਕੋਈ ਵੀ ਮੌਜੂਦ ਨਹੀਂ ਸੀ।

ਲੰਘੀ 4 ਅਤੇ 5 ਦਸੰਬਰ ਦੀ ਦਰਮਿਆਨੀ ਰਾਤ ਨੂੰ ਫਿਲੌਰ ਨੇੜਲੇ ਪਿੰਡ ਮਨਸੂਰਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਵਾਪਰੀ ਮੰਦਭਾਗੀ ਘਟਨਾ ਬਾਰੇ ਵੀ ਵੇਰਵੇ ਸਾਹਮਣੇ ਆਏ ਹਨ ਕਿ 4 ਦਸੰਬਰ ਦੀ ਸ਼ਾਮ ਨੂੰ ਇਕ ਸਮਾਗਮ ਸੀ ਅਤੇ ਸਮਾਪਤੀ ਤੋਂ ਬਾਅਦ ਗ੍ਰੰਥੀ ਸਿੰਘ ਸਮੇਤ ਸਾਰੀ ਸੰਗਤ ਗੁਰਦੁਆਰਾ ਸਾਹਿਬ ਵਿੱਚੋਂ ਚਲੀ ਗਈ ਤਾਂ ਪ੍ਰਵਾਸੀ ਮਜ਼ਦੂਰ ਦੱਸੇ ਜਾਂਦੇ ਦੋ ਵਿਅਕਤੀਆਂ ਵੱਲੋਂ ਜਿੰਦਾ ਤੋੜ ਕੇ ਗੁਰੂਦੁਆਰਾ ਸਾਹਿਬ ਵਿੱਚ ਦਾਖਲ ਹੋਇਆ ਗਿਆ। ਗੋਲਕ ਭੰਨਣ ਦੀ ਕੋਸ਼ਿਸ਼ ਹੋਈ ਅਤੇ ਅੰਦਰ ਨਸ਼ੇ ਵੀ ਕੀਤੇ ਗਏ।

ਪਿੰਡਾਂ-ਸ਼ਹਿਰਾਂ ਵਿੱਚ ਲੋਕ ਆਪਣੇ ਘਰਾਂ ਨੂੰ ਕਦੀ ਵੀ ਸੁੰਞਾ ਨਹੀਂ ਛੱਡਦੇ ਪਰ ਬਹੁਤੇ ਗੁਰਦੁਆਰਾ ਸਾਹਿਬ ਨਿੱਤਨੇਮ ਦੇ ਸਮੇਂ ਤੋਂ ਬਾਅਦ ਦਿਨ ਅਤੇ ਰਾਤ ਦੇ ਵੇਲੇ ਅਕਸਰ ਸੁੰਞੇ ਹੁੰਦੇ ਹਨ। ਬੇਅਦਬੀ ਕਰਨ ਵਾਲੇ ਸਿੱਖੀ ਦੇ ਦੁਸ਼ਮਣ ਹੋਣਗੇ ਪਰ ਉਨ੍ਹਾਂ ਦੇ ਮੁਕਾਬਲੇ ਤੇ ਸੰਗਤ ਦਾ ਕੋਈ ਵੀ ਢੁਕਵਾਂ ਪ੍ਰਬੰਧ ਕਾਇਮ ਨਹੀਂ ਹੋ ਸਕਿਆ ਹੈ। ਸਿਵਾਏ ਸੀਸੀ ਟੀਵੀ ਕੈਮਰੇ ਦੇ, ਜੋ ਕਿ ਬੇਅਦਬੀ ਹੋਣ ਵੇਲੇ ਦੇ ਦੁਖਦਾਈ ਦ੍ਰਿਸ਼ ਭਰਨ ਤੋਂ ਇਲਾਵਾ ਹੋਰ ਕਿਸੇ ਕੰਮ ਦੇ ਨਹੀਂ ਹਨ। ਪੰਥਕ ਰਵਾਇਤ ਦੀ ਪਾਲਣਾ ਕਰਨ ਦੀ ਅਣਗਹਿਲੀ ਦੇ ਕਰਕੇ ਵਾਪਰ ਰਹੀਆਂ ਘਟਨਾਵਾਂ ਪਿਛੇ ਬਣਦੇ ਜ਼ਿੰਮੇਵਾਰਾਂ ਦੀ ਜਵਾਬਦੇਹੀ ਵੀ ਸੰਗਤ ਵੱਲੋਂ ਬਣਾਉਣੀ ਚਾਹੀਦੀ ਹੈ।

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਦੁਆਰਾ ਸਾਹਿਬ ਦੀਆਂ ਜੋ ਛੇ ਖ਼ਾਸੀਅਤਾਂ ਦੱਸੀਆਂ ਹਨ, ਉਨ੍ਹਾਂ ਵਿੱਚੋਂ ਇੱਕ ਇਹ ਹੈ ਕਿ ਸਿੱਖਾਂ ਦਾ ਗੁਰਦੁਆਰਾ ਇਕ ਲੋਹ ਮਈ ਦੁਰਗ ਭਾਵ ਕਿਲ੍ਹਾ ਹੈ। ਖ਼ਾਲਸਾ ਜੀ ਦੀ ਮਰਯਾਦਾ ਵਿੱਚ ਜਿਸ ਅਸਥਾਨ ਉੱਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਹੋਣ ਉਸ ਨੂੰ ਕਦੇ ਵੀ ਸੁਞਾ ਨਹੀਂ ਛੱਡਿਆ ਜਾ ਸਕਦਾ। ਇਸ ਮਰਿਆਦਾ ਦੀ ਪਾਲਣਾ ਨਾ ਹੋਣ ਕਾਰਨ ਹੀ ਮੰਦੀ ਭਾਵਨਾ ਨਾਲ ਗੁਰਦੁਆਰਾ ਸਾਹਿਬ ਵਿਚ ਦਾਖਲ ਹੋਣ ਵਾਲੇ ਅਨਸਰ ਕਾਮਯਾਬ ਹੋ ਰਹੇ ਹਨ।

ਪੰਥਕ ਰਵਾਇਤ ਦੀ ਅਣਦੇਖੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਵਿੱਚ ਅਵੱਗਿਆ ਹੀ ਹੁੰਦੀ ਹੈ ਜੋ ਸਿੱਖ ਸੰਗਤ ਅੱਜ-ਕੱਲ੍ਹ ਜਾਣੇ-ਅਣਜਾਣੇ ਵਿੱਚ ਲਗਾਤਾਰ ਕਰ ਰਹੀ ਹੈ। ਇਸ ਅਵੇਸਲੇਪਣ ਕਾਰਨ ਇਹ ਅਵੱਗਿਆ ਇਕ ਦਿਨ ਘੋਰ ਬੇਅਦਬੀ ਦੇ ਰੂਪ ਵਿੱਚ ਵਾਪਰ ਜਾਂਦੀ ਹੈ। ਫਿਰ ਅਸੀਂ ਆਪਣੇ ਢਿੱਲੇ ਪਹਿਰੇ ਨੂੰ ਲੁਕਾਉਣ ਲਈ ਦੋਸ਼ੀ ਨੂੰ ਲੱਭਣ ਅਤੇ ਦੁਨਿਆਵੀ ਅਦਾਲਤਾਂ ਤੋਂ ਸਜਾ ਦਵਾਉਣ ਲਈ ਸੜਕਾਂ ਬੰਦ ਕਰਦੇ ਹਾਂ, ਮੋਰਚੇ ਲਗਾਉਂਦੇ ਹਾਂ। ਜੇਕਰ ਦੋਸ਼ੀ ਲੱਭ ਵੀ ਜਾਏ ਅਤੇ ਦੋਸ਼ ਸਿੱਧ ਵੀ ਹੋ ਜਾਣ ਤਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਦੀ ਵੱਧ ਤੋਂ ਵੱਧ ਸਜ਼ਾ ਤਿੰਨ ਸਾਲ ਹੀ ਹੁੰਦੀ ਹੈ। ਦੋਸ਼ੀ ਨੇ ਬੇਅਦਬੀ ਕਿਉਂ ਕੀਤੀ ਅਤੇ ਕਿਸ ਨੇ ਕਰਵਾਈ ਉਸ ਦੀ ਤਫ਼ਤੀਸ਼ ਪੁਲਸ ਕਦੇ ਨਹੀਂ ਕਰਦੀ। ਸੋ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਦੇ ਮਾਮਲੇ ਨੂੰ ਪੰਥਕ ਨਜ਼ਰੀਏ ਤੋਂ ਵੇਖਣ ਦੀ ਲੋੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਪ੍ਰਤੀ ਜੋ ਮਰਿਯਾਦਾ ਅਤੇ ਤਰੀਕਾ ਗੁਰੂ ਸਾਹਿਬ ਨੇ ਸਾਨੂੰ ਬਖਸ਼ਿਆ ਹੈ ਸਿੱਖਾਂ ਵਜੋਂ ਸਾਨੂੰ ਹਰ ਹਾਲ ਉਸ 'ਤੇ ਚੱਲਣਾ ਚਾਹੀਦਾ ਹੈ। ਮਰਿਯਾਦਾ ਦੀ ਢਿੱਲ ਗੁਰੂ ਸਾਹਿਬ ਦੇ ਹੁਕਮ ਦੀ ਉਲੰਘਣਾ ਹੈ, ਇਸ ਵਿੱਚ ਢਿੱਲ ਕਰਕੇ ਅਸੀਂ ਕੁਝ ਵੀ ਕਰਦੇ ਰਹੀਏ ਗੁਰੂ ਸਿੱਖ ਤੇ ਮੇਹਰਬਾਨ ਨਹੀਂ ਹੁੰਦਾ ਹੈ।

-ਸੰਪਾਦਕ

# ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਦੀ ਯੋਗਤਾ ਦਿਖਾਵੇ



ਤਲਵਿੰਦਰ ਸਿੰਘ ਬੁੱਟਰ

*ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਸ਼ਾਖਾ ਲਈ ਅੱਜ ਇਹ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ ਕਿ ਸਿੱਖ ਸਮਾਜ ਅੰਦਰ ਸਿਧਾਂਤ ਅਤੇ ਜੀਵਨ ਅਮਲ ਵਿਚ ਪੈ ਰਹੇ ਵੱਡੇ ਪਾੜੇ ਦੇ ਮੂਲ ਕਾਰਨਾਂ ਨੂੰ ਲੱਭ ਕੇ ਇਸ ਦੇ ਹੱਲ ਵੱਲ ਕਿਵੇਂ ਤੁਰਿਆ ਜਾਵੇ? ਸਮਾਜਿਕ ਜੀਵਨ ਅੰਦਰ ਦਿਖਾਵਾ, ਫ਼ਜ਼ੂਲ-ਖ਼ਰਚੀ, ਦਾਜ-ਦਹੇਜ ਅਤੇ ਹੋਰ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਵਰਗੇ ਭਖਦੇ ਸਮਾਜਿਕ ਸਰੋਕਾਰਾਂ ਨੂੰ ਮੁਖਾਤਿਬ ਹੋਏ ਬਗ਼ੈਰ ਇਸ ਵੇਲੇ ਸਿੱਖ ਧਰਮ ਦੇ ਪ੍ਰਚਾਰ-ਪਸਾਰ ਦੀ ਗੱਲ ਕਰਨੀ ਬੇਮਾਅਨੇ ਹੋਵੇਗੀ, ਕਿਉਂਕਿ ਗੁਰੂ ਸਾਹਿਬਾਨ ਨੇ ਜੀਵਨ ਦੀ ਸਮੁੱਚਤਾ ਅਤੇ ਸਮਾਜ ਨਾਲੋਂ ਟੁੱਟੀ ਹੋਈ ਧਾਰਮਿਕਤਾ ਨੂੰ ਪ੍ਰਵਾਨ ਨਹੀਂ ਕੀਤਾ।*

ਵਿਸ਼ਵ-ਵਿਆਪੀ ਸਿੱਖ ਕੌਮ ਸਾਹਮਣੇ ਇਸ ਵੇਲੇ ਬਹੁਤ ਸਾਰੀਆਂ ਬਾਹਰੀ ਅਤੇ ਅੰਦਰੂਨੀ ਚੁਣੌਤੀਆਂ ਹਨ। ਇਕ ਪਾਸੇ ਸਿੱਖ ਸਮਾਜ ਦੇ ਸਾਹਮਣੇ ਜਾਤ-ਪਾਤ, ਡੇਰਾਵਾਦ, ਧਰਮ ਪਰਿਵਰਤਨ, ਕਰਮ-ਕਾਂਡਾਂ, ਪਤਿਤਪੁਣਾ, ਨਸ਼ਾਖੋਰੀ ਆਦਿ ਅਲਾਮਤਾਂ ਮੂੰਹ ਅੱਡੀ ਖੜ੍ਹੀਆਂ ਹਨ ਅਤੇ ਦੂਜੇ ਪਾਸੇ ਪੰਥਕ ਜਥੇਬੰਦੀਆਂ ਆਪਸੀ ਵਿਚਾਰਧਾਰਕ ਮਤਭੇਦਾਂ ਅਤੇ ਵਿਵਾਦਾਂ ਵਿਚ ਉਲਝੀਆਂ ਹੋਈਆਂ ਹਨ, ਜਿਸ ਕਾਰਨ ਸਮੁੱਚਾ ਪੰਥ ਵੱਖ-ਵੱਖ ਧੜਿਆਂ ਅਤੇ ਵਿਚਾਰਾਂ ਵਿਚ ਵੰਡਿਆ ਜਾ ਰਿਹਾ ਹੈ। ਮੌਜੂਦਾ ਸਮੇਂ ਸਿੱਖ ਪੰਥ ਨੂੰ ਦਰਪੇਸ਼ ਇਨ੍ਹਾਂ ਸਾਰੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਇਨ੍ਹਾਂ ਦੇ ਹੱਲ ਦੀ ਸਭ ਤੋਂ ਵੱਡੀ ਪਰਖ ਦਾ ਸਮਾਂ ਸਮਰੱਥ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਹਮਣੇ ਹੈ।

ਇਸ ਵੇਲੇ ਸ਼੍ਰੋਮਣੀ ਕਮੇਟੀ ਅੱਗੇ ਸਭ ਤੋਂ ਵੱਡੀ ਚੁਣੌਤੀ ਸਿੱਖ ਪੰਥ ਵਿਚੋਂ ਵਿਚਾਰਧਾਰਕ ਮਤਭੇਦਾਂ ਅਤੇ ਪੰਥਕ ਵਿਵਾਦਾਂ ਨੂੰ ਦੂਰ ਕਰਨਾ ਹੈ। ਸਾਲ 2003 ਵਿਚ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੀਤੇ ਨਾਨਕਸ਼ਾਹੀ ਕੈਲੰਡਰ ਵਿਚ ਬਾਅਦ ਵਿਚ ਸੋਧਾਂ ਕਰਨ ਦੇ ਮਸਲੇ ਤੋਂ ਸਮੁੱਚੇ ਪੰਥ ਵਿਚ ਦੁਫਾੜ ਲਗਾਤਾਰ ਵਧਦਾ ਹੀ ਜਾ ਰਿਹਾ ਹੈ। ਇਸ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬ ਇਕ ਦਿਨ ਦੇ ਫ਼ਰਕ ਨਾਲ ਅੱਗੇ-ਪਿੱਛੇ ਆਉਣ ਕਾਰਨ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਸਨ। ਦਰਅਸਲ ਜਿਸ ਦਿਨ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬ ਬਣਦਾ ਹੈ, ਉਸੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਕਾਸ਼ ਪੁਰਬ ਸੰਬੰਧੀ ਨਗਰ ਕੀਰਤਨ ਸਜਾਇਆ ਜਾਣਾ ਸੀ, ਜਿਸ ਕਾਰਨ ਸੰਗਤ ਵਿਚ ਕਈ ਤਰ੍ਹਾਂ ਦੀਆਂ ਸ਼ੰਕਾਵਾਂ ਖੜ੍ਹੀਆਂ ਹੋ ਗਈਆਂ ਸਨ। ਭਾਵੇਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸੰਗਤ ਨੂੰ ਨਗਰ ਕੀਰਤਨ ਇਕ ਦਿਨ ਹੋਰ ਪਹਿਲਾਂ ਭਾਵ 27 ਦਸੰਬਰ ਨੂੰ ਸਜਾਏ ਜਾਣ ਦੀ ਅਪੀਲ ਕਰਨ ਨਾਲ ਫ਼ਿਲਹਾਲ ਹਾਲ ਦੀ ਘੜੀ ਇਹ ਮਸਲਾ ਹੱਲ ਹੋ ਗਿਆ ਹੈ ਅਤੇ ਹਾਲਾਂਕਿ ਇਹ ਕੋਈ ਬਹੁਤਾ ਵੱਡਾ ਮਰਿਆਦਕ ਮੁੱਦਾ ਨਹੀਂ ਹੈ ਪਰ ਨਾਨਕਸ਼ਾਹੀ ਅਤੇ ਬਿਕ੍ਰਮੀ ਕੈਲੰਡਰ ਨੂੰ ਲੈ ਕੇ ਆਪਸੀ ਟਕਰਾਅ ਕਾਰਨ ਗੁਰਪੁਰਬਾਂ ਅਤੇ ਸ਼ਹੀਦੀ ਦਿਹਾੜਿਆਂ ਦੀਆਂ ਤਰੀਕਾਂ ਨੂੰ ਲੈ ਕੇ ਆਮ ਸੰਗਤਾਂ ਵਿਚ ਇਕ ਤਰ੍ਹਾਂ ਦਾ ਭੰਬਲਭੂਸੇ ਅਤੇ ਦੁਬਿਧਾ ਵਾਲਾ ਮਾਹੌਲ ਬਣਿਆ ਰਹਿੰਦਾ ਹੈ, ਜਿਸ ਨੂੰ ਸਦੀਵੀ ਤੌਰ 'ਤੇ ਦੂਰ ਕਰਨਾ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫ਼ਰਜ਼ ਬਣਦਾ ਹੈ।

ਸਿੱਖ ਪੰਥ ਵਿਚ ਖਾਨਾਜੰਗੀ ਦਾ ਕਾਰਨ ਬਣ ਰਹੇ ਦਸਮ ਗ੍ਰੰਥ ਵਿਵਾਦ ਦਾ ਸਰਬ ਪ੍ਰਵਾਨਿਤ ਹੱਲ ਕਰਨਾ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਪ੍ਰਤੀ ਪੰਥ 'ਚ ਪੈਦਾ ਹੋਈ ਬੇਵਿਸ਼ਵਾਸੀ ਦੂਰ ਕਰਨਾ ਅਤੇ ਤਖ਼ਤ ਸਾਹਿਬਾਨ ਤੇ ਇਨ੍ਹਾਂ ਦੇ ਜਥੇਦਾਰਾਂ ਪ੍ਰਤੀ ਪੰਥਕ ਸਨਮਾਨ ਬਹਾਲ ਕਰਨਾ, ਜਥੇਦਾਰਾਂ ਦੀ ਨਿਯੁਕਤੀ, ਕਾਰਜ ਪ੍ਰਣਾਲੀ ਅਤੇ ਸੇਵਾਮੁਕਤੀ ਸੰਬੰਧੀ ਨਿਯਮਾਂਵਲੀ ਤਿਆਰ ਕਰਨੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਸਰਬ ਪ੍ਰਵਾਨਿਤ ਟੀਕਾ (ਅਰਥ) ਤਿਆਰ ਕਰਨਾ, ਸਿੱਖ ਇਤਿਹਾਸ ਵਿਚ ਪਏ ਕਥਿਤ ਰਲੇਵੇਂ ਨੂੰ ਦੂਰ ਕਰਨ ਲਈ ਗੁਰਮਤਿ ਜੁਗਤ ਦੀ ਰੋਸ਼ਨੀ 'ਚ ਮੁੜ ਸੋਧ ਕਰ ਕੇ ਇਕ ਸਰਬ ਪ੍ਰਵਾਨਿਤ ਸਿੱਕੇਬੰਦ ਸਿੱਖ ਇਤਿਹਾਸ ਦਾ ਖਰੜਾ ਤਿਆਰ ਕਰਨਾ ਆਦਿ ਸ਼੍ਰੋਮਣੀ ਕਮੇਟੀ ਅੱਗੇ ਗੰਭੀਰ ਤੇ ਅਹਿਮ ਜ਼ਿੰਮੇਵਾਰੀਆਂ ਹਨ, ਜਿਨ੍ਹਾਂ ਨੂੰ ਮੁਖਾਤਿਬ ਹੋਏ ਬਗ਼ੈਰ ਸ਼੍ਰੋਮਣੀ ਕਮੇਟੀ ਆਪਣੇ ਬੁਨਿਆਦੀ ਸਰੋਕਾਰਾਂ ਅਤੇ ਜ਼ਿੰਮੇਵਾਰੀਆਂ ਦੀ ਪੂਰਤੀ ਨਹੀਂ ਕਰ ਸਕਦੀ।

ਪਿਛਲੇ ਲੰਬੇ ਸਮੇਂ ਤੋਂ ਸਿੱਖ ਸਮਾਜ ਦਾ ਵੱਡਾ ਹਿੱਸਾ ਗੁਰਮਤਿ ਫ਼ਲਸਫ਼ੇ ਦੀਆਂ ਉਨ੍ਹਾਂ ਉੱਚ ਕਦਰਾਂ-ਕੀਮਤਾਂ ਤੋਂ ਲਗਾਤਾਰ ਕਿਨਾਰਾ ਕਰੀ ਬੈਠਾ ਹੈ ਜੋ ਕਿ ਮਨੁੱਖੀ ਜੀਵਨ ਦੀਆਂ ਚੁਣੌਤੀਆਂ, ਸਮੱਸਿਆਵਾਂ ਨੂੰ ਪਾਰ ਕਰਕੇ ਸਦੀਵੀ ਅਨੰਦਮਈ ਆਦਰਸ਼ਕ ਜੀਵਨ ਦਾ ਰਾਹ ਦਿਖਾਉਂਦੀਆਂ ਹਨ। ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਸ਼ਾਖਾ ਲਈ ਅੱਜ ਇਹ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ ਕਿ ਸਿੱਖ ਸਮਾਜ ਅੰਦਰ ਸਿਧਾਂਤ ਅਤੇ ਜੀਵਨ ਅਮਲ ਵਿਚ ਪੈ ਰਹੇ ਵੱਡੇ ਪਾੜੇ ਦੇ ਮੂਲ ਕਾਰਨਾਂ ਨੂੰ ਲੱਭ ਕੇ ਇਸ ਦੇ ਹੱਲ ਵੱਲ ਕਿਵੇਂ ਤੁਰਿਆ ਜਾਵੇ? ਸਮਾਜਿਕ ਜੀਵਨ ਅੰਦਰ ਦਿਖਾਵਾ, ਫ਼ਜ਼ੂਲ-ਖ਼ਰਚੀ, ਦਾਜ-ਦਹੇਜ ਅਤੇ ਹੋਰ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਵਰਗੇ ਭਖਦੇ ਸਮਾਜਿਕ ਸਰੋਕਾਰਾਂ ਨੂੰ ਮੁਖਾਤਿਬ ਹੋਏ ਬਗ਼ੈਰ ਇਸ ਵੇਲੇ ਸਿੱਖ ਧਰਮ ਦੇ ਪ੍ਰਚਾਰ-ਪਸਾਰ ਦੀ ਗੱਲ ਕਰਨੀ ਬੇਮਾਅਨੇ ਹੋਵੇਗੀ, ਕਿਉਂਕਿ ਗੁਰੂ ਸਾਹਿਬਾਨ ਨੇ ਜੀਵਨ ਦੀ ਸਮੁੱਚਤਾ ਅਤੇ ਸਮਾਜ ਨਾਲੋਂ ਟੁੱਟੀ ਹੋਈ ਧਾਰਮਿਕਤਾ ਨੂੰ ਪ੍ਰਵਾਨ ਨਹੀਂ ਕੀਤਾ। ਗੁਰੂ ਸਾਹਿਬਾਨ ਨੇ ਜਿਸ ਹਵਾ ਨੂੰ 'ਗੁਰੂ', ਪਾਣੀ ਨੂੰ 'ਪਿਤਾ' ਅਤੇ ਧਰਤੀ ਨੂੰ 'ਮਾਤਾ' ਦਾ ਰੁਤਬਾ ਦਿੰਦਿਆਂ ਵਾਤਾਵਰਨ ਪ੍ਰਤੀ ਮਨੁੱਖ ਨੂੰ ਏਨੀ ਉੱਚੀ ਚੇਤਨਾ ਦਿੱਤੀ ਹੋਵੇ, ਉਸ ਮਹਾਨ ਫ਼ਲਸਫ਼ੇ ਦੇ ਵਾਰਸਾਂ ਦੀ ਧਰਤੀ 'ਤੇ ਵਾਤਾਵਰਨ ਇੰਨੀ ਵੱਡੀ ਪੱਧਰ 'ਤੇ ਵਿਗੜ ਰਿਹਾ ਹੋਵੇ ਕਿ ਹਵਾ ਮਨੁੱਖ ਦੇ ਸਾਹ ਲੈਣ ਯੋਗ, ਪਾਣੀ ਪੀਣ ਯੋਗ ਅਤੇ ਧਰਤੀ ਰਹਿਣ ਯੋਗ ਨਾ ਰਹੇ, ਇਹ ਬੇਹੱਦ ਚਿੰਤਾਜਨਕ ਹੈ। ਸ਼੍ਰੋਮਣੀ ਕਮੇਟੀ ਨੂੰ ਵਾਤਾਵਰਨ ਪ੍ਰਤੀ ਜਾਗਰੂਕਤਾ ਦੀ ਸਰਗਰਮ ਤੇ ਸਿੱਟਾਮੁਖੀ ਮੁਹਿੰਮ ਚਲਾਉਣੀ ਚਾਹੀਦੀ ਹੈ।

ਸ਼੍ਰੋਮਣੀ ਕਮੇਟੀ ਦੇ ਪੰਜਾਬ ਵਿਚ ਕਈ ਵੱਡੇ ਤੇ ਅਤਿ-ਆਧੁਨਿਕ ਹਸਪਤਾਲ ਹਨ, ਪਰ ਲੋੜ ਹੈ ਇਨ੍ਹਾਂ ਹਸਪਤਾਲਾਂ ਦੇ ਬੂਹੇ ਲੋੜਵੰਦ ਅਤੇ ਗ਼ਰੀਬ ਲੋਕਾਂ ਲਈ ਖੋਲ੍ਹਣ ਦੀ। ਜੇਕਰ ਡੇਰੇਦਾਰ ਸੰਸਥਾਵਾਂ ਲੋਕਾਂ ਨੂੰ ਆਪਣੇ ਪੈਰੋਕਾਰ ਬਣਾਉਣ ਲਈ ਵੱਡੀ ਪੱਧਰ 'ਤੇ ਗ਼ਰੀਬਾਂ ਨੂੰ ਆਧੁਨਿਕ ਹਸਪਤਾਲਾਂ ਵਿਚ ਸਸਤਾ ਤੇ ਮਿਆਰੀ ਇਲਾਜ ਦੇ ਸਕਦੀਆਂ ਹਨ ਤਾਂ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਸਿੱਖ ਧਰਮ ਦੇ ਪ੍ਰਚਾਰ-ਪਸਾਰ ਲਈ ਇਸ ਤੋਂ ਬਿਹਤਰੀਨ ਕਾਰਜ ਕਿਉਂ ਨਹੀਂ ਕਰ ਸਕਦੀ?

ਪੰਜਾਬ ਵਿਚ ਮਿਆਰੀ ਸਿੱਖਿਆ ਦੀ ਅਣਹੋਂਦ ਕਾਰਨ ਵੱਡੀ ਗਿਣਤੀ ਵਿਚ ਬੱਚੇ ਅਤੇ ਨੌਜਵਾਨ ਪੜ੍ਹਨ ਦੇ ਬਹਾਨੇ ਵਿਦੇਸ਼ਾਂ ਵੱਲ ਭੱਜ ਰਹੇ ਹਨ। ਪੰਜਾਬ ਦੇ ਪੇਂਡੂ ਖੇਤਰਾਂ ਵਿਚ ਸਿੱਖਿਆ ਦਾ ਪੱਧਰ ਬਹੁਤ ਨੀਵਾਂ ਚਲਿਆ ਗਿਆ ਹੈ। ਇਕ ਸਰਵੇਖਣ ਅਨੁਸਾਰ ਪੰਜਾਬ ਦੇ 60 ਫ਼ੀਸਦੀ ਸਿੱਖ ਨੌਜਵਾਨ ਦਸਵੀਂ ਪੱਧਰ ਦੀ ਪੜ੍ਹਾਈ ਤੋਂ ਅੱਗੇ ਨਹੀਂ ਵਧ ਰਹੇ। ਉਚੇਰੀ ਸਿੱਖਿਆ ਵਿਚ ਸਿੱਖ ਨੌਜਵਾਨਾਂ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਹੈ। ਵਿਗਿਆਨ, ਗਣਿਤ ਅਤੇ ਅੰਗਰੇਜ਼ੀ ਵਰਗੇ ਵਿਸ਼ਿਆਂ ਵਿਚ ਸਿੱਖ ਪਨੀਰੀ ਦਾ ਪੱਧਰ ਬਹੁਤ ਨੀਵਾਂ ਹੈ। ਦੁਨੀਆ ਦੀਆਂ ਦੂਜੀਆਂ ਕੌਮਾਂ ਤੇ ਧਰਮਾਂ ਦੇ ਮੁਕਾਬਲੇ ਕੌਮਾਂਤਰੀ ਪੱਧਰ 'ਤੇ ਵੀ ਸਿੱਖਾਂ ਦੀ ਸਿੱਖਿਆ ਕਾਰਗੁਜ਼ਾਰੀ ਬਹੁਤੀ ਤਸੱਲੀਬਖ਼ਸ਼ ਨਹੀਂ ਹੈ। ਪੰਜਾਬ ਵਿਚ ਪੜ੍ਹੇ-ਲਿਖੇ ਨੌਜਵਾਨਾਂ ਦਾ ਕੌਮਾਂਤਰੀ ਸਿੱਖਿਆ ਸੰਸਥਾਵਾਂ ਵਿਚ ਦਾਖ਼ਲਾ ਨਾਂ-ਮਾਤਰ ਹੈ। ਇਸ ਲਈ ਪੰਜਾਬ 'ਚ ਵਿਸ਼ਵ ਪੱਧਰੀ ਸਿੱਖਿਆ ਮੁਹੱਈਆ ਕਰਵਾਉਣ ਅਤੇ ਪੇਂਡੂ ਸਿੱਖ ਭਾਈਚਾਰੇ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਦੀ ਸੁਚੱਜੀ ਵਿਉਂਤਬੰਦੀ ਵਿਚ ਸਰਗਰਮ ਸ਼ਮੂਲੀਅਤ ਕਰਨੀ ਵੀ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਲਈ ਬਣਦੇ ਸਰੋਕਾਰਾਂ ਤੋਂ ਬਾਹਰ ਨਹੀਂ ਹੈ, ਕਿਉਂਕਿ ਸ਼੍ਰੋਮਣੀ ਕਮੇਟੀ ਦੁਨਿਆਵੀ ਸਿੱਖਿਆ ਅਤੇ ਸਿੱਖ ਧਰਮ ਦੀ ਨੈਤਿਕਤਾ ਦੇ ਪ੍ਰਸਪਰ ਪ੍ਰਸਾਰ ਲਈ ਪੰਜਾਬ ਭਰ 'ਚ ਇਕ ਸੌ ਤੋਂ ਵੱਧ ਸਕੂਲ/ਕਾਲਜ ਅਤੇ ਦੋ ਯੂਨੀਵਰਸਿਟੀਆਂ ਵੀ ਚਲਾ ਰਹੀ ਹੈ। ਇਸ ਦੇ ਨਾਲ ਹੀ ਸਿੱਖ ਜੀਵਨ ਵਿਚ ਸਿਧਾਂਤਕ ਕਮਜ਼ੋਰੀਆਂ, ਸਮਰੱਥ ਸਿੱਖ ਸੰਸਥਾਵਾਂ ਦੇ ਅਣਗੌਲੇਪਣ ਕਾਰਨ ਸਿੱਖ ਸਮਾਜ ਦੇ ਆਰਥਿਕ ਤੌਰ 'ਤੇ ਪਛੜੇ ਇਕ ਅਹਿਮ ਹਿੱਸੇ (ਸਿਕਲੀਗਰ, ਵਣਜਾਰੇ, ਸਤਨਾਮੀਏ ਤੇ ਮਜ਼੍ਹਬੀ ਸਿੱਖ) ਦਾ ਸਿੱਖ ਧਰਮ ਤੋਂ ਦੂਰ ਜਾਣਾ ਵੀ ਸਿੱਖ ਪੰਥ ਲਈ ਵੱਡੀ ਚੁਣੌਤੀ ਹੈ।

ਬਾਹਰੀ ਚੁਣੌਤੀਆਂ ਮੂੰਹ ਅੱਡੀ ਖੜ੍ਹੀਆਂ ਹਨ, ਪਰ ਸਾਡੀਆਂ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਇਨ੍ਹਾਂ ਸਮੱਸਿਆਵਾਂ ਨੂੰ ਮੁਖਾਤਿਬ ਹੋਣ ਦੀ ਥਾਂ ਆਪੋ-ਆਪਣੀਆਂ ਸਿਆਸੀ ਲੜਾਈਆਂ 'ਚ ਮਸ਼ਗੂਲ ਹਨ। ਅਠਾਰਵੀਂ ਸਦੀ ਦੇ ਮਿਸਲ ਕਾਲ ਦੌਰਾਨ ਭਾਵੇਂ ਸਿੱਖ ਪੰਥ ਵੱਖ-ਵੱਖ ਮਿਸਲਾਂ 'ਚ ਵੰਡਿਆ ਹੋਇਆ ਸੀ ਅਤੇ ਇਲਾਕਿਆਂ 'ਤੇ ਕਬਜ਼ੇ ਕਰਨ ਲਈ ਸਿੱਖ ਮਿਸਲਾਂ ਦੀਆਂ ਆਪਸ 'ਚ ਤਿੱਖੀਆਂ ਦੁਸ਼ਮਣੀਆਂ ਵੀ ਹੁੰਦੀਆਂ ਸਨ, ਪਰ ਗੁਰੂ-ਪੰਥ ਦੀ ਚੜ੍ਹਦੀ ਕਲਾ ਤੇ ਇਤਫ਼ਾਕ ਦੇ ਸਵਾਲ 'ਤੇ ਸਾਰੇ ਇੱਕਮੁੱਠ ਹੋ ਜਾਂਦੇ ਸਨ। ਦੀਵਾਲੀ ਜਾਂ ਵਿਸਾਖੀ ਦੇ ਮੌਕੇ 'ਤੇ ਸ੍ਰੀ ਦਰਬਾਰ ਸਾਹਿਬ ਵਿਖੇ ਸਾਰੀਆਂ ਮਿਸਲਾਂ ਵੱਲੋਂ ਆਪਸੀ ਧੜੇਬੰਦੀਆਂ ਤੇ ਵਖਰੇਵਿਆਂ ਨੂੰ ਪਾਸੇ ਰੱਖ ਕੇ ਬਿਖੜੇ ਹਾਲਾਤ ਦਾ ਟਾਕਰਾ ਕਰਨ ਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਸਿਰ ਜੋੜ ਕੇ ਵਿਚਾਰਾਂ ਕੀਤੀਆਂ ਜਾਂਦੀਆਂ ਸਨ। ਅੱਜ ਵੀ ਸਿੱਖ ਪੰਥ ਦੀਆਂ ਧਾਰਮਿਕ ਤੇ ਸਿਆਸੀ ਜਥੇਬੰਦੀਆਂ 'ਚ ਇਹੋ ਜਿਹੇ ਇਤਫ਼ਾਕ ਨੂੰ ਕਾਇਮ ਕਰਨ ਦੀ ਨਿਹਾਇਤ ਲੋੜ ਹੈ। ਸਿਆਸੀ ਖੇਤਰ ਵਿਚ ਭਾਵੇਂ ਸਿੱਖ ਕਿੰਨੇ ਵੀ ਧੜਿਆਂ ਵਿਚ ਵੰਡੇ ਹੋਣ, ਪਰ ਧਰਮ ਦੇ ਸਵਾਲ 'ਤੇ ਪੰਥਕ ਇਤਫ਼ਾਕ ਤੇ ਏਕਤਾ ਨੂੰ ਕਾਇਮ ਕਰਨਾ ਬਹੁਤ ਅਹਿਮ ਲੋੜ ਹੈ। ਸਮਰੱਥ ਸੰਸਥਾ ਹੋਣ ਨਾਤੇ ਸ਼੍ਰੋਮਣੀ ਕਮੇਟੀ ਨੂੰ ਹੀ ਪੰਥਕ ਏਕਤਾ ਦੀ ਜ਼ਮੀਨ ਤਿਆਰ ਕਰਨੀ ਚਾਹੀਦੀ ਹੈ। ਇਸ ਵਾਸਤੇ ਸਭ ਤੋਂ ਤਰਜੀਹੀ ਤੌਰ 'ਤੇ ਸ਼੍ਰੋਮਣੀ ਕਮੇਟੀ ਨੂੰ ਸਿੱਖ ਪੰਥ ਵਿਚ ਆਪਣੇ ਵਿਸ਼ਵਾਸ ਅਤੇ ਵੱਕਾਰ ਨੂੰ ਉੱਚਾ ਕਰਨ ਅਤੇ ਸਮੁੱਚੀ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਦੀ ਯੋਗਤਾ ਦਿਖਾਉਣ ਦੀ ਦਿਸ਼ਾ ਵੱਲ ਤੇਜ਼ੀ ਨਾਲ ਵਧਣ ਦੀ ਲੋੜ ਹੈ।

# ਸ਼੍ਰੋਮਣੀ ਅਕਾਲੀ ਦਲ

## 100 ਸਾਲਾ ਇਤਿਹਾਸ, ਸੰਘਰਸ਼, ਵਿਕਾਸ ਤੇ ਨਿਘਾਰ

## ਬਾਦਲ ਅਕਾਲੀ ਦਲ ਖ਼ਾਤਮੇ ਦੇ ਰਾਹ ਕਿਉਂ?






ਅੰਮ੍ਰਿਤਸਰ /ਏ.ਟੀ.ਨਿਊਜ਼ :- ਸ਼੍ਰੋਮਣੀ ਅਕਾਲੀ ਦਲ ਦਾ ਗਠਨ 14 ਦਸੰਬਰ 1920 ਨੂੰ ਹੋਇਆ ਸੀ ਅਤੇ ਇਹ ਕਾਂਗਰਸ ਤੋਂ ਬਾਅਦ ਭਾਰਤ ਦੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਹੈ। ਡਾ.ਸੁਖਦਿਆਲ ਸਿੰਘ ਹਿਸਟੋਰੀਅਨ ਲਿਖਦੇ ਹਨ ਕਿ 21 ਮਈ 1920 ਦੇ ਦਿਨ ਲਾਹੌਰ ਤੋਂ ਪੰਜਾਬੀ 'ਅਕਾਲੀ' ਅਖ਼ਬਾਰ ਸ਼ੁਰੂ ਹੋਇਆ ਤਾਂ ਬਹੁਤ ਸਾਰੇ ਕਾਰਕੁੰਨ ,ਪੰਥਕ ਸੋਚ ਰੱਖਣ ਵਾਲੇ ਆਗੂ ਅਤੇ ਵਿਦਵਾਨ ਇਸ ਅਖ਼ਬਾਰ ਨਾਲ ਜੁੜ ਗਏ। ਇਹ ਇੱਕ ਵੱਡਾ ਭਾਈਚਾਰਾ ਬਣ ਗਿਆ। ਉਹ ਆਖਦੇ ਹਨ ਕਿ ਇਨ੍ਹਾਂ ਪੰਥਕ ਸ਼ਖ਼ਸੀਅਤਾਂ ਦੀ ਇਹ ਲਹਿਰ ਛੇਤੀ ਹੀ ਅਕਾਲੀ ਲਹਿਰ ਵਜੋਂ ਜਾਣੀ ਜਾਣ ਲੱਗ ਪਈ। ਇਸੇ ਮਾਹੌਲ ਵਿੱਚ ਸਿੱਖ ਗੁਰਦੁਆਰਾ ਲਹਿਰ (1920-1925) ਸ਼ੁਰੂ ਹੋਈ।

ਅਸਲ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਸਿੱਖ ਪੰਥ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੁਧਾਰ ਲਹਿਰ ਤੋਂ ਸ਼ੁਰੂ ਹੋਇਆ ਸੀ। ਤੁਹਾਨੂੰ ਦੱਸਦੇ ਹਾਂ ਓਹਨਾਂ ਪੰਜ ਖ਼ਾਸ ਸ਼ਖ਼ਸੀਅਤਾਂ ਬਾਰੇ ਜਿਨ੍ਹਾਂ ਨੇ ਅਕਾਲੀ ਦਲ ਦੇ ਮਾਣਮੱਤੇ ਇਤਿਹਾਸ ਵਿੱਚ ਅਹਿਮ ਭੂਮਿਕਾ ਨਿਭਾਈ;

**ਖੜਕ ਸਿੰਘ**

ਖੜਕ ਸਿੰਘ ਨੂੰ ਸਤਿਕਾਰ ਵਜੋਂ 'ਬਾਬਾ' ਖੜਕ ਸਿੰਘ ਕਿਹਾ ਜਾਂਦਾ ਹੈ। ਉਹ ਅਕਾਲੀ ਦੇ ਉਨ੍ਹਾਂ ਮੋਹਰੀ ਆਗੂਆਂ ਵਿਚੋਂ ਸਨ, ਜਿਨ੍ਹਾਂ ਇਤਿਹਾਸਕ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ਿਆਂ ਤੋਂ ਅਜ਼ਾਦ ਕਰਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਵਿਚ ਅਹਿਮ ਭੂਮਿਕਾ ਨਿਭਾਈ।

ਉਹ ਸ਼੍ਰੋਮਣੀ ਗੁਰਦੁਆਰਾ ਕਮੇਟੀ (1921) ਦੇ ਪਹਿਲੇ ਪ੍ਰਧਾਨ ਬਣੇ ਸਨ 'ਤੇ ਉਹਨਾਂ 'ਚਾਬੀਆਂ ਦਾ ਮੋਰਚਾ' ਦੀ ਅਗਵਾਈ ਕੀਤੀ 'ਤੇ ਜਿੱਤ ਹਾਸਲ ਕੀਤੀ। ਇਸ ਦੌਰਾਨ ਉਹ ਪਹਿਲੀ ਵਾਰ ਜੇਲ੍ਹ ਗਏ।

ਉਹਨਾਂ ਨੇ ਭਾਰਤ ਦੀ ਅਜ਼ਾਦੀ ਲਈ ਬਰਤਾਨਵੀ ਹਕੂਮਤ ਖ਼ਿਲਾਫ਼ ਚਲਾਈ ਗਈ ਨਾ ਮਿਲਵਰਤਨ ਲਹਿਰ ਵਿਚ ਸਿੱਖਾਂ ਦੀ ਅਗਵਾਈ ਕੀਤੀ।ਉਹ ਅਜਿਹੇ ਆਗੂ ਸਨ ਜੋ ਇੱਕੋ ਵੇਲੇ ਅਕਾਲੀ 'ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸਨ

ਪ੍ਰਿਥੀਪਾਲ ਸਿੰਘ ਕਪੂਰ ਦੀ 'ਕੌਮੀ ਸੁਤੰਤਰਤਾ ਸੰਗਰਾਮ ਦੀਆਂ ਮੁੱਖ ਧਾਰਾਵਾਂ' ਕਿਤਾਬ ਅਨੁਸਾਰ ;

ਬਾਬਾ ਖੜਕ ਸਿੰਘ 15 ਤੋਂ ਵੱਧ ਵਾਰ ਜੇਲ੍ਹ ਗਏ, । ਉਨ੍ਹਾਂ ਜੇਲ੍ਹ ਵਿੱਚ 'ਕਾਲੀ ਪੱਗ' ਅਤੇ 'ਗਾਂਧੀ ਟੋਪੀ' ਲਈ ਜੋ ਸੰਘਰਸ਼ ਲੜਿਆ, ਉਹ ਅੱਜ ਵੀ ਪੰਜਾਬ ਦੀਆਂ ਦੰਦ ਕਥਾਵਾਂ ਦਾ ਹਿੱਸਾ ਹੈ।

1929 ਵਿੱਚ ਬਾਬਾ ਖੜਕ ਸਿੰਘ ਦੇ ਕਾਂਗਰਸ ਨਾਲ ਮੋਤੀ ਲਾਲ ਨਹਿਰੂ ਰਿਪੋਰਟ ਕਾਰਨ ਤਿੱਖੇ ਮਤਭੇਦ ਹੋ ਗਏ, ਪਰ ਇਸ ਬਾਵਜੂਦ ਉਨ੍ਹਾਂ ਅਜ਼ਾਦੀ ਲਹਿਰ ਵਿਚ ਦਮਦਾਰ ਭੂਮਿਕਾ ਨਿਭਾਈ। ਜਿਥੇ ਬਾਬਾ ਜੀ ਦਾ ਲੋਕ ਦਿਲਾਂ ਵਿੱਚ ਸਤਿਕਾਰ ਬਣਿਆ ਹੋਇਆ ਸੀ ਓਥੇ ਓਹਨਾਂ ਦੇ ਆਲੋਚਕ ਉਨ੍ਹਾਂ ਉੱਤੇ ਮੋਹਨ ਦਾਸ ਕਰਮ ਚੰਦ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਦੇ ਝਾਂਸੇ ਵਿਚ ਆ ਕੇ ਭਾਰਤ ਵੰਡ ਸਮੇਂ ਸਿੱਖਾਂ ਲਈ ਵੱਖਰੇ ਮੁਲਕ ਦੀ ਮੰਗ ਵਿਸਾਰ ਦੇਣ ਦਾ ਇਲਜ਼ਾਮ ਲਾਉਂਦੇ ਹਨ।

**ਮਾਸਟਰ ਤਾਰਾ ਸਿੰਘ**

ਮਾਸਟਰ ਤਾਰਾ ਸਿੰਘ ਦਾ ਜਨਮ 24 ਜੂਨ 1885 ਵਿੱਚ ਰਾਵਲਪਿੰਡੀ ਦੇ ਹਰਿਆਲ ਜ਼ਿਲ੍ਹੇ ਇੱਕ ਹਿੰਦੂ ਪਰਿਵਾਰ ਵਿਚ ਹੋਇਆ ਸੀ ਉਹਨਾਂ ਦਾ ਪਹਿਲਾ ਨਾਂ ਨਾਨਕ ਚੰਦ ਸੀ । ਪਰ ਸਾਲ 1900 ਦੌਰਾਨ ਉਹ ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਦੇ ਧਰਮ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਸਿੰਘ ਸਜ ਗਏ ਅਤੇ ਨਾਨਕ ਚੰਦ ਤੋਂ ਤਾਰਾ ਸਿੰਘ ਬਣ ਗਏ। ਮਾਸਟਰ ਤਾਰਾ ਸਿੰਘ ਜੀ ਵੱਲੋਂ ਸੱਚ ਦਾ 'ਢਿਡੌਰਾ' ਪਰਦੇਸੀ ਖਾਲਸਾ ਵੀਕਲੀ ਮੈਗਜ਼ੀਨ ਸ਼ੁਰੂ ਕੀਤਾ ਜੋ ਅੱਗੇ ਚੱਲ ਕੇ ਅਕਾਲੀ ਅਖ਼ਬਾਰ ਵੀ ਬਣਿਆ। ਉਹ ਬਾਬਾ ਖੜਕ ਸਿੰਘ ਨਾਲ ਗੁਰਦੁਆਰਾ ਸੁਧਾਰ ਲਹਿਰ ਵਿਚ ਅੱਗੇ ਹੋਕੇ ਲੜੇ ਅਤੇ ਪਹਿਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ ਅਤੇ ਇਸ ਵੱਕਾਰੀ ਸੰਸਥਾ ਦੇ ਬਾਨੀ ਸਕੱਤਰ ਬਣੇ।

ਮਾਸਟਰ ਤਾਰਾ ਸਿੰਘ ਨੇ ਭਾਰਤੀ ਦੀ ਅਜ਼ਾਦੀ ਦੀ ਲੜਾਈ ਦੀਆਂ ਨਾ-ਮਿਲਵਰਤਨ ਸੰਬੰਧੀ ਮੁਜ਼ਾਹਰੇ ਅਤੇ ਕਾਂਗਰਸ ਦੇ ਅੰਦੋਲਨ ਦੀਆਂ ਹੋਰ ਲਹਿਰਾਂ ਵਿਚ ਵੱਧ ਚੜ੍ਹਕੇ ਯੋਗਦਾਨ



ਪਾਇਆ, 'ਤੇ ਕਈ ਵਾਰ ਜੇਲ੍ਹਾਂ ਵਿਚ ਗਏ।

ਦੇਸ ਦੀ ਅਜ਼ਾਦੀ ਤੋਂ ਬਾਅਦ ਜਦੋਂ ਕਾਂਗਰਸ ਦੇ ਆਗੂ ਸਿੱਖਾਂ ਨਾਲ ਕੀਤੇ ਵਾਅਦੇ ਮੁਤਾਬਕ ਉਨ੍ਹਾਂ ਨੂੰ ਭਾਰਤ ਵਿਚ ਖ਼ੁਦਮੁਖ਼ਤਿਆਰ ਸੂਬਾ ਦੇਣ ਦੇ ਵਾਅਦੇ ਤੋਂ ਮੁਨਕਰ ਹੋ ਗਏ ਤਾਂ ਇਹ ਮਾਸਟਰ ਤਾਰਾ ਸਿੰਘ ਹੀ ਸਨ, ਜਿਨ੍ਹਾਂ ਦੀ ਅਗਵਾਈ ਵਿਚ ਅਕਾਲੀ ਦਲ ਨੇ ਪੰਜਾਬੀ ਸੂਬੇ ਮੋਰਚੇ ਦੀ ਲੜਾਈ ਲੜੀ। ਮਾਸਟਰ ਤਾਰਾ ਸਿੰਘ ਨੇ 28 ਮਈ, 1948 ਨੂੰ ਪੰਜਾਬੀ ਸੂਬੇ ਦੀ ਮੰਗ ਕੀਤੀ। ਉਸ ਦੂਜੀ ਵਾਰ 29 ਮਈ, 1960 ਨੂੰ ਪੰਜਾਬੀ ਸੂਬੇ ਲਈ ਫਿਰ ਮੋਰਚਾ ਲਾਇਆ।

ਮਾਸਟਰ ਜੀ ਨੇ 15 ਅਗਸਤ, 1961 ਨੂੰ ਪੰਜਾਬੀ ਸੂਬੇ ਲਈ ਮਰਨ ਵਰਤ ਵੀ ਰੱਖਿਆ।

ਜੇ ਐੱਸ ਗਰੇਵਾਲ ਦੀ ਕਿਤਾਬ 'ਮਾਸਟਰ ਤਾਰਾ ਸਿੰਘ ਇੰਨ ਇੰਡੀਅਨ ਹਿਸਟਰੀ' ਮੁਤਾਬਕ ਸੱਤਾ ਤਬਾਦਲੇ ਸਮੇਂ ਨਵੀਂ ਕਾਰਜਕਾਰੀ ਕੌਂਸਲ ਅਤੇ ਭਾਰਤ ਦੇ ਨਵੇਂ ਸੰਵਿਧਾਨ ਬਾਰੇ ਹੋਈ ਸ਼ਿਮਲਾ ਕਾਨਫਰੰਸ ਵਿਚ ਮਾਸਟਰ ਤਾਰਾ ਸਿੰਘ ਨੇ ਸਿੱਖ ਭਾਈਚਾਰੇ ਦਾ ਪੱਖ ਰੱਖਿਆ ਸੀ।

**'ਸੰਤ' ਫਤਿਹ ਸਿੰਘ**

ਸੰਤ ਫਤਿਹ ਸਿੰਘ ਦਾ ਜਨਮ ਬਠਿੰਡਾ ਦੇ ਪਿੰਡ ਬਦਿਆਲ ਵਿਚ ਹੋਇਆ ਸੀ ਅਤੇ ਪਰਿਵਾਰ ਤੋਂ ਹੀ ਉਨ੍ਹਾਂ ਨੂੰ ਗੁਰਬਾਣੀ ਪੜ੍ਹਨ ਤੇ ਸਮਾਜ ਸੇਵਾ ਦੀ ਗੁੜ੍ਹਤੀ ਮਿਲੀ ਸੀ।

ਉਨ੍ਹਾਂ ਦਾ ਸ਼ੁਰੂਆਤੀ ਸਮਾਂ ਖੇਤੀਬਾੜੀ ਅਤੇ ਕਾਰ ਸੇਵਾ ਵਿਚ ਗੁਜ਼ਰਿਆ । 1931 ਵਿਚ ਉਹ ਸ੍ਰੀਗੰਗਾਨਗਰ ਚਲੇ ਗਏ । ਫਤਿਹ ਸਿੰਘ ਨੇ 1949 ਵਿਚ 'ਮਾਮਾ-ਭਾਣਜਾ ਵਜਾਰਤ' ਮੋਰਚੇ ਦੌਰਾਨ ਪਹਿਲੀ ਵਾਰ ਪਟਿਆਲਾ ਵਿਚ ਗ੍ਰਿਫਤਾਰੀ ਦਿੱਤੀ। ਫਤਹਿ ਸਿੰਘ ਉਹ ਪੰਥਕ ਆਗੂ ਸਨ ਜਿਨ੍ਹਾਂ ਤਖਤ ਦਮਦਮਾ ਸਾਹਿਬ ਨੂੰ ਚੌਥੇ ਤਖ਼ਤ ਵਜੋਂ 1962 ਵਿਚ ਮਾਨਤਾ ਦੁਆਈ, ਉਸ ਵੇਲੇ ਉਹ ਅਕਾਲੀ ਦਲ ਦੇ ਪ੍ਰਧਾਨ ਵੀ ਸਨ।

1955 ਵਿਚ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਅਰੇ ਉੱਤੇ ਪਾਬੰਦੀ ਹਟਾਉਣ ਲਈ ਸੰਤ ਫਤਿਹ ਸਿੰਘ ਨੇ ਸੌ ਸਿੰਘਾਂ ਦੇ ਜਥੇ ਨਾਲ ਅੰਮ੍ਰਿਤਸਰ ਵਿਚ ਗ੍ਰਿਫ਼ਤਾਰੀ ਦਿੱਤੀ ਅਤੇ ਅਕਾਲੀ ਦਲ ਨੇ 1960 ਵਿਚ ਉਨ੍ਹਾਂ ਨੂੰ ਪੰਜਾਬੀ ਸੂਬਾ ਮੋਰਚੇ ਦਾ ਆਗੂ ਥਾਪ ਦਿੱਤਾ।

ਪੰਜਾਬੀ ਸੂਬੇ ਦੀ ਮੰਗ ਮਨਵਾਉਣ ਲਈ 1960 ਵਿਚ ਉਨ੍ਹਾਂ ਪਹਿਲਾ ਮਰਨ ਵਰਤ ਰੱਖਿਆ ਜਿਹੜਾ ਮੰਗਾਂ ਮੰਨੀਆਂ ਜਾਣ ਦਾ ਭਰੋਸਾ ਦੇ ਕੇ ਸਮਾਪਤ ਕਰਵਾ ਦਿੱਤਾ ਗਿਆ।

ਪੰਜਾਬੀ ਸੂਬਾ ਮੋਰਚਾ ਕਾਫੀ ਸਮੇਂ ਤੋਂ ਚੱਲ ਰਿਹਾ ਸੀ, ਪਰ ਸੰਤ ਫਤਿਹ ਸਿੰਘ ਨੇ 10 ਸਤੰਬਰ 1965 ਨੂੰ 15 ਦਿਨਾਂ ਦਾ ਅਲਟੀਮੇਟਮ ਦੇ ਕੇ ਉਨ੍ਹਾਂ ਨੇ ਮਰਨ ਵਰਤ ਸ਼ੁਰੂ ਕਰ ਦਿੱਤਾ। ਸਰਕਾਰ ਨੇ 1 ਨਵੰਬਰ 1966 ਨੂੰ ਪੰਜਾਬੀ ਸੂਬਾ ਤਾਂ ਬਣਾ ਦਿੱਤਾ ਪਰ ਸਮਝੌਤੇ ਤੋਂ ਮੁੱਕਰ ਕੇ ਚੰਡੀਗੜ੍ਹ ਸਮੇਤ ਕਈ ਪੰਜਾਬੀ ਬੋਲਦੇ ਇਲਾਕੇ ਬਾਹਰ ਰੱਖ ਦਿੱਤੇ।ਅਧੂਰੇ ਪੰਜਾਬੀ ਸੂਬੇ ਕਾਰਨ ਬੇਚੈਨ ਸੰਤ ਫ਼ਤਿਹ ਸਿੰਘ ਨੇ ਮੁੜ ਮਰਨ ਵਰਤ ਦੀ ਤਿਆਰੀ ਆਰੰਭ ਦਿੱਤੀ। ਆਖ਼ਿਰ ਪੰਜਾਬ ਹਿਤਾਂ ਲਈ ਉਨ੍ਹਾਂ ਨੇ 1967 ਦੀਆਂ ਵਿਧਾਨ ਸਭਾ ਚੋਣਾਂ ਲੜਨ ਦਾ ਫ਼ੈਸਲਾ ਲਿਆ।

ਕਾਮਰੇਡਾਂ ਅਤੇ ਜਨ ਸੰਘੀਆਂ ਨਾਲ ਮਿਲਕੇ ਉਨ੍ਹਾਂ ਅਕਾਲੀ ਦਲ ਨੂੰ ਚੋਣ ਲੜਾਈ ਅਤੇ ਪਾਰਟੀ ਦੀ ਪੰਜਾਬ ਵਿਚ ਪਹਿਲੀ ਸਰਕਾਰ ਬਣੀ।

ਜਸਟਿਸ ਗੁਰਨਾਮ ਸਿੰਘ ਇਸ ਸਰਕਾਰ ਦੇ ਮੁੱਖ ਮੰਤਰੀ ਬਣੇ, ਪਰ ਬਾਅਦ ਵਿਚ ਸੰਤ ਫਤਿਹ ਸਿੰਘ ਨਾਲ ਉਨ੍ਹਾਂ ਦੇ ਮਤਭੇਦ ਹੋ ਜਾਣ ਕਾਰਨ ਪ੍ਰਕਾਸ਼ ਸਿੰਘ ਬਾਦਲ ਨੂੰ ਮੁੱਖ ਮੰਤਰੀ ਵੀ ਉਨ੍ਹਾਂ ਨੇ ਹੀ ਬਣਾਇਆ।1969 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਪੁਰਬ ਪਹਿਲੀ ਵਾਰ ਵੱਡੇ ਪੱਧਰ ''ਤੇ ਮਨਾ ਕੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵਿਚ ਗੁਰਪੁਰਬ ਮਨਾਉਣ ਦੀ ਪਿਰਤ ਵੀ ਉਨ੍ਹਾਂ ਨੇ ਹੀ ਪਾਈ ਸੀ।

ਫ਼ਤਿਹ ਸਿੰਘ ਨੇ ਮਾਝੇ ਦੇ ਟਕਸਾਲੀ ਅਕਾਲੀ ਨੇਤਾ ਮੋਹਣ ਸਿੰਘ ਤੁੜ ਨੂੰ ਅਕਾਲੀ ਦਲ ਦੇ ਪ੍ਰਧਾਨ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕਰ ਕੇ ਸਰਗਰਮ ਸਿਆਸਤ ਤੋਂ ਸੰਨਿਆਸ ਲੈ ਲਿਆ। ਤੀਹ ਅਕਤੂਬਰ 1972 ਨੂੰ ਉਹ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ।

**ਹਰਚੰਦ ਸਿੰਘ ਲੌਂਗੋਵਾਲ**

ਹਰਚੰਦ ਸਿੰਘ ਲੌਂਗੋਵਾਲ ਦਾ ਜਨਮ 2 ਜਨਵਰੀ 1932 ਨੂੰ ਮੌਜੂਦਾ ਸੰਗਰੂਰ ਜ਼ਿਲ੍ਹੇ ਦੇ ਪਿੰਡ ਗਿੱਦੜਿਆਣੀ ਵਿਚ ਹੋਇਆ। ਕੀਰਤਨ ਦੀ ਵਿੱਦਿਆ ਹਾਸਲ ਕੀਤੀ।ਉਹ ਗੁਰਬਾਣੀ ਕੀਰਤਨੀਏ ਅਤੇ ਪ੍ਰਚਾਰਕ ਸਨ ਇਸ ਕਾਰਨ ਲੋਕਾਂ ਨੇ ਉਨ੍ਹਾਂ ਨੂੰ ਸੰਤ ਹਰਚੰਦ ਸਿੰਘ ਕਹਿਣਾ ਸ਼ੁਰੂ ਕਰ ਦਿੱਤਾ।1953 ਵਿਚ ਭਾਈ ਮਨੀ ਸਿੰਘ ਦੀ ਯਾਦ ਵਿਚ ਨਵੇਂ ਬਣੇ ਗੁਰਦੁਆਰਾ ਸਾਹਿਬ ਦੀ ਸੇਵਾ ਲਈ ਉਨ੍ਹਾਂ ਨੂੰ ਸੰਗਤ ਲੌਂਗੋਵਾਲ ਲੈ ਆਈ, ਜਿਸ ਤੋਂ ਬਾਅਦ ਉਨ੍ਹਾਂ ਦਾ ਨਾਂ ਹਰਚੰਦ ਸਿੰਘ ਲੌਂਗਵਾਲ ਹੋ ਗਿਆ।

ਲੌਂਗੋਵਾਲ ਨੇ ਪੰਜਾਬੀ ਸੂਬੇ ਮੋਰਚੇ ਤੋਂ ਲੈ ਕੇ 1957 ਵਿੱਚ ਕਮਿਊਨਿਸਟ ਪਾਰਟੀ ਦੇ ਖ਼ੁਸ਼ ਹੈਸੀਅਤ ਟੈਕਸਾਂ ਖ਼ਿਲਾਫ਼ ਮੋਰਚੇ ਸਣੇ ਅਕਾਲੀ ਦਲ ਦੇ ਹਰ ਸੰਘਰਸ਼ ਵਿਚ ਅੱਗੇ ਹੋ ਕੇ ਸੇਵਾਵਾਂ ਨਿਭਾਈਆਂ।1962 ਵਿਚ ਉਹ ਤਖ਼ਤ ਦਮਦਮਾ ਸਾਹਿਬ ਦੇ ਪਹਿਲੇ ਜਥੇਦਾਰ ਥਾਪੇ ਗਏ, ਪਰ 1964 ਵਿਚ ਉਨ੍ਹਾਂ ਪਾਉਂਟਾ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਨੂੰ ਸਰਕਾਰੀ ਕਬਜ਼ੇ ਵਿਚੋਂ ਛੁਡਾਉਣ ਲਈ ਜਥੇਦਾਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਮੋਰਚਾ ਲਾਇਆ।1969-70 ਵਿੱਚ ਹਲਕਾ ਲਹਿਰਾਗਾਗਾ ਤੋਂ ਅਕਾਲੀ ਦਲ ਦਾ ਹੁਕਮ ਮੰਨ ਕੇ ਪੈਪਸੂ ਦੇ ਸਾਬਕਾ ਮੁੱਖ ਮੰਤਰੀ ਬਾਬੂ ਬਿਰਸ਼ ਭਾਨ ਦੇ ਮੁਕਾਬਲੇ ਵਿਧਾਨ ਸਭਾ ਦੀ ਚੋਣ ਲੜੀ ਅਤੇ ਦੋ ਵਾਰ ਉਨ੍ਹਾਂ ਨੂੰ ਭਾਰੀ ਗਿਣਤੀ ਨਾਲ ਹਰਾਇਆ। ਅਕਾਲੀ ਦਲ ਨੇ ਅਗਲੀ ਲੜਾਈ ਭਾਰਤ ਦੀ ਇੰਦਰਾ ਗਾਂਧੀ ਸਰਕਾਰ ਵਲੋਂ ਲਾਈ ਐਮਰਜੈਂਸੀ ਦੇ ਮੋਰਚੇ ਵਜੋਂ ਲੜੀ। ਉਸ ਵੇਲੇ ਹਰਚੰਦ ਸਿੰਘ ਲੌਂਗੋਵਾਲ ਅਕਾਲੀ ਦਲ ਦੇ ਪ੍ਰਧਾਨ ਸਨ।

ਉਹਨਾਂ ਨੇ ਪੰਜਾਬ ਦੇ ਪਾਣੀਆਂ ਦੀ ਕਾਣੀ ਵੰਡ 'ਤੇ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਉੱਠੀਆਂ ਮੰਗਾਂ ਦੀ ਪੂਰਤੀ ਲਈ ਸ਼ੁਰੂ ਹੋਏ ਧਰਮਯੁੱਧ ਮੋਰਚੇ ਵਿਚ ਅਕਾਲੀ ਦਲ ਦੀ ਅਗਵਾਈ ਕੀਤੀ।1980 ਦੇ ਦੌਰਾਨ ਵੀ ਉਹਨਾਂ ਪੰਜਾਬ ਦੇ ਸੰਤਾਪ ਦੇ ਦਿਨਾਂ ਵਿਚ ਇਤਿਹਾਸਕ ਅਗਵਾਈ ਦਿੱਤੀ।

ਉਹ ਪੰਜਾਬ ਦੇ ਅਜਿਹੇ ਆਗੂ ਸਨ, ਜਿਨ੍ਹਾਂ ਨਾਲ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਪੰਜਾਬ ਦੀਆਂ ਮੰਗਾਂ ਮੰਨਣ ਲਈ ਲਿਖਤੀ ਸਮਝੌਤਾ ਕੀਤਾ। ਇਸੇ ਸਮਝੌਤੇ ਕਾਰਨ ਸਿੱਖਾਂ ਦੀ ਇੱਕ ਧਿਰ ਉਨ੍ਹਾਂ ਨੂੰ ਪੰਜਾਬ ਦਾ ਗੱਦਾਰ ਸਮਝਣ ਲੱਗੀ ਅਤੇ ਇਸ ਦਾ ਮੁੱਲ ਉਨ੍ਹਾਂ ਨੂੰ 20 ਅਗਸਤ 1985 ਨੂੰ ਆਪਣੀ ਜਾਨ ਦੇ ਕੇ ਤਾਰਨਾ ਪਿਆ।

**ਪ੍ਰਕਾਸ਼ ਸਿੰਘ ਬਾਦਲ**

ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ 5 ਵਾਰ ਮੁੱਖ ਮੰਤਰੀ ਬਣੇ ਅਤੇ 1996 ਤੋਂ 2008 ਤੱਕ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਵਜੋਂ ਕੰਮ ਕਰਦੇ ਰਹੇ। 1970 ਵਿੱਚ ਬਾਦਲ 43 ਸਾਲ ਦੀ ਉਮਰ ਵਿੱਚ ਪਹਿਲੀ ਵਾਰ ਕਿਸੇ ਭਾਰਤੀ ਸੂਬੇ ਦੇ ਮੁੱਖ ਮੰਤਰੀ ਬਣਨ ਵਾਲੇ ਸਭ ਤੋਂ ਛੋਟੀ ਉਮਰ ਦੇ ਆਗੂ 'ਤੇ 2017 ਵਿੱਚ 5ਵੇਂ ਕਾਰਜਕਾਲ ਦੌਰਾਨ ਉਹ 90 ਸਾਲ ਦੀ ਉਮਰ ਦੇ ਕਿਸੇ ਭਾਰਤੀ ਸੂਬੇ ਦੇ ਸਭ ਤੋਂ ਵਡੇਰੀ ਉਮਰ ਦੇ ਮੁੱਖ ਮੰਤਰੀ ਸਨ।

ਚੌਧਰੀ ਚਰਨ ਸਿੰਘ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਚ 1979 ਤੋਂ 1980 ਦੌਰਾਨ ਉਹ ਖੇਤੀ ਮੰਤਰੀ ਬਣੇ, ਪਰ ਉਨ੍ਹਾਂ ਮੁੜ ਕੇ ਕਦੇ ਵੀ ਕੇਂਦਰ ਵੱਲ ਨਹੀਂ ਤੱਕਿਆ ਅਤੇ ਆਪਣਾ ਪੂਰਾ ਧਿਆਨ ਸੂਬਾਈ ਸਿਆਸਤ ਉੱਤੇ ਕ੍ਰੇਂਦਿਤ ਕੀਤਾ।

ਪ੍ਰਕਾਸ਼ ਸਿੰਘ ਬਾਦਲ ਨੇ 1980ਵਿਆਂ ਦੇ ਸੰਕਟ ਤੋਂ ਬਾਅਦ ਅਕਾਲੀ ਦਲ ਉੱਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ। ਉਨ੍ਹਾਂ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਕਰਕੇ ਸੱਤਾ ਹੀ ਹਾਸਲ ਨਹੀਂ ਕੀਤੀ, ਬਲਕਿ ਇਸ ਦੇ ਨਾਲ ਨਾਲ ਖਾੜਕੂਵਾਦ ਦੇ ਦੌਰ ਦੌਰਾਨ ਮਾਯੂਸੀ ਵਿਚ ਗਈ ਸਿੱਖ ਲੀਡਰਸ਼ਿਪ ਨੂੰ ਕੌਮੀ ਧਾਰਾ ਵਿਚ ਲਿਆਂਦਾ। ਉਹਨਾਂ ਸੱਤਾ ਵਿਚ ਵੀ ਉਨ੍ਹਾਂ ਵਿਰੋਧੀਆਂ ਦਾ ਇਹ ਭਰਮ ਤੋੜਿਆ ਕਿ ਅਕਾਲੀ ਸਿਰਫ਼ ਮੋਰਚੇ ਲਾਉਣੇ ਜਾਣਦੇ ਹਨ, ਰਾਜ ਕਰਨਾ ਨਹੀਂ।

ਪ੍ਰਕਾਸ਼ ਸਿੰਘ ਬਾਦਲ ਉੱਤੇ ਇਲਜ਼ਾਮ ਲੱਗਦਾ ਹੈ ਕਿ ਉਨ੍ਹਾਂ ਨਿੱਜੀ ਸਿਆਸੀ ਹਿੱਤਾਂ ਲਈ ਪੰਥਕ ਸੰਸਥਾਵਾਂ ਤੇ ਰਵਾਇਤਾਂ ਨੂੰ ਨਿਘਾਰ ਵੱਲ ਤੋਰਿਆਂ ਅਤੇ ਅਕਾਲੀ ਦਲ ਨੂੰ ਸਿੱਖਾਂ ਦੀ ਨੁਮਾਇੰਦਾ ਪਾਰਟੀ ਤੋਂ ਪੰਜਾਬੀ ਪਾਰਟੀ ਵਿਚ ਬਦਲ ਦਿੱਤਾ। ਉਨ੍ਹਾਂ ਉੱਤੇ ਪੰਜਾਬ ਦੀ ਸੱਤਾ ਅਤੇ ਅਕਾਲੀ ਦਲ ਵਿਚ ਭਾਈ-ਭਤੀਜਾਵਾਦ ਨੂੰ ਉਤਸ਼ਾਹਿਤ ਕਰਨ ਦਾ ਇਲਜ਼ਾਮ ਰਿਹਾ ਹੈ। ਹੁਣ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਨ। ਉਹਨਾਂ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਆਪਣੀ ਹੋਂਦ ਦੇ ਗੰਭੀਰ ਢਾਂਚਾ ਗਤ ਅਤੇ ਵਿਚਾਰਧਾਰਕ ਸੰਕਟ ਨਾਲ ਜੂਝ ਰਿਹਾ ਹੈ।

# ਕਤਰ 'ਚ ਹੋ ਰਹੀਆਂ ਕੌਮਾਂਤਰੀ ਖੇਡਾਂ ਵਿਚ 139 ਕਰੋੜ ਦੀ ਅਬਾਦੀ ਵਾਲੇ ਇੰਡੀਆ ਵੱਲੋਂ ਆਪਣੀ ਫੁੱਟਬਾਲ ਦੀ ਟੀਮ ਨਾ ਭੇਜ ਸਕਣਾ ਅਤਿ ਸ਼ਰਮਨਾਕ : ਮਾਨ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖ਼ਾਲਸਾ :- ਕਤਰ ਮੁਲਕ ਵਿਚ ਕੌਮਾਂਤਰੀ ਪੱਧਰ ਦੀਆਂ ਫ਼ੀਫਾ ਦੀਆਂ ਖੇਡਾਂ ਹੋ ਰਹੀਆਂ ਹਨ । ਜਿੱਥੇ ਛੋਟੇ-ਛੋਟੇ ਮੁਲਕਾਂ ਨੇ ਵੀ ਆਪਣੀਆਂ ਟੀਮਾਂ ਭੇਜਕੇ ਕੌਮਾਂਤਰੀ ਪੱਧਰ ਤੇ ਆਪਣੀ ਹਾਜ਼ਰੀ ਵੀ ਲਗਾਈ ਹੈ ਅਤੇ ਖੇਡ ਦਾ ਪ੍ਰਦਰਸ਼ਨ ਵੀ ਕੀਤਾ ਹੈ । ਪਰ ਦੁੱਖ ਅਤੇ ਅਫ਼ਸੋਸ ਹੈ ਕਿ 139 ਕਰੋੜ ਦੀ ਅਬਾਦੀ ਵਾਲਾ ਇੰਡੀਆ ਮੁਲਕ ਜਿਸਦੇ ਹੁਕਮਰਾਨ ਮੀਡੀਏ ਅਤੇ ਅਖ਼ਬਾਰਾਂ ਵਿਚ ਰੋਜ਼ਾਨਾ ਹੀ ਵੱਡੇ-ਵੱਡੇ ਖੋਖਲੇ ਦਾਅਵੇ ਕਰਦੇ ਨਜ਼ਰ ਆਉਂਦੇ ਹਨ, ਉਸ ਮੁਲਕ ਵੱਲੋਂ ਫ਼ੀਫਾ ਕਤਰ ਦੀਆਂ ਖੇਡਾਂ ਵਿਚ ਆਪਣੀ ਇਕ ਫੁੱਟਬਾਲ ਦੀ ਟੀਮ ਵੀ ਭੇਜ ਨਾ ਸਕਣਾ ਇਨ੍ਹਾਂ ਵੱਲੋਂ 'ਇੰਡੀਆ ਸ਼ਾਈਨਿੰਗ' ਦੀ ਗੱਲ ਕਰਨ ਵਾਲਿਆਂ ਦੇ ਮੂੰਹ ਵੀ ਚਿੜਾ ਰਹੀ ਹੈ ਅਤੇ ਸਮੁੱਚੇ ਇੰਡੀਆ ਨਿਵਾਸੀਆਂ ਨੂੰ ਨਮੋਸ਼ੀ ਵੱਲ ਵੀ ਧਕੇਲ ਰਹੀ ਹੈ ਕਿ ਐਨੀ ਵੱਡੀ ਅਬਾਦੀ ਵਾਲਾ ਮੁਲਕ ਕੌਮਾਂਤਰੀ ਖੇਡਾਂ ਵਿਚ ਆਪਣੀ ਇਕ ਫੁੱਟਬਾਲ ਦੀ ਟੀਮ ਤਿਆਰ ਕਰਕੇ ਵੀ ਨਹੀਂ ਭੇਜ ਸਕਿਆ। ਜਦੋਂਕਿ ਟੀ.ਵੀ. ਚੈਨਲਾਂ, ਮੀਡੀਏ ਵਿਚ ਰੋਜ਼ਾਨਾ ਹੀ ਇੰਡੀਆ ਦੇ ਪ੍ਰਬੰਧ ਅਤੇ ਇੰਡੀਆ ਦੀ ਤਰੱਕੀ ਦੇ ਦਾਅਵੇ ਕੀਤੇ ਜਾਂਦੇ ਹਨ ।



ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਤਰ ਮੁਲਕ ਵਿਚ ਫ਼ੀਫਾ ਫੁੱਟਬਾਲ ਦੀਆਂ ਖੇਡਾਂ ਵਿਚ ਇੰਡੀਆ ਵੱਲੋਂ ਆਪਣੀ ਟੀਮ ਭੇਜਣ ਵਿਚ ਅਸਫਲ ਹੋਣ ਉੱਤੇ ਅਤੇ ਇੱਥੋਂ ਦੇ ਹੁਕਮਰਾਨਾਂ ਵੱਲੋਂ ਇੰਡੀਅਨ ਨਿਵਾਸੀਆਂ ਨੂੰ ਗੁੰਮਰਾਹ ਕਰਨ ਹਿਤ ਨਿੱਤ ਦਿਹਾੜੇ ਕੀਤੇ ਜਾਂਦੇ ਆ ਰਹੇ ਕਾਮਯਾਬੀ ਦੇ ਖੋਖਲੇ ਦਾਅਵਿਆਂ ਉੱਤੇ ਤਿੱਖਾ ਪ੍ਰਤੀਕਰਮ ਜ਼ਾਹਰ ਕਰਦੇ ਹੋਏ ਅਤੇ ਖੇਡਾਂ ਦੇ ਵਿਸ਼ੇ ਉੱਤੇ ਹੁਕਮਰਾਨਾਂ ਵੱਲੋਂ ਉਚੇਚੇ ਤੌਰ 'ਤੇ ਧਿਆਨ ਦੇਣ, ਚੰਗੇ ਖਿਡਾਰੀ ਪੈਦਾ ਕਰਨ ਲਈ ਤਜਰਬੇਕਾਰ ਕੋਚ, ਫੁੱਟਬਾਲ ਦੇ ਮੈਦਾਨ ਆਦਿ ਤਿਆਰ ਕਰਨ ਦੀਆਂ ਯੋਜਨਾਵਾਂ ਉੱਤੇ ਜ਼ੋਰ ਦਿੰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਸੁਝਾਅ ਦਿੰਦੇ ਹੋਏ ਕਿਹਾ ਕਿ ਉਲੰਪਿਕ ਖੇਡਾਂ ਨੂੰ ਮੁੱਖ ਰੱਖਦੇ ਹੋਏ ਇੰਡੀਆ ਦੇ ਹਰ ਸੂਬੇ ਵਿਚ ਕੌਮਾਂਤਰੀ ਪੱਧਰ ਦੇ ਆਧੁਨਿਕ ਸਵੀਮਿੰਗ ਪੂਲ, ਫੁੱਟਬਾਲ ਦੀਆਂ ਚੰਗੀਆਂ ਟੀਮਾਂ ਤਿਆਰ ਕਰਨ ਲਈ ਚੰਗੇ ਮੈਦਾਨ, ਖਿਡਾਰੀਆਂ ਨੂੰ ਸਹੂਲਤਾਂ ਦੇਣ ਦਾ ਉਚੇਚੇ ਤੌਰ 'ਤੇ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਜਿਹਾ ਅਮਲ ਹੋਣ ਤੇ ਕੇਵਲ ਸੰਸਾਰ ਪੱਧਰ ਦੀਆਂ ਖੇਡਾਂ ਜਿੱਤਣ ਲਈ ਟੀਮਾਂ ਹੀ ਤਿਆਰ ਨਹੀਂ ਹੋਣਗੀਆਂ ਬਲਕਿ ਜੋ ਇੰਡੀਆ ਦੇ ਹੁਕਮਰਾਨ ਅੱਜ ਤੱਕ ਹਜ਼ਾਰਾਂ ਸਕੇਅਰ ਵਰਗ ਕਿੱਲੋਮੀਟਰ ਇਲਾਕਾ ਜੋ ਗੁਆਂਢੀ ਮੁਲਕ ਚੀਨ ਨੇ ਲੱਦਾਖ਼ ਵਿਚ ਕਬਜ਼ਾ ਕੀਤਾ ਹੋਇਆ ਹੈ ਅਤੇ ਜਿਸ ਨੂੰ ਬੀਤੇ 60 ਸਾਲਾਂ ਵਿਚ ਇੰਡੀਅਨ ਫ਼ੌਜ ਤੇ ਹੁਕਮਰਾਨ ਵਾਪਸ ਨਹੀਂ ਕਰਵਾ ਸਕੇ, ਇਨ੍ਹਾਂ ਖੇਡਾਂ ਦੀ ਬਦੌਲਤ ਚੰਗੇ ਰਿਸ਼ਟ-ਪੁਸ਼ਟ ਨੌਜਵਾਨ ਨੂੰ ਇੰਡੀਆ ਦੀਆਂ ਤਿੰਨੇ ਸੈਨਾਵਾਂ ਆਰਮੀ, ਏਅਰ ਫੋਰਸ, ਨੇਵੀ ਵਿਚ ਭਰਤੀ ਹੋਣ ਲਈ ਵੱਡਾ ਉਤਸ਼ਾਹ ਮਿਲੇਗਾ ਅਤੇ ਜੇਕਰ ਇੰਡੀਅਨ ਹੁਕਮਰਾਨ ਨਿਰਪੱਖਤਾ ਨਾਲ ਇਨ੍ਹਾਂ ਖੇਡਾਂ ਵਿਚ ਅੱਵਲ ਦਰਜਾ ਪ੍ਰਾਪਤ ਕਰਨ ਲਈ ਪੰਜਾਬ ਸੂਬੇ ਨੂੰ ਉਚੇਚੇ ਤੌਰ 'ਤੇ ਚੁਣੇ ਤਾਂ ਖੇਡਾਂ ਦੇ ਨਾਲ-ਨਾਲ ਫ਼ੌਜ ਵਿਚ ਵੀ ਇਹ ਸਾਡੇ ਨੌਜਵਾਨ ਵੱਡੀਆਂ ਮੱਲਾਂ ਮਾਰਨ ਅਤੇ ਇੰਡੀਆ ਦੀ ਕੌਮਾਂਤਰੀ ਪੱਧਰ 'ਤੇ ਖੇਡਾਂ ਅਤੇ ਮੈਦਾਨ-ਏ-ਜੰਗ ਵਿਚ ਹੋ ਰਹੀ ਨਮੋਸ਼ੀ ਨੂੰ ਵੀ ਖ਼ਤਮ ਕਰ ਸਕਦੇ ਹਨ।

## ਜੀ-20 ਸੰਮੇਲਨ ਦੀ ਮੇਜ਼ਬਾਨੀ ਲਈ ਪੰਜਾਬ ਤਿਆਰ: ਭਗਵੰਤ ਮਾਨ

### ਸਮਾਗਮ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਪ੍ਰਧਾਨ ਮੰਤਰੀ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਮੁੱਖ ਮੰਤਰੀ ਨੇ ਕੀਤੀ ਸ਼ਿਰਕਤ

ਨਵੀਂ ਦਿੱਲੀ, 10 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਸੂਬੇ ਵਿੱਚ ਜੀ-20 ਸੰਮੇਲਨ ਦੇ ਦੋ ਸੈਸ਼ਨਾਂ ਦੀ ਸਫਲਤਾਪੂਰਵਕ ਮੇਜ਼ਬਾਨੀ ਕਰਕੇ ਨਵਾਂ ਮੀਲ ਦਾ ਪੱਥਰ ਸਥਾਪਤ ਕਰੇਗੀ।

ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਵੀਡੀਓ ਕਾਨਫਰੰਸਿੰਗ ਵਿੱਚ ਭਾਗ ਲੈਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਖ਼ੁਸ਼ਕਿਸਮਤ ਹੈ ਕਿ ਜੀ-20 ਸੰਮੇਲਨ ਦੇ ਦੋ ਸੈਸ਼ਨਾਂ ਵਿੱਚੋਂ ਪਹਿਲਾਂ 15, 16 ਤੇ 17 ਮਾਰਚ ਨੂੰ ਸਿੱਖਿਆ ਦੇ ਮੁੱਦੇ ਅਤੇ ਦੂਜਾ 22-23 ਜੂਨ ਨੂੰ ਲੇਬਰ ਦੇ ਮੁੱਦੇ ਉਤੇ ਹੋਣਗੇ। ਉਨ੍ਹਾਂ ਕਿਹਾ ਕਿ ਸੂਬਾ ਆਪਣੀ ਨਿੱਘੀ ਮਹਿਮਾਨਨਿਵਾਜ਼ੀ ਲਈ ਵਿਸ਼ਵ ਭਰ ਵਿੱਚ ਮਸ਼ਹੂਰ ਹੈ ਅਤੇ ਇਨ੍ਹਾਂ ਸਮਾਗਮਾਂ ਦੌਰਾਨ ਭਾਗ ਲੈਣ ਵਾਲੇ ਦੇਸ਼ਾਂ ਦੇ ਮਹਿਮਾਨਾਂ ਦਾ ਸੁਆਗਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਮਾਨ ਨੇ ਦੱਸਿਆ ਕਿ ਇਹ ਸਮਾਗਮ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਹੋਣਗੇ, ਜਿੱਥੇ ਰੋਜ਼ਾਨਾ ਲੱਖਾਂ ਦੀ ਗਿਣਤੀ 'ਚ ਸੰਗਤ ਸ੍ਰੀ ਦਰਬਾਰ ਸਾਹਿਬ, ਦੁਰਗਿਆਣਾ ਮੰਦਰ, ਜਲ੍ਹਿਆਂਵਾਲਾ ਬਾਗ ਅਤੇ ਹੋਰਾਂ ਥਾਵਾਂ 'ਤੇ ਮੱਥਾ ਟੇਕਦੀ ਹੈ।

## ਸੁਖਬੀਰ ਬਾਦਲ ਤੋਂ ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਤਿੰਨ ਘੰਟੇ ਪੁੱਛਗਿੱਛ



ਚੰਡੀਗੜ੍ਹ/ ਏ.ਟੀ.ਨਿਊਜ਼ :- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਬੀਤੇ ਦਿਨੀਂ 7 ਸਾਲ ਪੁਰਾਣੇ ਕੋਟਕਪੂਰਾ ਗੋਲੀ ਕਾਂਡ ਮਾਮਲੇ ਦੀ ਜਾਂਚ ਕਰ ਰਹੀ ਸਿੱਟ ਦੇ ਸਾਹਮਣੇ ਮੁੜ ਪੇਸ਼ ਹੋਏ। ਸੈਕਟਰ 32 ਸਥਿਤ ਪੰਜਾਬ ਪੁਲਿਸ ਅਧਿਕਾਰੀ ਸੰਸਥਾਨ ਵਿਚ ਏ.ਡੀ.ਜੀ.ਪੀ. ਐਲ.ਕੇ ਯਾਦਵ ਦੀ ਅਗਵਾਈ ਵਾਲੀ ਸਿੱਟ ਨੇ ਕਰੀਬ ਤਿੰਨ ਘੰਟੇ ਸੁਖਬੀਰ ਤੋਂ ਪੁੱਛਗਿੱਛ ਕੀਤੀ। ਸੁਖਬੀਰ ਤੋਂ ਇਸ ਤੋਂ ਪਹਿਲਾਂ ਵੀ ਦੋ ਵਾਰ ਪੁੱਛਗਿੱਛ ਕੀਤੀ ਜਾ ਚੁੱਕੀ ਹੈ, ਉਨ੍ਹਾਂ ਨੂੰ ਤਿੰਨ ਵਾਰ ਸੰਮਨ ਭੇਜਿਆ ਜਾ ਚੁੱਕਾ ਹੈ। ਜ਼ਿਕਰਯੋਗ ਹੈ ਕਿ ਜਦੋਂ ਇਹ ਘਟਨਾ ਵਾਪਰੀ ਉਸ ਸਮੇਂ ਸੂਬੇ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ। ਸੁਖਬੀਰ ਉਸ ਸਮੇਂ ਉਪ ਮੁੱਖ ਮੰਤਰੀ ਸਨ ਅਤੇ ਉਨ੍ਹਾਂ ਕੋਲ ਗ੍ਰਹਿ ਵਿਭਾਗ ਦੀ ਜ਼ਿੰਮੇਵਾਰੀ ਸੀ। ਅਜਿਹੇ ਵਿਚ ਸਿੱਟ ਹਰ ਚੀਜ਼ ਨੂੰ ਸਾਫ਼ ਕਰਨਾ ਚਾਹੁੰਦੀ ਹੈ। ਇਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਵੀ ਸਿੱਟ ਪੁੱਛਗਿੱਛ ਕਰ ਚੁੱਕੀ ਹੈ। ਤਤਕਾਲੀ ਡੀ.ਜੀ.ਪੀ. ਸੁਮੇਧ ਸੈਣੀ ਤੋਂ ਵੀ ਪੁੱਛਗਿੱਛ ਹੋ ਚੁੱਕੀ ਹੈ। ਜਦਕਿ ਬਾਅਦ ਵਿਚ ਦੋ ਵਾਰ ਸੰਮਨ ਭੇਜਿਆ ਗਿਆ ਪਰ ਤਬੀਅਤ ਠੀਕ ਨਾ ਹੋਣ ਕਾਰਨ ਉਹ ਪੁੱਛਗਿੱਛ ਵਿਚ ਸ਼ਾਮਿਲ ਨਹੀਂ ਹੋਏ। ਦੂਜੇ ਪਾਸੇ ਸਿੱਟ ਨੇ ਇਸ ਦੌਰਾਨ ਜ਼ਖ਼ਮੀ ਲੋਕਾਂ ਨੂੰ ਵੀ ਆਪਣੀ ਜਾਣਕਾਰੀ ਦੇਣ ਦਾ ਮੌਕਾ ਦਿੱਤਾ ਸੀ। ਸਿੱਟ ਹੁਣ ਇਸ ਗੋਲੀ ਕਾਂਡ ਵਿਚ ਜ਼ਖਮੀਆਂ ਦਾ ਪਤਾ ਲਗਾਉਣ ਵਿਚ ਜੁਟ ਗਈ ਹੈ। ਕੋਟਕਪੂਰਾ ਗੋਲੀ ਕਾਂਡ ਸਾਲ 2015 ਵਿਚ ਹੋਇਆ ਸੀ। ਇਸ ਵਿਚ ਦੋ ਐਫ. ਆਈ. ਆਰ. ਦਰਜ ਕੀਤੀਆਂ ਗਈਆਂ ਸਨ ਅਤੇ ਇਸ ਦੌਰਾਨ ਹੁਣ ਤੱਕ ਤਿੰਨ ਮੁੱਖ ਮੰਤਰੀ ਬਦਲੇ ਜਾ ਚੁੱਕੇ ਹਨ ਪਰ ਇਸ ਮਾਮਲੇ ਦੀ ਸਚਾਈ ਸਾਹਮਣੇ ਨਹੀਂ ਆਈ।

## ਲਾਹੌਰ ਸਥਿਤ ਭਾਈ ਮਨੀ ਸਿੰਘ ਦੇ ਸ਼ਹੀਦੀ ਅਸਥਾਨ ਦੀ ਇਮਾਰਤ ਢਹਿਣ ਦੇ ਕਿਨਾਰੇ, ਜ਼ਮੀਨ ਉਪਰ ਕਬਜ਼ਾ

ਅੰਮ੍ਰਿਤਸਰ/ਏ.ਟੀ.ਨਿਊਜ਼ :- ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿਚ ਜਿੱਥੇ ਇਕ ਪਾਸੇ ਰੇਲਵੇ ਸਟੇਸ਼ਨ ਦੇ ਸਾਹਮਣੇ ਨੌਲੱਖਾ ਬਾਜ਼ਾਰ ਵਿਚ ਸਥਿਤ ਭਾਈ ਤਾਰੂ ਸਿੰਘ ਦੀ ਸਮਾਧ ਦੇ ਦਰਸ਼ਨਾਂ ਨੂੰ ਜਾਣ ਲਈ ਲਗਭਗ ਪਿਛਲੇ ਢਾਈ ਸਾਲ ਤੋਂ ਸੰਗਤ 'ਤੇ ਰੋਕ ਲਗਾਈ ਗਈ ਹੈ ਅਤੇ ਸਮਾਧ ਨੂੰ ਪੱਕੇ ਤੌਰ 'ਤੇ ਸੀਲ ਕੀਤਾ ਗਿਆ ਹੈ, ਉੱਥੇ ਹੀ ਲਾਹੌਰ ਵਿਚ ਮੌਜੂਦ ਭਾਈ ਮਨੀ ਸਿੰਘ ਦੇ ਸ਼ਹੀਦੀ ਅਸਥਾਨ ਦੇ ਰੂਪ ਵਿਚ ਮੌਜੂਦ ਸਮਾਧ ਦੀ ਹਾਲਤ ਵੀ ਖ਼ਸਤਾ ਬਣੀ ਹੋਈ ਹੈ। ਸਮਾਧ ਦੇ ਗੁੰਬਦ ਦੇ ਆਸ-ਪਾਸ ਵੱਡੀਆਂ-ਵੱਡੀਆਂ ਝਾੜੀਆਂ ਉੱਗੀਆਂ ਹੋਈਆਂ ਹਨ ਅਤੇ ਇਹ ਗੁੰਬਦ ਕਦੇ ਵੀ ਢਹਿ ਸਕਦਾ ਹੈ । ਲਾਹੌਰ ਤੋਂ ਇਸ ਬਾਰੇ ਦੇਵਾ ਸਿਕੰਦਰ ਸਿੰਘ ਅਤੇ ਵਕੀਲ ਰਾਣਾ ਸ਼ਾਹਬਾਜ਼ ਨੇ ਦੱਸਿਆ ਕਿ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਵਲੋਂ ਇਹ ਸਮਾਧ ਵਾਲਾ ਅਸਥਾਨ ਮੁਹੰਮਦ ਅਯੂਬ ਖ਼ਾਨ ਨੂੰ ਅਲਾਟ ਕੀਤਾ ਗਿਆ ਸੀ। ਬਾਅਦ ਵਿਚ ਉਸ ਦਾ ਪੁੱਤਰ ਅਮੀਰ ਜਮਾਲ ਅਤੇ ਹੁਣ ਅਗਾਂਹ ਉਸ ਦਾ ਪੁੱਤਰ ਇਬਰਾਰ ਖ਼ਾਨ ਉਕਤ ਸਮਾਧ ਵਾਲੇ ਸਥਾਨ ਦਾ ਮਾਲਕ ਹੈ । ਉਨ੍ਹਾਂ ਦੱਸਿਆ ਕਿ ਸਮਾਧ ਦੇ ਬਾਹਰੀ ਹਿੱਸੇ ਵਿਚ ਫਾਉਂਡਰੀ ਮਸ਼ੀਨਾਂ ਲਗਾਈਆਂ ਹੋਣ ਕਰਕੇ ਕਬਜ਼ਾਧਾਰੀ ਵਿਅਕਤੀ ਨੇ ਸਿੱਖ ਭਾਈਚਾਰੇ ਨੂੰ ਸਿਰਫ਼ ਸਮਾਧ ਵਾਲੇ ਅਸਥਾਨ ਦੀ ਹੀ ਸੇਵਾ ਦੀ ਮਨਜ਼ੂਰੀ ਦਿੱਤੀ ਸੀ। ਸਮਾਧ ਤੱਕ ਜਾਣ ਲਈ ਮਸ਼ੀਨਾਂ ਵਾਲੀ ਜਗ੍ਹਾ ਦੇ ਵਿਚੋਂ ਹੋ ਕੇ ਲੰਘਣਾ ਪੈਂਦਾ ਹੈ। ਉਨ੍ਹਾਂ ਮੰਗ ਕੀਤੀ ਕਿ ਕਬਜ਼ਾਧਾਰੀ ਖ਼ਰਾਦੀਏ ਨੂੰ ਬਣਦਾ ਮੁਆਵਜ਼ਾ ਦੇ ਕੇ ਇਸ ਅਸਥਾਨ ਨੂੰ ਕਬਜ਼ਾ ਮੁਕਤ ਕਰਵਾਉਣਾ ਚਾਹੀਦਾ ਹੈ।



## ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰੇ ਘਾਟੇ ਵਿਚ ਮੁਲਾਜ਼ਮ ਤਨਖ਼ਾਹਾਂ ਤੋਂ ਵਾਂਝੇ; ਲੰਬੇ ਸਮੇਂ ਤੋਂ ਨਹੀਂ ਹੋਈ ਡਾਇਰੈਕਟਰ ਦੀ ਨਿਯੁਕਤੀ

ਪਟਿਆਲਾ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲਦੇ ਵਿੱਦਿਅਕ ਅਦਾਰੇ ਬੇਸਹਾਰਾ ਹੋ ਗਏ ਹਨ। ਕਰੋੜਾਂ ਦੇ ਘਾਟੇ 'ਚ ਚੱਲ ਰਹੇ ਕਮੇਟੀ ਦੇ ਸਕੂਲ ਤੇ ਕਾਲਜ ਦੇ ਮੁਲਾਜ਼ਮ ਤਨਖ਼ਾਹਾਂ ਤੋਂ ਵੀ ਵਾਂਝੇ ਹੋ ਗਏ ਹਨ। ਹੈਰਾਨੀ ਵਾਲੀ ਗੱਲ ਹੈ ਕਿ ਪਿਛਲੇ ਕਰੀਬ ਡੇਢ ਸਾਲ ਤੋਂ ਇਨ੍ਹਾਂ ਅਦਾਰਿਆਂ ਨੂੰ ਚਲਾਉਣ ਲਈ ਡਾਇਰੈਕਟਰ ਦੀ ਨਿਯੁਕਤੀ ਵੀ ਨਹੀਂ ਕੀਤੀ ਜਾ ਸਕੀ ਹੈ। ਕਮੇਟੀ ਅਧੀਨ ਇਕ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਹੈ ਤੇ 38 ਕਾਲਜ ਹਨ। 11 ਕਾਲਜ ਏਡਿਡ ਹਨ ਜੋ ਕਿ ਡੀਪੀਆਈ ਅਧੀਨ ਚੱਲ ਰਹੇ ਹਨ। ਇਨ੍ਹਾਂ ਤੋਂ ਇਲਾਵਾ 4 ਐਜੂਕੇਸ਼ਨ ਟਰੱਸਟ ਤੇ 52 ਸਕੂਲ ਹਨ। ਇਨ੍ਹਾਂ 'ਚ ਵੱਡੀ ਗਿਣਤੀ ਅਧਿਆਪਕ ਤੇ ਮੁਲਾਜ਼ਮ ਕੰਮ ਕਰ ਰਹੇ ਹਨ। ਏਡਿਡ ਕਾਲਜਾਂ 'ਚ ਤਨਖ਼ਾਹਾਂ ਮਿਲ ਰਹੀਆਂ ਹਨ ਪਰ ਜੋ ਕਾਲਜ ਸ਼੍ਰੋਮਣੀ ਕਮੇਟੀ ਦੇ ਸਿੱਧਾ ਅਧੀਨ ਹਨ, ਉਨ੍ਹਾਂ 'ਵਿਚ ਤਨਖ਼ਾਹਾਂ ਨਹੀਂ ਮਿਲ ਰਹੀਆਂ।

ਜਾਣਕਾਰੀ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਰੀਬ 700 ਕਰੋੜ ਦੀ ਆਮਦਨ ਹੁੰਦੀ ਹੈ ਜਿਸ 'ਚੋਂ ਕਰੀਬ 220 ਕਰੋੜ ਕਮੇਟੀ ਦੇ ਮੁਲਾਜ਼ਮਾਂ ਤੇ ਕਰੀਬ 200 ਕਰੋੜ ਲੰਗਰਾਂ ਤੇ ਹੋਰ ਪ੍ਰਬੰਧਾਂ 'ਤੇ ਖ਼ਰਚਿਆ ਜਾਂਦਾ ਹੈ। ਇਸ ਤੋਂ ਬਾਅਦ ਬਚਣ ਵਾਲੀ ਰਾਸ਼ੀ 'ਚੋਂ 20 ਤੋਂ 25 ਫ਼ੀਸਦੀ ਫ਼ੰਡ ਕਮੇਟੀ ਅਧੀਨ ਚੱਲਦੇ ਵਿੱਦਿਅਕ ਅਦਾਰਿਆਂ ਲਈ ਰੱਖਿਆ ਜਾਂਦਾ ਹੈ। ਕੋਵਿਡ ਦੌਰਾਨ ਕਮੇਟੀ ਦੀ ਆਮਦਨ ਘਟ ਕੇ 494 ਕਰੋੜ ਰਹਿ ਗਈ। ਇਸ ਦਾ ਸਭ ਤੋਂ ਵੱਧ ਅਸਰ ਵਿੱਦਿਅਕ ਅਦਾਰਿਆਂ 'ਤੇ ਪਿਆ। ਸੂਤਰਾਂ ਅਨੁਸਾਰ ਕਮੇਟੀ ਦੇ ਵਿੱਦਿਅਕ ਅਦਾਰਿਆਂ ਨੂੰ 60 ਤੋਂ 65 ਕਰੋੜ ਦਾ ਘਾਟਾ ਪਿਆ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲਦੇ ਸਕੂਲਾਂ ਤੇ ਕਾਲਜਾਂ ਦੀ ਕਰੀਬ 190 ਕਰੋੜ ਦੀ ਤਨਖ਼ਾਹ ਰਾਸ਼ੀ ਕੱਢਣਾ ਵੀ ਔਖਾ ਹੋ ਗਿਆ।

### ਗੁਰਦੁਆਰਾ ਸਾਹਿਬ ਵਿਚ ਚੜ੍ਹਨ ਵਾਲੀ ਭੇਟਾ 'ਤੇ ਨਿਰਭਰ ਹਨ ਇਹ ਅਦਾਰੇ

ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਿਆ ਸਕੱਤਰ ਸੁਖਮਿੰਦਰ ਸਿੰਘ ਦੱਸਦੇ ਹਨ ਕਿ ਵਿੱਦਿਅਕ ਅਦਾਰੇ ਸਿਰਫ਼ ਤੇ ਸਿਰਫ਼ ਗੁਰਦੁਆਰਾ ਸਾਹਿਬ 'ਚ ਚੜ੍ਹਨ ਵਾਲੀ ਭੇਟਾ 'ਤੇ ਨਿਰਭਰ ਹਨ। ਪਿਛਲੇ ਸਮੇਂ 'ਵਿਚ ਕਮੇਟੀ ਦੀ ਆਮਦਨ ਘਟੀ ਹੈ ਜਿਸ ਦਾ ਸਕੂਲ ਤੇ ਕਾਲਜਾਂ 'ਤੇ ਵੀ ਅਸਰ ਪਿਆ ਹੈ। ਪਹਿਲਾਂ ਇਨ੍ਹਾਂ ਦੇ ਪਿਛਲੇ ਘਾਟੇ ਪੂਰੇ ਕੀਤਾ ਜਾਣਗੇ। ਅਦਾਰਿਆਂ ਨੂੰ ਮੁੜ ਪੈਰੀਂ ਖੜ੍ਹਾ ਕਰਨ ਲਈ ਵੱਡੇ ਪੱਧਰ 'ਤੇ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਸਦਕਾ ਇਸ ਸਾਲ ਕਮੇਟੀ ਦੇ ਕਾਲਜਾਂ 'ਚ ਕਰੀਬ 3400 ਤੇ ਸਕੂਲਾਂ ਵਿਚ ਕਰੀਬ 8 ਹਜ਼ਾਰ ਨਵੇਂ ਵਿਦਿਆਰਥੀ ਪੁੱਜੇ ਹਨ। ਹੁਣ ਸੰਗਤ ਨੂੰ ਕਮੇਟੀ ਦੇ ਵਿੱਦਿਅਕ ਅਦਾਰਿਆਂ ਨੂੰ ਭੇਟਾ ਦੇਣ ਲਈ ਪ੍ਰੇਰਿਤ ਕੀਤਾ ਜਾਵੇਗਾ ਤਾਂ ਜੋ ਸੰਗਤ ਸਿੱਧੇ ਤੌਰ 'ਤੇ ਸੰਸਥਾਵਾਂ 'ਚ ਆਪਣਾ ਯੋਗਦਾਨ ਪਾ ਸਕੇ। ਸੁਖਮਿੰਦਰ ਸਿੰਘ ਨੇ ਕਿਹਾ ਕਿ ਗੁਰੂ ਘਰ ਨੂੰ ਸਮਰਪਿਤ ਹੋ ਕੇ ਕੀਤੀ ਸੇਵਾ ਕਦੇ ਅਸਫਲ ਨਹੀਂ ਹੁੰਦੀ, ਇਸ ਲਈ ਸਮੂਹ ਸਟਾਫ਼ ਵੀ ਸੰਸਥਾਵਾਂ ਦੀ ਤਰੱਕੀ 'ਚ ਆਪਣਾ ਬਣਦਾ ਯੋਗਦਾਨ ਜ਼ਰੂਰ ਪਾਉਣ।

# ਸਿੱਖਾਂ ਦੇ ਜਮਹੂਰੀ ਅਧਿਕਾਰਾਂ ਦੇ ਘਾਣ ਦੀ ਜ਼ਿੰਮੇਵਾਰ ਭਾਰਤੀ ਰਾਸ਼ਟਰਵਾਦੀ ਪੱਤਰਕਾਰੀ

## ਕੱਟੜਵਾਦੀ ਫ਼ਿਰਕੂ ਸੋਚ ਕੇਂਦਰ ਸਰਕਾਰ ਦੀ ਸੱਤਾ ’ਤੇ ਭਾਰੂ ਪਈ

### 2014 ਤੋਂ 2019 ਤੱਕ 200 ਤੋਂ ਵੱਧ ਸਟੇਟ ਤੇ ਫਿਰਕੂਵਾਦ ਵਿਰੁੱਧ ਜੂਝਣ ਵਾਲੇ ਪੱਤਰਕਾਰਾਂ ਉਪਰ ਹੋਏ ਹਮਲੇ, 21 ਪੱਤਰਕਾਰਾਂ ਦਾ ਹੋਇਆ ਕਤਲ



ਬਘੇਲ ਸਿੰਘ ਧਾਲੀਵਾਲ
99142-58142

ਸੱਤ ਕੁ ਦਹਾਕੇ ਪਹਿਲਾਂ(10 ਦਸੰਬਰ 1948) ਯੂ.ਐਨ. ਓ. ਨੇ ਦੁਨੀਆ ਪੱਧਰ ਤੇ ਹੁੰਦੇ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਰੋਕਣ ਲਈ 10 ਦਸੰਬਰ ਦੇ ਦਿਨ ਨੂੰ ਸੰਸਾਰ ਪੱਧਰੀ ਮਨੁੱਖੀ ਅਧਿਕਾਰ ਦਿਵਸ ਵਜੋਂ ਮੁਕੱਰਰ ਕੀਤਾ। ਇਸ ਦਿਨ ਨਵੀਂ ਦੁਨੀਆ ਦੇ ਲੋਕਾਂ ਨੇ ਇਹ ਮਹਿਸੂਸ ਕੀਤਾ ਕਿ ਮਨੁੱਖੀ ਬਰਾਬਰਤਾ ਲਈ ਕੋਈ ਵਿਸ਼ੇਸ਼ ਦਿਨ ਮੁਕੱਰਰ ਕਰਨਾ ਬੇਹੱਦ ਜ਼ਰੂਰੀ ਹੈ, ਜਿਸ ਦਿਨ ਸੰਸਾਰ ਪੱਧਰ ਤੇ ਵੱਸਦੇ ਲੋਕ ਆਪਣੇ ਅਧਿਕਾਰਾਂ ਦਾ ਲੇਖਾ ਜੋਖਾ ਕਰ ਸਕਣ,ਆਪੋ ਆਪਣੇ ਖ਼ਿੱਤੇ ਵਿੱਚ ਹੋਈਆਂ ਸਰਕਾਰੀ ਅਤੇ ਗੈਰ ਸਰਕਾਰੀ ਵਧੀਕੀਆਂ ’ਤੇ ਚਰਚਾ ਕਰ ਸਕਣ ਅਤੇ ਉਸ ਦੇ ਹੱਲ ਲਈ ਭਵਿੱਖੀ ਫ਼ੈਸਲੇ ਲੈ ਸਕਣ, ਪਰੰਤੂ ਮਨੁੱਖੀ ਅਧਿਕਾਰਾਂ ਦੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਜੇਕਰ ਸਿੱਖ ਵਿਚਾਰਧਾਰਾ ਦੀ ਨਜ਼ਰਸਾਨੀ ਨਹੀਂ ਕੀਤੀ ਜਾਂਦੀ, ਤਾਂ ਇਸ ਦਿਹਾੜੇ ਦੀ ਸਾਰਥਕਤਾ ਅਧੂਰੀ ਸਮਝੀ ਜਾਵੇਗੀ। ਇਹ ਵਿਚਾਰਧਾਰਾ ਤਕਰੀਬਨ ਸਾਢੇ ਪੰਜ ਸੌ ਸਾਲ ਪਹਿਲਾਂ ਉਦੋਂ ਹੋਂਦ ਵਿੱਚ ਆਈ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਇਸ ਧਰਤੀ ਉਪਰ ਆਏ। ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਕੁਲ ਲੁਕਾਈ ਦੇ ਸਦੀਵੀ ਭਲੇ ਦੀ ਗੱਲ ਕਰਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਪਹਿਲੇ ਸਮਾਜ ਸੁਧਾਰਕ ਅਤੇ ਕ੍ਰਾਂਤੀਕਾਰੀ ਯੁੱਗ ਪੁਰਸ਼ ਹੋਏ ਹਨ,ਜਿੰਨਾਂ ਨੇ ਸਮੇਂ ਦੀ ਹਕੂਮਤ ਦੇ ਜਬਰ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ, ਜਿਸ ਦੇ ਇਵਜ਼ ਵਿੱਚ ਉਹਨਾਂ ਨੂੰ ਬਾਬਰ ਦੀ ਜੇਲ੍ਹ ਦੀਆਂ ਚੱਕੀਆਂ ਵੀ ਪੀਸਣੀਆਂ ਪਈਆਂ। ਸ੍ਰੀ ਗੁਰੂ ਨਾਨਕ ਸਾਹਿਬ ਦੀ ਸੋਚ ਅਤੇ ਵਿਚਾਰਧਾਰਾ ਨੂੰ ਅਗਲੇ ਨੌਂ ਗੁਰੂ ਸਾਹਿਬਾਨਾਂ ਨੇ ਅੱਗੇ ਤੋਰਿਆ ਅਤੇ ਫਿਰ ਉਹ ਸਮਾਂ ਵੀ ਆਇਆ ਜਦੋਂ ਨੌਂਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਦੁਨਿਆਵੀ ਹਕੂਮਤਾਂ ਵੱਲੋਂ ਕੀਤੇ ਜਾਂਦੇ ਮਾਨਵਤਾ ਦੇ ਘਾਣ ਦੇ ਖ਼ਿਲਾਫ਼ ਆਪਣੀ ਸ਼ਹਾਦਤ ਦੇਣੀ ਪਈ। ਇਹ ਪਹਿਲੀ ਸ਼ਹਾਦਤ ਸੀ, ਜਿਹੜੀ ਨਿਰੋਲ ਮਨੁੱਖੀ ਅਧਿਕਾਰਾਂ ਦੀ ਰਾਖੀ ਖ਼ਾਤਰ ਸਿੱਖਾਂ ਦੇ ਨੌਂਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਕੁਝ ਸਿੱਖਾਂ ਸਮੇਤ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਦਿੱਤੀ। ਇਸ ਲਈ ਉਹਨਾਂ ਦੇ ਸ਼ਹੀਦੀ ਦਿਨ ਤੋਂ ਵੱਡਾ ਅਤੇ ਮਹੱਤਵਪੂਰਨ ਦਿਨ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਏ ਜਾਣ ਵਾਲਾ ਹੋਰ ਕੋਈ ਨਹੀਂ ਹੋ ਸਕਦਾ ਅਤੇ ਸਿੱਖ ਕੌਮ ਦੁਨੀਆ ਦੀ ਇੱਕੋ ਇੱਕ ਅਜਿਹੀ ਕੌਮ ਹੈ ਜੋ ਦੂਜਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਸੀਸ ਕਟਵਾਉਣ ਤੋਂ ਵੀ ਸੰਕੋਚ ਨਹੀਂ ਕਰਦੀ। ਜੇਕਰ ਗੱਲ ਮੌਜੂਦਾ ਸਮੇਂ ਦੀ ਕੀਤੀ ਜਾਵੇ, ਤਾਂ ਦੇਖਿਆ ਜਾ ਸਕਦਾ ਹੈ ਕਿ ਜਦੋਂ ਕਸ਼ਮੀਰੀ ਲੋਕਾਂ ਨੂੰ ਸਾਰੇ ਅਧਿਕਾਰਾਂ ਤੋਂ ਵਾਂਝੇ ਕਰਕੇ ਘਰਾਂ ਅੰਦਰ ਬੰਦ ਕੀਤਾ ਹੋਇਆ ਸੀ ਤੇ ਅਣਐਲਾਨੀ ਨਜ਼ਰਬੰਦੀ ਕਾਰਨ ਕਸ਼ਮੀਰ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਸਨ, ਉਸ ਮੌਕੇ ਕਿਸੇ ਵੀ ਮਨੁੱਖੀ ਅਧਿਕਾਰ ਜਥੇਬੰਦੀ ਨੇ ਕਸ਼ਮੀਰੀ ਲੋਕਾਂ ਦੇ ਹੱਕ ਵਿੱਚ ਆਵਾਜ਼ ਨਹੀਂ ਉਠਾਈ। ਜੇਕਰ ਕਿਸੇ ਨੇ ਭਾਰਤ ਸਰਕਾਰ ਦੀ ਇਸ ਧੱਕੇਸ਼ਾਹੀ ਅਤੇ ਮਨੁੱਖੀ ਅਧਿਕਾਰਾਂ ਦੇ ਹਨਣ ਦੇ ਖ਼ਿਲਾਫ਼ ਨਿਡਰਤਾ ਨਾਲ ਆਵਾਜ਼ ਉਠਾਈ ਹੈ ਤਾਂ ਉਹ ਸਿੱਖ ਕੌਮ ਹੀ ਹੈ ਜਿਸ ਨੇ ਕਸ਼ਮੀਰੀਆਂ ਦੇ ਹੱਕਾਂ ਖ਼ਾਤਰ ਭਾਰਤ ਸਰਕਾਰ ਦੇ ਖ਼ਿਲਾਫ਼ ਦੁਨੀਆ ਪੱਧਰ ਤੇ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਅਤੇ ਲਗਾਤਾਰ ਕਰ ਰਹੇ ਹਨ। ਭਾਰਤ ਦੀਆ ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ ਕਸ਼ਮੀਰੀ ਜਾਂ ਸਿੱਖਾਂ ਦੇ ਅਧਿਕਾਰਾਂ ਦੀ ਗੱਲ ਨਾ ਕਰਨਾ ਜਾਂ ਦਬਵੇਂ ਰੂਪ ਵਿਚ ਕਰਨ ਦਾ ਸਿੱਧਾ ਤੇ ਸਪਸ਼ਟ ਮਤਲਬ ਇਹ ਹੈ ਕਿ ਬਹੁ ਗਿਣਤੀ ਵਿੱਚ ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਵਾਲੇ ਭਾਰਤੀ ਲੋਕ ਵੀ ਫ਼ਿਰਕਾਪ੍ਰਸਤੀ ਨਾਲ ਲਬਰੇਜ਼ ਤਾਕਤਾਂ ਦੇ ਅਖੌਤੀ ਰਾਸ਼ਟਰਵਾਦ ਦੇ ਬਹਿਕਾਵੇ ਵਿੱਚ ਆ ਚੁੱਕੇ ਹਨ,ਜਿਸ ਕਰਕੇ ਉਹਨਾਂ ਨੂੰ ਆਪਣੇ ਤੋਂ ਸਿਵਾਏ ਭਾਰਤ ਦੀਆਂ ਹੋਰ ਦੂਜੀਆਂ ਕੌਮਾਂ,ਫ਼ਿਰਕਿਆਂ ਦੇ ਹੱਕਾਂ ਹਕੀਕੀ ਨਾਲ ਕੋਈ ਸਰੋਕਾਰ ਨਹੀਂ ਰਿਹਾ ਹੈ। ਜੇਕਰ ਗੱਲ ਸਿੱਖ ਹਕੀਕੀ ਦੀ ਕੀਤੀ ਜਾਵੇ ਤਾਂ ਏਥੇ ਸੁਆਲ ਇਹ ਪੈਦਾ ਹੁੰਦਾ ਹੈ ਕਿ ਜਿਹੜੀ ਕੌਮ ਦੂਸਰਿਆਂ ਦੇ ਅਧਿਕਾਰਾਂ ਖ਼ਾਤਰ ਲੜਨ ਮਰਨ ਤੋਂ ਵੀ ਸੰਕੋਚ ਨਹੀਂ ਕਰਦੀ,ਅੱਜ ਉਹ ਆਪਣੇ ਗੁਰੂ ਦੀ ਬੇਅਦਬੀ ਦਾ ਇਨਸਾਫ਼ ਲੈਣ ਵਿੱਚ ਨਾਕਾਮ ਕਿਉਂ ਹੈ,ਕਿਉਂ ਸਿੱਖ ਹਿਤਾਂ ਲਈ ਲੜਨ ਵਾਲੇ ਸਿੱਖ ਨੌਜਵਾਨ ਆਪਣੀਆਂ ਸਜ਼ਾਵਾਂ ਕੱਟਣ ਤੋਂ ਬਾਅਦ ਜੇਲ੍ਹਾਂ ਵਿੱਚ ਹੀ ਬਿਰਧ ਹੋ ਗਏ ਹਨ ? ਇਸ ਸੁਆਲ ਦਾ ਸਾਦਾ ਤੇ ਸਰਲ ਜਵਾਬ ਇਹ ਹੈ ਕਿ ਕੱਟੜਵਾਦੀ ਫ਼ਿਰਕੂ ਸੋਚ ਦਾ ਕੇਂਦਰ ਦੀ ਸੱਤਾ ਤੇ ਭਾਰੂ ਪੈ ਜਾਣਾ। ਭਾਰਤੀ ਮੀਡੀਏ ਵੱਲੋਂ ਦੇਸ਼ ਦੀਆਂ ਘੱਟ ਗਿਣਤੀਆਂ ਨਾਲ ਹਕੂਮਤ ਵੱਲੋਂ ਕੀਤੀ ਜਾਂਦੀ ਵਿਤਕਰੇਬਾਜ਼ੀ ਅਤੇ ਧੱਕੇਸ਼ਾਹੀਆਂ ਸਬੰਧੀ ਖ਼ਬਰਾਂ ਦੇਣ ਦੀ ਬਜਾਏ ਗੈਰ ਹਿੰਦੂਆਂ ਪ੍ਰਤੀ ਕੱਟੜਵਾਦੀ ਪਾਰਟੀਆਂ ਦੇ ਵਿਧਾਇਕਾਂ,ਪਾਰਲੀਮੈਂਟ ਮੈਂਬਰਾਂ ਅਤੇ ਰਾਸ਼ਟਰੀ ਨੇਤਾਵਾਂ ਦੇ ਅੱਗ ਉਗਲਦੇ ਬਿਆਨਾਂ ਨੂੰ ਪ੍ਰਮੁੱਖਤਾ ਦੇਣ ਵਿੱਚ ਹੀ ਸੱਚੀ ਰਾਸ਼ਟਰ ਭਗਤੀ ਮੰਨੀ ਜਾ ਰਹੀ ਹੈ।




ਇਹ ਵਰਤਾਰਾ ਵੀ ਮਾਨਵਤਾ ਲਈ ਬੇਹੱਦ ਘਾਤਕ ਸਿੱਧ ਹੋ ਰਿਹਾ ਹੈ। ਇਹ ਇਸ ਅਖੌਤੀ ਰਾਸ਼ਟਰ ਭਗਤੀ ਦਾ ਹੀ ਨਤੀਜਾ ਹੈ ਕਿ ਜਦੋਂ ਅੰਨਾ ਹਜ਼ਾਰੇ ਨੇ ਕੇਂਦਰ ਦੀ ਤਤਕਾਲੀ ਕਾਂਗਰਸ ਸਰਕਾਰ ਦੇ ਖ਼ਿਲਾਫ਼ ਮੋਰਚਾ ਖੋਲ੍ਹਿਆ ਤਾਂ ਭਾਰਤੀ ਮੀਡੀਆ ਪੱਬਾਂ ਭਾਰ ਹੋ ਕੇ ਅੰਨਾ ਦੇ ਅੰਦੋਲਨ ਦੀ ਕਵਰੇਜ ਕਰਦਾ ਰਿਹਾ,ਪ੍ਰੰਤੂ ਜਦੋਂ 2014 ਵਿੱਚ ਬੰਦੀ ਸਿੱਖਾਂ ਦੀ ਰਿਹਾਈ ਲਈ ਇੱਕ ਸਿੱਖ ਭਾਈ ਗੁਰਬਖਸ਼ ਸਿੰਘ ਨੇ ਮੋਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਤੋਂ ਭੁੱਖ ਹੜਤਾਲ ਰੱਖ ਕੇ ਮੋਰਚਾ ਅਰੰਭ ਕੀਤਾ ਤਾਂ ਕਿਸੇ ਵੀ ਰਾਸ਼ਟਰੀ ਚੈਨਲ ਨੇ ਇਸ ਸੰਘਰਸ਼ ਦੀ ਕਵਰੇਜ ਇਸ ਕਰਕੇ ਨਹੀਂ ਕੀਤੀ,ਕਿਉਂਕਿ ਉਹ ਸੰਘਰਸ਼ ਸਿੱਖ ਹਿਤਾਂ ਦੀ ਗੱਲ ਕਰਦਾ ਸੀ। ਘੱਟ ਗਿਣਤੀਆਂ ਦੇ ਹਿਤਾਂ ਨੂੰ ਭਾਰਤੀ ਮੀਡੀਆ ਮਨੁੱਖੀ ਅਧਿਕਾਰਾਂ ਦੀ ਸ਼੍ਰੇਣੀ ਤੋਂ ਬਾਹਰ ਰੱਖਦਾ ਹੈ। ਇਸੇ ਤਰਾਂ ਹੋਰ ਵੀ ਜਿੰਨੇ ਸਿੱਖ ਸੰਘਰਸ਼ ਪੰਜਾਬ ਤੋਂ ਹੋਏ ਜਾਂ ਮੌਜੂਦਾ ਸਮੇਂ ਵੀ ਹੋ ਰਹੇ ਹਨ,ਉਹਨਾਂ ਦੇ ਹੱਕ ਦੀ ਰਾਸ਼ਟਰੀ ਮੀਡੀਆ ਵਿੱਚ ਇੱਕ ਵੀ ਖ਼ਬਰ ਨਹੀਂ ਮਿਲੇਗੀ,ਜਦੋਂ ਕਿ ਵਿਰੋਧ ਵਿੱਚ ਸਾਰੇ ਟੈਲੀਵਿਜ਼ਨ ਚੈਨਲ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਵਿੱਚ ਰਹਿੰਦੇ ਹਨ। ਕਸ਼ਮੀਰੀਆਂ ਦੇ ਮੁੱਢਲੇ ਅਧਿਕਾਰਾਂ ਦੇ ਕੀਤੇ ਘਾਣ ਨੂੰ ਵੀ ਭਾਰਤੀ ਮੀਡੀਆ ਬਹੁਤ ਵੱਡੀ ਪ੍ਰਾਪਤੀ ਵਜੋਂ ਪੇਸ਼ ਕਰਦਾ ਰਿਹਾ ਹੈ। ਹੁਣ ਜਦੋਂ ਕਸ਼ਮੀਰੀ ਪਿਛਲੇ ਲੰਮੇ ਅਰਸੇ ਤੋਂ ਆਪਣੇ ਮੁੱਢਲੇ ਅਧਿਕਾਰ ਖੁੰਝਾ ਕੇ ਅਣਮਨੁੱਖੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ,ਤਾਂ ਉਸ ਦੀ ਇੱਕ ਨਿੱਕੀ ਜਿਹੀ ਖ਼ਬਰ ਦੇਣੀ ਵੀ ਭਾਰਤੀ ਮੀਡੀਆ ਮੁਨਾਸਿਬ ਨਹੀਂ ਸਮਝਦਾ। ਇਸ ਖੇਤਰ ਵਿੱਚ ਮਨੁੱਖੀ ਅਧਿਕਾਰਾਂ ਲਈ ਜ਼ਿਕਰਯੋਗ ਕੰਮ ਕਰਨ ਵਾਲੇ ਪੱਤਰਕਾਰਾਂ ਦਾ ਜੋ ਹਸ਼ਰ ਭਾਰਤ ਵਿੱਚ ਹੋ ਰਿਹਾ ਹੈ,ਉਹ ਜਿੱਥੇ ਮਨੁੱਖੀ ਅਧਿਕਾਰਾਂ ਦਾ ਘਾਣ ਹੈ,ਓਥੇ ਲੋਕਤੰਤਰ ਪ੍ਰਨਾਲੀ ਨੂੰ ਸ਼ਰਮਸਾਰ ਕਰਨ ਵਾਲਾ ਵਰਤਾਰਾ ਹੈ। ਪਿਛਲੇ ਸਾਲਾਂ ਦੇ ਦੌਰਾਨ ਵਾਪਰੀਆਂ ਘਟਨਾਵਾਂ ਦੀ ਗੱਲ ਕੀਤੀ ਜਾਵੇ, ਤਾਂ 12 ਮਈ 2014 ਨੂੰ ਝਾਰਖੰਡ ਦੇ ਇੱਕ ਟੀਵੀ ਚੈਨਲ ਦੇ ਪੱਤਰਕਾਰ ਅਖਿਲੇਸ਼ ਪਰਤਾਪ ਦਾ ਕਤਲ ਕੀਤਾ ਗਿਆ।13 ਮਈ 2016 ਵਿੱਚ ਬਿਹਾਰ ਦੇ ਰਾਜਦੇਵ ਰੰਜਨ ਨੂੰ ਇੱਕ ਭਾਜਪਾ ਸੰਸਦ ਦੇ ਸਹਿਯੋਗੀ ਦੇ ਖ਼ਿਲਾਫ਼ ਲਿਖਣ ਕਾਰਨ ਕਤਲ ਕਰ ਦਿੱਤਾ ਗਿਆ। ਜੂਨ 2015 ਵਿੱਚ ਉੱਤਰ ਪ੍ਰਦੇਸ ਦੇ ਸ਼ਾਜਹਾਂਨਪੁਰ ਦੇ ਪੱਤਰਕਾਰ ਜੋਗਿੰਦਰ ਸਿੰਘ ਨੂੰ ਸਮਾਜਵਾਦੀ ਪਾਰਟੀ ਦੇ ਇੱਕ ਵਿਧਾਇਕ ਦੇ ਖ਼ਿਲਾਫ਼ ਫੇਸਬੁੱਕ ਪੋਸਟ ਪਾਉਣ ਕਰਕੇ ਜਿੰਦਾ ਜਲਾ ਦਿੱਤਾ ਗਿਆ। ਕਰਨਾਟਕ ਦੀ ਪੱਤਰਕਾਰ ਗੌਰੀ ਲੰਕੇਸ਼ ਨੂੰ ਸੱਚ ਲਿਖਣ ਬਦਲੇ 5 ਸਤੰਬਰ 2017 ਨੂੰ ਬੈਂਗਲੌਰ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਏਸੇ ਤਰਾਂ 14 ਜੂਨ 2018 ਨੂੰ ਕਸ਼ਮੀਰੀ ਪੱਤਰਕਾਰ ਸੁਜਾਤ ਬੁਖਾਰੀ ਨੂੰ ਸ੍ਰੀ ਨਗਰ ਵਿੱਚ ਉਹਨਾਂ ਦੇ

(ਬਾਕੀ ਸਫ਼ਾ 31 ’ਤੇ)

## ਮਨੁੱਖੀ ਅਧਿਕਾਰ ਦਿਵਸ ’ਤੇ ਜਾਰੀ ਕੀਤੀ ਗਈ ਰਿਪੋਰਟ

# 2022 ਵਿੱਚ ਤਕਰੀਬਨ 67 ਪੱਤਰਕਾਰ ਅਤੇ ਮੀਡੀਆ ਕਰਮਚਾਰੀ ਨੌਕਰੀ ’ਤੇ ਮਾਰੇ ਗਏ




ਆਈ.ਐੱਫ.ਜੇ. ਵਲੋਂ ਬੀਤੇ ਦਿਨੀਂ ਜਾਰੀ ਕੀਤੀ ਗਈ ਇੱਕ ਨਵੀਂ ਰਿਪੋਰਟ ਦੇ ਅਨੁਸਾਰ, ਯੂਕਰੇਨ ਵਿੱਚ ਰੂਸ ਦੀ ਲੜਾਈ, ਹੈਤੀ ’ਚ ਹਫੜਾ-ਦਫੜੀ ਅਤੇ ਮੈਕਸੀਕੋ ਵਿੱਚ ਅਪਰਾਧਿਕ ਸਮੂਹਾਂ ਦੁਆਰਾ ਵੱਧ ਰਹੀ ਹਿੰਸਾ ਨੇ ਪਿਛਲੇ ਸਾਲ ਦੇ ਮੁਕਾਬਲੇ 2022 ਵਿੱਚ ਆਪਣੇ ਕੰਮ ਕਰਦੇ ਹੋਏ ਮਾਰੇ ਗਏ ਪੱਤਰਕਾਰਾਂ ਦੀ ਗਿਣਤੀ ਵਿੱਚ 30% ਵਾਧਾ ਕੀਤਾ।

ਇੰਟਰਨੈਸ਼ਨਲ ਫੈਡਰੇਸ਼ਨ ਆਫ ਜਰਨਲਿਸਟਸ ਦਾ ਕਹਿਣਾ ਹੈ ਕਿ ਇਸ ਸਾਲ ਹੁਣ ਤੱਕ ਦੁਨੀਆ ਭਰ ਵਿੱਚ 67 ਪੱਤਰਕਾਰ ਅਤੇ ਮੀਡੀਆ ਕਰਮਚਾਰੀ ਮਾਰੇ ਗਏ ਹਨ , ਜਿਹਨਾਂ ਦੀ ਗਿਣਤੀ ਪਿਛਲੇ ਸਾਲ 47 ਸੀ।

ਬ੍ਰਸੇਲਜ਼-ਅਧਾਰਤ ਸਮੂਹ ਨੇ 375 ਪੱਤਰਕਾਰਾਂ ਦੀ ਗਿਣਤੀ ਵੀ ਕੀਤੀ ਜੋ ਵਰਤਮਾਨ ਵਿੱਚ ਪੱਤਰਕਾਰੀ ਲਈ ਕੈਦ ਹਨ, ਜਿਨ੍ਹਾਂ ਵਿੱਚ ਸਭ ਤੋਂ ਵੱਧ ਚੀਨ, ਮਿਆਂਮਾਰ ਅਤੇ ਤੁਰਕੀ ਵਿੱਚ ਹਨ। ਪਿਛਲੇ ਸਾਲ ਦੀ ਰਿਪੋਰਟ ਵਿੱਚ 365 ਪੱਤਰਕਾਰਾਂ ਨੂੰ ਸਲਾਖਾਂ ਪਿੱਛੇ ਸੂਚੀਬੱਧ ਕੀਤਾ ਗਿਆ ਸੀ। ਮੀਡੀਆ ਕਰਮਚਾਰੀਆਂ ਦੇ ਸਮੂਹ ਨੇ ਸਰਕਾਰਾਂ ਨੂੰ ਪੱਤਰਕਾਰਾਂ ਅਤੇ ਆਜ਼ਾਦ ਪੱਤਰਕਾਰੀ ਦੀ ਸੁਰੱਖਿਆ ਲਈ ਹੋਰ ਠੋਸ ਕਾਰਵਾਈ ਕਰਨ ਲਈ ਕਿਹਾ ਹੈ।

ਆਈ.ਐੱਫ.ਜੇ. ਦੇ ਜਨਰਲ ਸਕੱਤਰ ਐਂਥਨੀ ਬੇਲੈਂਗਰ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਪੱਤਰਕਾਰੀ ਦੇ ਪੱਖ ਵਿੱਚ ਅਜਿਹੀ ਕਾਰਵਾਈ ਕਰਨ ’ਚ ਅਸਫਲਤਾ ਸਿਰਫ ਉਹਨਾਂ ਲੋਕਾਂ ਨੂੰ ਮਿਲੇਗੀ ਜੋ ਸੂਚਨਾ ਦੇ ਸੁਤੰਤਰ ਪ੍ਰਵਾਹ ਨੂੰ ਦਬਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਲੋਕਾਂ ਪ੍ਰਤੀ ਨੇਤਾਵਾਂ ਦੀ ਜਵਾਬਦੇਹੀ ਨੂੰ ਹਮੇਸ਼ਾ ਦਬਾਉਣ ਦੀ ਕੋਸ਼ਿਸ਼ ਕਰਦੇ ਹਨ।

ਆਈ.ਐੱਫ.ਜੇ. ਦੇ ਅਨੁਸਾਰ, ਇਸ ਸਾਲ ਕਿਸੇ ਵੀ ਹੋਰ ਦੇਸ਼ ਦੇ ਮੁਕਾਬਲੇ ਯੂਕਰੇਨ ਜੰਗ ਨੂੰ ਕਵਰ ਕਰਨ ਦੌਰਾਨ ਜ਼ਿਆਦਾ ਮੀਡੀਆ ਕਰਮਚਾਰੀ ਮਾਰੇ ਗਏ ਸਨ। ਕੁੱਲ ਮਿਲਾ ਕੇ 12। ਪੱਤਰਕਾਰ ਮਾਰੇ ਗਏ ਜਿਹਨਾਂ ਵਿੱਚੋਂ ਜ਼ਿਆਦਾਤਰ ਯੂਕਰੇਨੀ ਸਨ ਪਰ ਇਸ ਵਿੱਚ ਹੋਰ ਕੌਮੀਅਤਾਂ ਜਿਵੇਂ ਕਿ ਅਮਰੀਕੀ ਦਸਤਾਵੇਜ਼ੀ ਫਿਲਮ ਨਿਰਮਾਤਾ ਬ੍ਰੈਂਟ ਰੇਨੌਡ ਵੀ ਸ਼ਾਮਲ ਸਨ। ਜੰਗ ਦੇ ਪਹਿਲੇ ਹਫੜਾ-ਦਫੜੀ ਵਾਲੇ ਹਫ਼ਤਿਆਂ ਵਿੱਚ ਬਹੁਤ ਸਾਰੀਆਂ ਮੌਤਾਂ ਹੋਈਆਂ, ਹਾਲਾਂਕਿ ਪੱਤਰਕਾਰਾਂ ਨੂੰ ਧਮਕੀਆਂ ਜਾਰੀ ਹਨ ਕਿਉਂਕਿ ਲੜਾਈ ਜਾਰੀ ਹੈ।

ਆਈ.ਐੱਫ.ਜੇ. ਨੇ ਕਿਹਾ, ਮੈਕਸੀਕੋ ਵਿੱਚ ਅਪਰਾਧਿਕ ਸੰਗਠਨਾਂ ਦੇ ਆਤੰਕ ਦੁਆਰਾ ਸ਼ਾਸਨ, ਅਤੇ ਹੈਤੀ ਵਿੱਚ ਕਾਨੂੰਨ ਅਤੇ ਵਿਵਸਥਾ ਦੇ ਵਿਗਾੜ ਨੇ ਵੀ ਹੱਤਿਆਵਾਂ ਵਿੱਚ ਵਾਧੇ ਵਿੱਚ ਯੋਗਦਾਨ ਪਾਇਆ ਹੈ। ਵਰ੍ਹਾ 2022 ਮੈਕਸੀਕੋ ਵਿੱਚ ਪੱਤਰਕਾਰਾਂ ਲਈ ਹੁਣ ਤੱਕ ਦਾ ਸਭ ਤੋਂ ਘਾਤਕ ਰਿਹਾ ਹੈ। ਇਸ ਨੂੰ ਹੁਣ ਇੱਕ ਯੁੱਧ ਖੇਤਰ ਤੋਂ ਬਾਹਰ ਪੱਤਰਕਾਰਾਂ ਲਈ ਸਭ ਤੋਂ ਖਤਰਨਾਕ ਦੇਸ਼ ਮੰਨਿਆ ਜਾਂਦਾ ਹੈ।

ਇਕ ਸਮੂਹ ਨੇ ਪਾਕਿਸਤਾਨ ਵਿੱਚ ਇਸ ਸਾਲ ਦੇ ਰਾਜਨੀਤਿਕ

(ਬਾਕੀ ਸਫ਼ਾ 30 ’ਤੇ)

# ਪੰਜਾਬ ਦੇ ਵਪਾਰੀ ਵਰਗ ਉਪਰ ਗੈਂਗਸਟਰਾਂ ਦੀ ਦਹਿਸ਼ਤ, ਆਪ ਸਰਕਾਰ ਦੀ ਨਿਰਾਸ਼ਾਜਨਕ ਸਥਿਤੀ

ਕਰਾਈਮ ਰਿਪੋਰਟ

ਰਜਿੰਦਰ ਸਿੰਘ ਪੁਰੇਵਾਲ

## ਗੈਂਗਸਟਰਾਂ ਦੀਆਂ ਤਾਰਾਂ ਸੱਤ ਸਮੁੰਦਰ ਪਾਰ ਜੁੜੀਆਂ

ਪੰਜਾਬ ਵਿਚ ਅਪਰਾਧਕ ਘਟਨਾਵਾਂ ਨਾ ਰੁਕਣਾ ਵੱਡੀ ਚਿੰਤਾ ਵਾਲੀ ਗੱਲ ਹੈ। ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇ ਵਾਲਾ ਦੇ ਕਤਲ ਤੋਂ ਬਾਅਦ ਪੰਜਾਬ ਵਿਚ ਧਨਾਢ ਵਪਾਰੀਆਂ ਤੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਨਾਂ 'ਤੇ ਫਿਰੌਤੀਆਂ ਮੰਗਣ ਦੇ ਸਿਲਸਿਲੇ ਕਾਰਨ ਆਮ ਲੋਕ ਸਹਿਮੇ ਨਜ਼ਰ ਆ ਰਹੇ ਹਨ। ਲੁਧਿਆਣਾ ਵਿਚ ਸਭ ਤੋਂ ਵੱਧ ਅਜਿਹੇ ਮਾਮਲੇ ਵਪਾਰੀਆਂ ਵੱਲੋਂ ਪੁਲਿਸ ਦੇ ਧਿਆਨ ਵਿਚ ਲਿਆਂਦੇ ਗਏ ਸਨ। ਲਗਾਤਾਰ ਵਪਾਰੀਆਂ ਨੂੰ ਫਿਰੌਤੀ ਲਈ ਆ ਰਹੀਆਂ ਧਮਕੀਆਂ ਕਾਰਨ ਵਪਾਰੀ ਵਰਗ ਵਿਚ ਭਾਰੀ ਡਰ ਤੇ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਜਲੰਧਰ ਜ਼ਿਲ੍ਹੇ ਦੇ ਨਕੋਦਰ ਵਿਚ ਕੱਪੜਾ ਵਪਾਰੀ ਭੁਪਿੰਦਰ ਸਿੰਘ ਟਿੰਮੀ ਦਾ 7 ਦਸੰਬਰ ਦੀ ਰਾਤ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਉਸ ਸਮੇਂ, ਉਨ੍ਹਾਂ ਦੀ ਸੁਰੱਖਿਆ ਵਿੱਚ ਤਾਇਨਾਤ ਪੁਲਿਸ ਕਾਂਸਟੇਬਲ ਮਨਦੀਪ ਸਿੰਘ ਦੀ ਵੀ ਜਵਾਬ ਕਾਰਵਾਈ ਵਿੱਚ ਮੌਤ ਹੋ ਗਈ ਸੀ।



ਸੂਬੇ ਵਿਚ ਫਿਰੌਤੀ ਮੰਗਣ ਦੀਆਂ ਵਾਰਦਾਤਾਂ ਵਧਣਾ ਕਾਨੂੰਨ-ਵਿਵਸਥਾ ਲਈ ਠੀਕ ਨਹੀਂ ਹੈ। ਵਪਾਰੀ ਵਰਗ ਦਾ ਮੰਨਣਾ ਹੈ ਕਿ ਕਿ ਡਰ ਅਤੇ ਭੈਅ ਦੇ ਮਾਹੌਲ ਵਿੱਚ ਕਾਰੋਬਾਰੀ ਕੰਮ ਕਿਵੇਂ ਕਰ ਸਕਦਾ ਹੈ ? ਉਨ੍ਹਾਂ ਦਾ ਮੰਨਣਾ ਹੈ ਕਿ ਗੈਂਗਸਟਰ ਬਕਾਇਦਾ ਆਪਣਾ ਨਾਮ ਦੱਸ ਕੇ ਕਾਰੋਬਾਰੀਆਂ ਤੋਂ ਪੈਸੇ ਮੰਗ ਰਹੇ ਹਨ। ਜੇਕਰ ਕੋਈ ਨਹੀਂ ਦਿੰਦਾ ਤਾਂ ਉਸ ਦਾ ਹਾਲ ਨਕੋਦਰ ਦੇ ਟਿੰਮੀ ਚਾਵਲਾ ਵਰਗਾ ਹੋ ਜਾਂਦਾ ਹੈ। ਮੋਗਾ ਦੇ ਕਾਰੋਬਾਰੀ ਅਰਵਿੰਦਰ ਸਿੰਘ ਕਾਲਾ ਮੁਤਾਬਕ ਉਸ ਤੋਂ ਬੀਤੀ 5 ਨਵੰਬਰ ਨੂੰ ਫੋਨ ਰਾਹੀਂ ਅਰਸ਼ ਡਾਲਾ ਗੈਂਗ ਵੱਲੋਂ ਫਿਰੌਤੀ ਮੰਗੀ ਗਈ। ਕਾਲਾ ਵੱਲੋਂ ਮੋਗਾ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ। ਇਸ ਤੋਂ ਬਾਅਦ 2 ਦਸੰਬਰ ਨੂੰ 2 ਅਣਪਛਾਤੇ ਮੋਟਰਸਾਈਕਲ ਸਵਾਰਾਂ ਵੱਲੋਂ ਕਾਲਾ ਦੇ ਘਰ ਦੇ ਬਾਹਰ ਗੋਲੀਆਂ ਚਲਾਈਆਂ ਗਈਆਂ ਸਨ ਜਿਨ੍ਹਾਂ ਵਿਚੋਂ ਇੱਕ ਗੋਲੀ ਉਨ੍ਹਾਂ ਦੇ ਘਰ ਦੇ ਬਾਹਰ ਲੱਗੇ ਸ਼ੀਸ਼ੇ ਉੱਤੇ ਲੱਗੀ। ਮੋਗਾ ਪੁਲਿਸ ਵੱਲੋਂ ਇਸ ਸਬੰਧੀ ਦੋ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਅਤੇ ਅਰਵਿੰਦਰ ਸਿੰਘ ਕਾਲਾ ਦੇ ਘਰ ਦੇ ਬਾਹਰ ਸੁਰੱਖਿਆ ਕਰਮੀਂ ਤੈਨਾਤ ਕਰ ਦਿੱਤੇ ਗਏ ਸਨ। ਜ਼ਿਲ੍ਹਾ ਬਠਿੰਡਾ ਅਧੀਨ ਪੈਂਦੇ ਕਸਬਾ ਰਾਮਾ ਮੰਡੀ ਦੇ ਵਸਨੀਕ ਇਕ ਵਪਾਰੀ ਤੋਂ ਇਸੇ ਵਰ੍ਹੇ ਸਤੰਬਰ ਮਹੀਨੇ ਵਿੱਚ 1 ਕਰੋੜ ਦੀ ਫਿਰੌਤੀ ਮੰਗੀ ਗਈ ਸੀ। ਸਾਲ 2020 ਵਿੱਚ ਮੋਗਾ ਸ਼ਹਿਰ ਦੇ ਕੱਪੜਾ ਵਪਾਰੀ ਤੇਜਿੰਦਰ ਸਿੰਘ ਪਿੰਕਾ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਮੁਤਾਬਕ ਇਸ ਕਤਲ ਦੀ ਜ਼ਿੰਮੇਵਾਰੀ ਇੱਕ ਗੈਂਗਸਟਰ ਗਰੁੱਪ ਨੇ ਲਈ ਸੀ। ਹੁਣੇ ਜਿਹੇ ਨਕੋਦਰ ਦੇ ਵਪਾਰੀ ਕੋਲੋਂ ਰੰਗਦਾਰੀ ਮੰਗਣ ਦੀ ਆਡੀਓ ਕਾਫ਼ੀ ਵਾਇਰਲ ਹੋਈ ਹੈ। ਇਸ ਲੜੀ ਹੇਠ ਲੁਧਿਆਣਾ ਵਿੱਚ ਵੀ ਕਾਰੋਬਾਰੀ ਨੂੰ ਫੋਨ ਰਾਹੀਂ ਧਮਕੀ ਦਿੱਤੀ ਗਈ ਸੀ ਅਤੇ 30 ਲੱਖ ਰੁਪਏ ਦੀ ਫਿਰੌਤੀ ਮੰਗੀ ਸੀ ਜਿਸ ਤੇ ਲੁਧਿਆਣਾ ਪੁਲਿਸ ਨੇ ਕਾਮਯਾਬੀ ਹਾਸਲ ਕਰਦੇ ਹੋਏ 2 ਦੋਸ਼ੀਆਂ ਨੂੰ ਕਾਬੂ ਕਰ ਲਿਆ ਸੀ। ਮੋਗਾ, ਲੁਧਿਆਣਾ, ਅੰਮ੍ਰਿਤਸਰ ਸ਼ਹਿਰ ਵਿਚ ਕੁੱਝ ਲੋਕਾਂ ਨੂੰ ਗੈਂਗਸਟਰਾਂ ਦੇ ਨਾਂ 'ਤੇ ਧਮਕੀਆਂ ਮਿਲਣ ਦੀ ਖ਼ਬਰ ਹੈ। ਸਿੱਧੂ ਮੂਸੇ ਵਾਲਾ ਦੇ ਦਿਨ-ਦਿਹਾੜੇ ਕੀਤੇ ਗਏ ਸਨਸਨੀਖੇਜ਼ ਕਤਲ ਤੋਂ ਬਾਅਦ ਪੰਜਾਬ ਵਿਚ ਅਜਿਹੇ ਸੰਗੀਨ ਅਪਰਾਧ ਰੁਕਣ ਦਾ ਨਾਮ ਹੀ ਨਹੀਂ ਲੈ ਰਹੇ। ਪੰਜਾਬ ਵਿੱਚ ਗੈਂਗਸਟਰਾਂ ਦੀਆਂ ਵਧਦੀਆਂ ਘਟਨਾਵਾਂ ਦੇ ਮੁੱਦੇ ਉੱਤੇ ਸੂਬੇ ਦੀਆਂ ਸਿਆਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ,ਬੀਜੇਪੀ ਤੇ ਬਸਪਾ ਲਗਾਤਾਰ ਸਰਕਾਰ ਨੂੰ ਘੇਰ ਰਹੀਆਂ ਹਨ।

ਅਪਰਾਧੀਆਂ, ਖ਼ਾਸ ਤੌਰ 'ਤੇ ਗੈਂਗਸਟਰਾਂ ਦੀਆਂ ਤਾਰਾਂ ਸੱਤ ਸਮੁੰਦਰ ਪਾਰ ਵਿਦੇਸ਼ਾਂ ਨਾਲ ਜੁੜੀਆਂ ਹੋਈਆਂ ਹਨ। ਅਜਿਹੇ ਤਾਣੇ-ਬਾਣੇ ਨੂੰ ਤਾਰ-ਤਾਰ ਕਰਨਾ ਪੰਜਾਬ ਪੁਲਿਸ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਸੂਬੇ ਵਿਚ ਸਨਅਤ-ਕਾਰੋਬਾਰ ਬਿਹਤਰ ਤਰੀਕੇ ਨਾਲ ਜਾਰੀ ਰਹਿਣ, ਇਸ ਲਈ ਇਹ ਜ਼ਰੂਰੀ ਹੈ ਕਿ ਗੈਂਗਸਟਰਾਂ ਦੀ ਲਗਾਮ ਕੱਸੀ ਜਾਵੇ। ਸੂਬਾ ਸਰਕਾਰ ਨੂੰ ਅਜਿਹੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਫ਼ੌਰੀ ਤੌਰ 'ਤੇ ਬੇਹੱਦ ਸਖ਼ਤ ਕਦਮ ਚੁੱਕਣੇ ਹੋਣਗੇ ਤਾਂ ਜੋ ਬੇਲਗਾਮ ਹੋਏ ਅਪਰਾਧੀਆਂ ਨੂੰ ਨੱਥ ਪੈ ਸਕੇ ਅਤੇ ਪੰਜਾਬੀਆਂ ਵਿਚ ਪਸਰੀ ਜਾਨ-ਮਾਲ ਦੀ ਅਸੁਰੱਖਿਆ ਵਾਲੀ ਭਾਵਨਾ ਨੂੰ ਠੱਲ੍ਹ ਪੈ ਸਕੇ।

# ਟਕਸਾਲੀ ਅਕਾਲੀ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਚੱਲ ਵਸੇ

ਚੰਡੀਗੜ੍ਹ/ਏ.ਟੀ.ਨਿਊਜ਼ :- ਸ਼੍ਰੋਮਣੀ ਅਕਾਲੀ ਦਲ (ਬ) ਦੇ ਸਰਪ੍ਰਸਤ, ਸਾਬਕਾ ਮੰਤਰੀ ਤੇ ਮਾਝੇ ਦੇ ਜਰਨੈਲ ਵਜੋਂ ਜਾਣੇ ਜਾਂਦੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ। ਉਹ 85 ਵਰ੍ਹਿਆਂ ਦੇ ਸਨ । ਬ੍ਰਹਮਪੁਰਾ, ਜਿਹੜੇ ਕਿ ਲੀਵਰ ਦੇ ਕੈਂਸਰ ਤੋਂ ਪੀੜਤ ਸਨ, ਜਿਨ੍ਹਾਂ ਨੂੰ 6 ਦਸੰਬਰ ਨੂੰ ਪੀ. ਜੀ. ਆਈ. ਚੰਡੀਗੜ੍ਹ ਵਿਖੇ ਦਾਖ਼ਲ ਕਰਵਾਇਆ ਗਿਆ ਸੀ। ਜਿੱਥੇ ਉਨ੍ਹਾਂ ਨੇ ਆਖਰੀ ਸਾਹ ਲਏ। ਜਥੇ. ਬ੍ਰਹਮਪੁਰਾ 1997 ਤੋਂ 2002 ਤੇ 2007 ਤੋਂ 2012 ਤੱਕ ਅਕਾਲੀ ਦਲ (ਬ) ਦੀ ਸਰਕਾਰ 'ਚ ਦੋ ਵਾਰ ਕੈਬਨਿਟ ਮੰਤਰੀ ਰਹੇ। 1977 ਤੋਂ 1980 ਤੇ 1997-2012 ਤੱਕ ਚਾਰ ਵਾਰ ਨੌਸ਼ਹਿਰਾ ਪਨੂੰਆਂ ਤੋਂ ਵਿਧਾਇਕ ਰਹੇ।2014-2019 ਤੱਕ ਉਹ ਹਲਕਾ ਖਡੂਰ ਸਾਹਿਬ ਤੋਂ ਮੈਂਬਰ ਲੋਕ ਸਭਾ ਰਹੇ। ਅਕਾਲੀ ਦਲ (ਬ) ਦੇ ਲੰਮਾ ਸਮਾਂ ਸੀਨੀਅਰ ਉਪ ਪ੍ਰਧਾਨ ਤੇ ਕੋਰ ਕਮੇਟੀ ਦੇ ਮੈਂਬਰ ਰਹੇ। ਜਥੇ. ਬ੍ਰਹਮਪੁਰਾ ਨੇ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ (ਬ) ਤੋਂ ਵੱਖ ਹੋ ਕੇ ਸ. ਸੁਖਦੇਵ ਸਿੰਘ ਢੀਂਡਸਾ, ਸੇਵਾ ਸਿੰਘ ਸੇਖਵਾਂ ਨਾਲ ਮਿਲ ਕੇ ਸੰਯੁਕਤ ਅਕਾਲੀ ਦਲ ਬਣਾ ਲਿਆ ਸੀ। ਇਸ ਸਾਲ 2022 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਜਥੇ. ਬ੍ਰਹਮਪੁਰਾ ਮੁੜ ਦੁਬਾਰਾ ਸ਼੍ਰੋਮਣੀ ਅਕਾਲੀ ਦਲ (ਬ) 'ਚ ਸ਼ਾਮਿਲ ਹੋ ਗਏ। ਅਕਾਲੀ ਦਲ (ਬ) ਦੇ ਪ੍ਰਧਾਨ



(ਬਾਕੀ ਸਫ਼ਾ 30 'ਤੇ)

# ਆਪ ਸਰਕਾਰ ਪੰਜਾਬੀ ਬੋਲਣ 'ਤੇ ਪਾਬੰਦੀ ਲਾਉਣ ਵਾਲੀਆਂ ਸਿੱਖਿਆ ਸੰਸਥਾਵਾਂ 'ਤੇ ਕਰੇਗੀ ਸਖ਼ਤ ਕਾਰਵਾਈ

ਪਟਿਆਲਾ/ਏ.ਟੀ.ਨਿਊਜ਼ :- ਮੁੱਖ ਮੰਤਰੀ ਭਗਵੰਤ ਮਾਨ ਨੇ ਸਖ਼ਤ ਤਾੜਨਾ ਕਰਦੇ ਹੋਏ ਕਿਹਾ ਹੈ ਕਿ ਜਿਹੜੀਆਂ ਸਿੱਖਿਆ ਸੰਸਥਾਵਾਂ ਆਪਣੇ ਕੈਂਪਸ ਵਿਚ ਪੰਜਾਬੀ ਭਾਸ਼ਾ ਬੋਲਣ 'ਤੇ ਪਾਬੰਦੀ ਲਾਉਣਗੀਆਂ, ਉਨ੍ਹਾਂ ਵਿਰੁੱਧ ਸੂਬਾ ਸਰਕਾਰ ਸਖ਼ਤ ਕਾਰਵਾਈ ਕਰੇਗੀ।ਪੰਜਾਬੀ ਯੂਨੀਵਰਸਿਟੀ ਵਿਚ ਅੰਤਰ-ਯੂਨੀਵਰਸਿਟੀ ਯੁਵਕ ਮੇਲੇ ਦੇ ਆਖ਼ਰੀ ਦਿਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਕੁਝ ਸਿੱਖਿਆ ਸੰਸਥਾਵਾਂ ਆਪਣੇ ਕੈਂਪਸਾਂ ਵਿਚ ਪੰਜਾਬੀ ਬੋਲਣ 'ਤੇ ਜੁਰਮਾਨੇ ਲਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਗੈਰ-ਵਾਜਬ ਹੈ ਕਿਉਂਕਿ ਸੂਬੇ ਵਿਚ ਰਹਿੰਦੇ ਸਾਰੇ ਪੰਜਾਬੀਆਂ ਦੀ ਮਾਂ-ਬੋਲੀ ਪੰਜਾਬੀ ਹੈ। ਭਗਵੰਤ ਮਾਨ ਨੇ ਅਜਿਹੀਆਂ ਸਿੱਖਿਆ ਸੰਸਥਾਵਾਂ ਨੂੰ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਅਜਿਹੇ ਜੁਰਮਾਨੇ ਲਾਏ ਤਾਂ ਉਨ੍ਹਾਂ ਖ਼ਿਲਾਫ਼ ਸਖ਼ਤ ਕਦਮ ਚੁੱਕਿਆ ਜਾਵੇਗਾ।

# ਕੀ ਪ੍ਰਵਾਸੀ ਪੰਜਾਬੀਆਂ ਪ੍ਰਤੀ ਪਿਆਰ-ਵਿਖਾਵਾ ਤਾਂ ਨਹੀਂ ਕਰ ਰਹੀ ਸਰਕਾਰ ?



ਗੁਰਮੀਤ ਸਿੰਘ ਪਲਾਹੀ
ਮੋ. 9815802070

ਪ੍ਰਵਾਸੀ ਪੰਜਾਬੀ ਦੀਆਂ ਦਿੱਕਤਾਂ, ਔਖਿਆਈਆਂ, ਸਮੱਸਿਆਵਾਂ ਦੇ ਹੱਲ ਉਨ੍ਹਾਂ ਨੂੰ ਦਿੱਤੇ ਜਾਣ ਵਾਲੇ ਮਾਣ-ਸਨਮਾਨ ਅਤੇ ਪ੍ਰਵਾਸੀ ਪੰਜਾਬੀਆਂ ਵਲੋਂ ਪੰਜਾਬ 'ਚ ਨਿਵੇਸ਼ ਵਧਾਉਣ ਲਈ ਪਿਛਲੀਆਂ ਅਕਾਲੀ-ਭਾਜਪਾ, ਕਾਂਗਰਸ ਸਰਕਾਰਾਂ ਨੇ ਕਈ ਦਹਾਕੇ ਤੱਕ ਯਤਨ ਕੀਤੇ। ਮੌਜੂਦਾ ਸਰਕਾਰ ਨੇ ਵੀ ਪੰਜਾਬੀ ਐਨ.ਆਰ. ਆਈਜ਼. ਨਾਲ ਮਿਲਣੀਆਂ ਕਰਕੇ ਦਸੰਬਰ 2022 'ਚ ਉਨ੍ਹਾਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਪਹਿਲਕਦਮੀ ਕਰਨ ਦਾ ਬੀੜਾ ਚੁੱਕਿਆ ਹੈ। ਕੀ ਪੰਜਾਬ ਦੀਆਂ ਸਮੇਂ-ਸਮੇਂ ਬਣੀਆਂ ਸਰਕਾਰਾਂ ਅਤੇ ਮੌਜੂਦਾ ਸਰਕਾਰ, ਸਚਮੁੱਚ ਪ੍ਰਵਾਸੀ ਪੰਜਾਬੀਆਂ ਪ੍ਰਤੀ ਜਾਂ ਉਨ੍ਹਾਂ ਦੀਆਂ ਸਮੱਸਿਆਵਾਂ ਪ੍ਰਤੀ ਸੰਜੀਦਾ ਹੈ ? ਜਾਂ ਫਿਰ ਧਨਾਢ ਪ੍ਰਵਾਸੀ ਪੰਜਾਬੀਆਂ ਤੋਂ ਪੰਜਾਬ 'ਚ ਨਿਵੇਸ਼ ਕਰਵਾਉਣ ਲਈ ਜਾਂ ਆਮ ਪ੍ਰਵਾਸੀ ਪੰਜਾਬੀਆਂ ਨੂੰ ਖੁਸ਼ ਕਰਕੇ ਉਨ੍ਹਾਂ ਰਾਹੀਂ ਵੋਟਾਂ ਹਥਿਆਉਣ ਲਈ ਹੀ ਉਨ੍ਹਾਂ ਪ੍ਰਤੀ ਹੇਜ, ਪਿਆਰ ਵਿਖਾ ਰਹੀ ਹੈ ?

ਵੱਡੀ ਗਿਣਤੀ ਪੰਜਾਬੀ ਪ੍ਰਵਾਸੀ ਦੁਨੀਆਂ ਦੇ ਵੱਖੋ-ਵੱਖਰੇ ਕੋਨਿਆਂ 'ਚ ਵਸੇ ਰੁਜ਼ਗਾਰ ਕਰ ਰਹੇ ਹਨ, ਪੈਸਾ ਕਮਾ ਰਹੇ ਹਨ, ਸੁੱਖ ਸ਼ਾਂਤੀ ਨਾਲ ਰਹਿ ਰਹੇ ਹਨ, ਵੱਡਾ ਨਾਮਣਾ ਵੀ ਕਮਾ ਰਹੇ ਹਨ, ਔਖਿਆਈਆਂ ਝਾਂਗਕੇ ਵੀ ਆਪਣੀ ਜਨਮ ਭੂਮੀ ਪੰਜਾਬ ਨਾਲ ਪਿਆਰ ਪਾਲਦਿਆਂ, ਇਸ ਦੇ ਵਿਕਾਸ, ਸੁੱਖ ਦੀ ਕਾਮਨਾ ਕਰਦੇ ਹਨ। ਵਿਦੇਸ਼ਾਂ 'ਚ ਵਸਦਿਆਂ ਵਰ੍ਹੇ-ਛਿਮਾਹੀ ਜਾਂ ਕਦੇ ਵਰ੍ਹਿਆਂ ਬਾਅਦ ਜਦੋਂ ਉਹ ਆਪਣੇ ਵਤਨ, ਪਿਆਰੇ ਦੇਸ਼ ਪੰਜਾਬ ਦੀ ਧਰਤੀ ਵੱਲ ਫੇਰਾ ਪਾਉਂਦੇ ਹਨ ਤਾਂ ਉਨ੍ਹਾਂ ਨੂੰ ਪੰਜਾਬ ਓਪਰਾ-ਓਪਰਾ ਕਿਉਂ ਲੱਗਣ ਲੱਗ ਪਿਆ ਹੈ ? ਕਿਉਂ ਉਹ ਪੰਜਾਬ 'ਚ ਆ ਕੇ ਉਹ ਨਿੱਘ ਮਹਿਸੂਸ ਨਹੀਂ ਕਰਦੇ, ਜਿਸਦੀ ਤਵੱਕੋ ਉਹ ਆਪਣੇ ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ, ਪੇਂਡੂਆਂ, ਸਨੇਹੀਆਂ ਪੁਰਾਣੇ ਗਵਾਂਢੀਆਂ, ਸਰਕਾਰਾਂ, ਸਿਆਸਤਦਾਨਾਂ ਤੋਂ ਕਰਦੇ ਰਹੇ ਹਨ।

ਅਸਲ 'ਚ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਆਪਣੀ ਧਰਤੀ 'ਤੇ ਕੀਤਾ ਜਾਣ ਵਾਲਾ ਵਰਤਾਰਾ, ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਦਾ ਹੈ, ਉਦੋਂ ਜਦੋਂ ਪੰਜਾਬ ਵਸਦੇ ਪੰਜਾਬੀ ਪਿਆਰੇ ਉਨ੍ਹਾਂ ਨੂੰ 'ਧੰਨ ਦੀ ਤੱਕੜੀ' 'ਚ ਤੋਲਦੇ ਹਨ, ਮਨ ਦੀ ਤੱਕੜੀ 'ਤੇ ਤਾਂ ਉਹ ਠੂੰਗਾ ਹੀ ਮਾਰਨ ਲੱਗ ਪਏ ਹਨ।



ਸਮੱਸਿਆ ਹੈ ਕਿ ਜਦੋਂ ਓਹ ਪੰਜਾਬ ਛੱਡ ਗਏ, ਵਿਦੇਸ਼ ਵਸ ਗਏ, ਪਿਛੇ ਰਹਿ ਗਏ ਉਨ੍ਹਾਂ ਦੇ ਘਰ, ਜ਼ਮੀਨਾਂ, ਜਾਇਦਾਦਾਂ ਦੀ ਰਾਖੀ ਕਰਨ ਵਾਲੇ ਜਦੋਂ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਹਥਿਆਉਣ ਦੇ ਰਾਹ ਤੁਰ ਪਏ ਤਾਂ ਰਿਸ਼ਤੇ ਤਿੜਕੇ, ਰਿਸ਼ਤਿਆਂ 'ਚ ਖਟਾਸ ਵਧੀ, ਦੁਸ਼ਮਣੀਆਂ ਪਈਆਂ, ਅਦਾਲਤਾਂ, ਥਾਣਿਆਂ 'ਚ ਕੇਸ ਚਲੇ ਅਤੇ ਪ੍ਰਵਾਸ ਹੰਢਾ ਰਹੇ ਇਹ ਪੰਜਾਬੀ ਨਿੱਤ ਦਿਹਾੜੇ ਆਪਣਿਆਂ ਹੱਥੋਂ ਲੁੱਟ ਦਾ ਦਰਦ ਹੰਢਾਉਂਦਿਆਂ ਲਾਲ, ਪੀਲੇ ਹੁੰਦੇ ਰਹੇ, ਪਰ ਬੇਵਸੀ ਦੇ ਆਲਮ 'ਚ ਕੁਝ ਨਾ ਕਰ ਸਕਣ ਦੀ ਸਥਿਤੀ ਵਿਚ ਆ ਗਏ, ਕਿਉਂਕਿ ਸਮੇਂ ਦੀਆਂ ਉਪਰਲੀਆਂ, ਹੇਠਲੀਆਂ, ਸਰਕਾਰਾਂ, ਸਿਆਸਤਦਾਨਾਂ ਨੇ ਉਨ੍ਹਾਂ ਦੀ ਬਾਂਹ ਨਾ ਫੜੀ। ਸਰਕਾਰਾਂ ਐਨ.ਆਰ.ਆਈ. ਥਾਣੇ ਬਣਾਏ, ਐਨ.ਆਰ.ਆਈ. ਅਦਾਲਤਾਂ ਬਣਾਈਆਂ, ਪਰ ਉਨ੍ਹਾਂ ਦੀ ਲੰਮੀ ਪ੍ਰਕਿਆ ਤੋਂ ਹੰਭ ਕੇ ਉਹ ਨਿਰਾਸ਼, ਉਦਾਸ, ਹਤਾਸ਼ ਹੋ ਕੇ ਚੁੱਪ ਹੋਣ ਵਾਲੀ ਹਾਲਤ ਦੇ ਵਿਹੜੇ ਜਾ ਵੜੇ। ਕੀ ਮੌਜੂਦਾ ਸਰਕਾਰ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰ ਸਕੇਗੀ ? ਕੀ ਮੌਜੂਦਾ ਸਰਕਾਰ ਪ੍ਰਵਾਸੀ ਪੰਜਾਬੀਆਂ ਪ੍ਰਤੀ ਬਣਾਈ ਜਾ ਰਹੀ ਨਵੀਂ ਪਾਲਿਸੀ ਨੂੰ ਦ੍ਰਿੜਤਾ ਨਾਲ ਲਾਗੂ ਕਰ ਸਕੇਗੀ ਤਾਂ ਕਿ ਪ੍ਰਵਾਸੀ ਪੰਜਾਬੀ ਕੁਝ ਤਾਂ ਰਾਹਤ ਮਹਿਸੂਸ ਕਰ ਸਕਣ। ਮੁੱਖ ਤੌਰ 'ਤੇ ਪ੍ਰਵਾਸੀ ਪੰਜਾਬੀਆਂ ਦੇ ਜਾਇਦਾਦ, ਵਿਆਹਾਂ ਸੰਬੰਧੀ ਮਸਲੇ ਲੰਮੇ ਸਮੇਂ ਤੋਂ ਲਟਕੇ ਹੋਏ ਹਨ, ਅਦਾਲਤਾਂ ਅਤੇ ਥਾਣਿਆਂ 'ਚ ਅਤੇ ਭੂਮੀ ਮਾਫੀਆ ਅਤੇ ਗੈਂਗ ਪ੍ਰਵਾਸੀ ਪੰਜਾਬੀਆਂ ਦੇ ਇਨ੍ਹਾਂ ਕੇਸਾਂ ਨੂੰ ਲਗਾਤਾਰ ਪ੍ਰਭਾਵਤ ਕਰਦਾ ਹੈ। ਕੀ ਮੌਜੂਦਾ ਸਰਕਾਰ ਐਨ.ਆਰ. ਆਈ ਲੋਕ ਅਦਾਲਤਾਂ ਰਾਹੀਂ ਆਪਸੀ ਰਜਾਮੰਦੀ ਨਾਲ ਇਹ ਵਰ੍ਹਿਆਂ ਪੁਰਾਣੇ ਕੇਸ ਹੱਲ ਕਰੇਗੀ ?

### ਪ੍ਰਵਾਸੀ ਸੰਬੰਧੀ ਬਣਾਏ ਪ੍ਰਜੈਕਟ ਫੇਲ੍ਹ

ਕਈ ਦਹਾਕੇ ਪਹਿਲਾਂ ਪੰਜਾਬ ਸਰਕਾਰ ਵਲੋਂ ਐਨ.ਆਰ.ਆਈ. ਸਭਾ ਜਲੰਧਰ ਦਾ ਗਠਨ ਕੀਤਾ ਗਿਆ ਸੀ। ਇਸ ਸਭਾ ਦਾ ਉਦੇਸ਼ ਪ੍ਰਵਾਸੀ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਲਈ ਕੰਮ ਕਰਨਾ ਸੀ। ਪਰ ਕੁਝ ਵਰ੍ਹਿਆਂ 'ਚ ਹੀ ਇਹ ਸਭਾ ਸਿਆਸਤ ਦਾ ਅਖਾੜਾ ਬਣ ਗਈ। ਮੌਜੂਦਾ ਸਮੇਂ 'ਚ ਤਾਂ ਅਖੌਤੀ ਚੋਣ ਹੋਣ ਦੇ ਬਾਵਜੂਦ ਵੀ ਇਸਦੀ ਹੋਂਦ ਵਿਖਾਈ ਹੀ ਨਹੀਂ ਦਿੰਦੀ। ਇਸ ਸੰਸਥਾ ਨੇ ਹਜ਼ਾਰਾਂ ਪ੍ਰਵਾਸੀਆਂ ਪੰਜਾਬੀਆਂ ਤੋਂ ਮੈਂਬਰਸ਼ਿਪ ਦੇ ਨਾਮ ਤੇ ਚੰਦੇ ਉਗਰਾਹੇ, ਕਰੋੜਾਂ ਦੀ ਲਾਗਤ ਨਾਲ ਜਲੰਧਰ 'ਚ ਦਫ਼ਤਰ ਬਣਾਇਆ, ਪਰ ਹੁਣ ਇਸਦੀ ਹਾਲਤ ਸਿਰਫ਼ ਚਾਰਾ ਖਾਣਾ ਵਾਲੇ ਹਾਥੀ ਵਰਗੀ ਹੈ, ਜੋ ਕਿਸੇ ਦਾ ਕੁਝ ਵੀ ਨਹੀਂ ਸੁਆਰਦਾ। ਇਹ ਸੰਸਥਾ ਜੋ ਸੁਸਾਇਟੀਜ਼ ਰਜਿਸਟ੍ਰੇਸ਼ਨ ਐਕਟ-1860 ਅਧੀਨ ਰਜਿਸਟਰਡ ਹੈ, ਸਿਰਫ਼ ਅਫ਼ਸਰਾਂ ਦੇ ਗਲਬੇ ਹੇਠ ਹੈ।

ਅਕਾਲੀ-ਭਾਜਪਾ ਨੇ ਪੰਜਾਬੀ ਪ੍ਰਵਾਸੀਆਂ ਨਾਲ ਸਾਂਝ ਪਕੇਰੀ ਕਰਨ ਲਈ ਹਰ ਵਰ੍ਹੇ ਪ੍ਰਵਾਸੀ ਪੰਜਾਬੀ ਸੰਮੇਲਨ ਕਰਵਾਏ। ਰੰਗ-ਬਰੰਗੇ ਸੁਪਨੇ ਉਨ੍ਹਾਂ ਦੇ ਮਨਾਂ 'ਚ ਸੰਜੋਏ। ਅਰਬਾਂ ਰੁਪਏ ਇਨ੍ਹਾਂ ਸੰਮੇਲਨਾਂ 'ਤੇ ਸਰਕਾਰ ਨੇ ਖ਼ਰਚੇ ਅਤੇ ਅਰਬਾਂ ਰੁਪਏ ਪ੍ਰਵਾਸੀ ਪੰਜਾਬੀਆਂ ਦੀਆਂ ਜੇਬੋਂ ਵੀ ਗਏ ਪਰ ਕਿਸ ਅਰਥ ਆਏ, ਸਿਵਾਏ ਢੁੱਠਾਂ ਵਾਲੇ ਪ੍ਰਵਾਸੀਆਂ ਨੂੰ ਸੈਰਾਂ ਕਰਵਾਉਣ ਦੇ ਜਾਂ ਸਿਆਸਤਦਾਨਾਂ ਵਲੋਂ ਆਪਣੀ ਨੇਤਾਗਿਰੀ ਚਮਕਾਉਣ ਦੇ।

### ਕਾਨੂੰਨ, ਥਾਣੇ, ਕਮਿਸ਼ਨ

ਪ੍ਰਵਾਸੀਆਂ ਦੇ ਮਸਲਿਆਂ ਦੇ ਹੱਲ ਲਈ ਪੰਜਾਬ ਸਰਕਾਰ ਵਲੋਂ ਕਾਨੂੰਨ ਬਣਾਏ ਗਏ ਤਾਂ ਕਿ ਪ੍ਰਵਾਸੀਆਂ ਨੂੰ ਤੁਰੰਤ ਇਨਸਾਫ ਮਿਲ ਸਕੇ। ਪਰ ਦਿੱਕਤਾਂ ਦਾ ਪਰਨਾਲਾ ਅਧੂਰੇ ਕਾਨੂੰਨਾਂ ਕਾਰਨ ਉਵੇਂ ਦਾ ਉਵੇਂ ਰਿਹਾ। ਪ੍ਰਵਾਸੀ ਪੁਲਿਸ ਥਾਣੇ ਉਨ੍ਹਾਂ ਲਈ ਸਹਾਈ ਨਾ ਹੋ ਸਕੇ। ਕਾਂਗਰਸ ਸਰਕਾਰ ਵਲੋਂ ਬਣਾਇਆ ਪ੍ਰਵਾਸੀ ਕਮਿਸ਼ਨ ਕਿਸੇ ਪ੍ਰਵਾਸੀ ਲਈ ਕੁਝ ਨਾ ਕਰ ਸਕਿਆ। ਕੁਝ ਪ੍ਰਵਾਸੀਆਂ ਨੂੰ ਇਸ ਦੇ ਮੈਂਬਰ ਨਿਯੁਕਤ ਕਰ ਦਿੱਤਾ ਗਿਆ। ਪਰ ਇਹ ਕਮਿਸ਼ਨ ਵੀ ਪ੍ਰਵਾਸੀਆਂ ਪੱਲੇ ਕੁਝ ਨਾ ਪਾ ਸਕਿਆ। ਸਰਕਾਰਾਂ ਨੇ ਪ੍ਰਵਾਸੀਆਂ ਦੀ ਜਾਇਦਾਦ ਕਬਜ਼ਾਧਾਰੀਆਂ ਤੋਂ ਛਡਾਉਣ ਲਈ ਸਬਜ਼ਬਾਗ ਵਿਖਾਏ, ਪਰ ਪੰਜਾਬ ਵਿਚਲੀ ਕੁਝ ਬੇਈਮਾਨ ਸਿਆਸਦਾਨਾਂ, ਕੁਝ ਸਵਾਰਥੀ ਪੁਲਿਸ/ਪ੍ਰਸ਼ਾਸਕੀ ਅਫ਼ਸਰਾਂ ਅਤੇ ਭੂ-ਮਾਫੀਆ ਦੀ ਤਿੱਕੜੀ ਨੇ ਸਾਰਾ ਕੁਝ ਆਪਣੇ ਹੱਥ ਵੱਸ ਕਰਕੇ, ਉਲਟਾ ਪ੍ਰਵਾਸੀ ਪੰਜਾਬੀਆਂ ਦੀ ਮੁਸ਼ਕਲਾਂ 'ਚ ਵਾਧਾ ਹੀ ਕੀਤਾ। ਗਲਤ ਐਫੀਡੇਵਿਟਾਂ ਰਾਹੀਂ ਰਿਸ਼ਤੇਦਾਰਾਂ ਨੇ ਆਪਣੇ ਪ੍ਰਵਾਸੀ ਵੀਰਾਂ ਦੀ ਜ਼ਮੀਨਾਂ ਹੱੜਪੀਆਂ। ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਉਨ੍ਹਾਂ ਵਿਰੁੱਧ ਕੇਸ ਦਰਜ ਕਰਵਾਏ, ਜਿਸ ਕਾਰਨ ਉਹ ਪ੍ਰੇਸ਼ਾਨੀ ਦੀ ਅਵਸਥਾ 'ਚ ਦਿਨ ਗੁਜ਼ਾਰ ਰਹੇ ਹਨ।

ਕਈ ਪ੍ਰਵਾਸੀ ਪੰਜਾਬੀਆਂ ਵਿਰੁੱਧ ਰਿਸ਼ਤੇਦਾਰਾਂ, ਜ਼ਮੀਨਾਂ ਦੇ ਦਲਾਲਾਂ ਨੇ ਝੂਠੇ ਕੇਸ ਦਰਜ ਕਰਵਾਏ ਜੋ ਪੰਜਾਬ ਦੀਆਂ ਅਦਾਲਤਾਂ 'ਚ ਹਾਜ਼ਰੀ ਨਾ ਭਰੇ ਜਾਣ ਕਾਰਨ ਭਗੌੜੇ ਕਰਾਰ ਦਿੱਤੇ ਗਏ। ਭਗੌੜੇ ਕਰਾਰ ਦਿੱਤੇ ਜਾਣ ਕਾਰਨ ਉਹ ਪੰਜਾਬ ਪਰਤ ਹੀ ਨਹੀਂ ਸਕਦੇ। ਇਹ ਚੰਗੀ ਗੱਲ ਹੈ ਕਿ ਸਰਕਾਰ ਵਲੋਂ

(ਬਾਕੀ ਸਫ਼ਾ 30 'ਤੇ)

# ਅੰਮ੍ਰਿਤਸਰ ਅਤੇ ਲਾਹੌਰ ਦੀ ਆਪਸੀ ਇਤਿਹਾਸਕ ਸਾਂਝ ਤੇ ਤੋੜ ਵਿਛੋੜੇ ਦਾ ਦੁਖਾਂਤ

ਪੰਜਾਬ ਦੀ ਗੱਲ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਹੋਵੇ ਤਾਂ ਉਸ ਪੰਜਾਬ ਤੋਂ ਬਿਨਾਂ ਸਦਾ ਅਧੂਰੀ ਰਹੇਗੀ ਜੋ ਕਿ ਸੰਤਾਲੀ ਦੀ ਵੰਡ ਤੋਂ ਪਹਿਲਾਂ ਵਾਲਾ 'ਸਾਂਝਾ ਪੰਜਾਬ' ਹੁੰਦਾ ਸੀ। ਉਸ ਤੋਂ ਅੱਗੇ ਜੇ ਗੱਲ ਸਾਂਝੇ ਪੰਜਾਬ ਦੀ ਕਰੀਏ ਤਾਂ ਇਸ ਦੇ ਦੋ ਸਿਰਮੌਰ ਸ਼ਹਿਰਾਂ 'ਲਾਹੌਰ' ਅਤੇ 'ਅੰਮ੍ਰਿਤਸਰ' ਤੋਂ ਬਿਨਾਂ ਅਧੂਰੀ ਜਾਪਦੀ ਹੈ ਜੋ ਕਿ ਕਿਸੇ ਵੇਲੇ ਇਕ ਦੂਸਰੇ ਦੀ ਜਿੰਦ-ਜਾਨ ਹੋਇਆ ਕਰਦੇ ਸਨ। ਕਿਸੇ ਵੇਲੇ ਇੱਥੋਂ ਦੇ ਉਹ ਬਾਸ਼ਿੰਦੇ ਇਨ੍ਹਾਂ ਸ਼ਹਿਰਾਂ ਦੀ ਨਬਜ਼ ਹੁੰਦੇ ਸਨ ਜੋ ਵੰਡ ਵੇਲੇ ਮਜਬੂਰਨ ਇਨ੍ਹਾਂ ਸ਼ਹਿਰਾਂ ਨੂੰ ਸਦਾ ਲਈ ਛੱਡ ਕੇ ਨਵੀਆਂ ਬਣੀਆਂ ਸਰਹੱਦਾਂ ਪਾਰ ਕਰਕੇ ਚਲੇ ਗਏ। ਸਦੀਆਂ ਤੋਂ ਪੰਜਾਬ ਦਾ ਦਿਲ ਤੇ ਜਿੰਦ-ਜਾਨ ਰਿਹਾ ਸ਼ਹਿਰ 'ਲਾਹੌਰ' ਸੰਤਾਲੀ ਦੀ ਵੰਡ ਵੇਲੇ ਸਾਡੇ ਕੋਲੋਂ ਸਦਾ ਲਈ ਵਿੱਛੜ ਗਿਆ ਅਤੇ ਨਵੇਂ ਬਣੇ ਮੁਲਕ ਪਾਕਿਸਤਾਨ ਦਾ ਹਿੱਸਾ ਬਣ ਗਿਆ। ਸਾਡੇ ਹਿੱਸੇ ਆਇਆ ਇਸ ਦਾ ਜੁੜਵਾਂ ਸ਼ਹਿਰ 'ਅੰਮ੍ਰਿਤਸਰ' ਜੋ ਕਿ ਉਸ ਵੇਲੇ ਲਾਹੌਰ ਤੋਂ ਬਾਅਦ ਪੰਜਾਬ ਦਾ ਦੂਜਾ ਵੱਡਾ ਸ਼ਹਿਰ ਸੀ। ਇਨ੍ਹਾਂ ਦੋਵਾਂ ਜ਼ਿੰਦਾ-ਦਿਲ ਸ਼ਹਿਰਾਂ ਦੀ ਕਹਾਣੀ ਸੰਤਾਲੀ ਦੀ ਵੰਡ ਤੋਂ ਵੀ ਕਿਤੇ ਪਹਿਲਾਂ ਦੀ ਹੈ। ਦੋਵਾਂ ਸ਼ਹਿਰਾਂ ਵਿਚ ਬਹੁਤ ਸਮਾਨਤਾਵਾਂ ਹੋਣ ਕਰਕੇ ਇਹ ਜੁੜਵਾ ਸ਼ਹਿਰਾਂ ਵਜੋਂ ਜਾਣੇ ਜਾਂਦੇ ਸਨ। ਲਾਹੌਰ ਸ਼ਹਿਰ ਰਾਵੀ ਦਰਿਆ ਦੇ ਕੰਢੇ 'ਤੇ ਸਥਿਤ ਹੈ ਅਤੇ ਅੰਮ੍ਰਿਤਸਰ ਇਸ ਦੇ ਚੜ੍ਹਦੇ ਪਾਸੇ ਲਗਭਗ ਪੰਜਾਹ ਕਿੱਲੋਮੀਟਰ 'ਤੇ ਸਥਿਤ ਹੈ। ਦੋਵਾਂ ਸ਼ਹਿਰਾਂ ਦੇ ਵਿਚਾਲੇ ਹਿੰਦ-ਪਾਕਿ ਅੰਤਰਰਾਸ਼ਟਰੀ ਸਰਹੱਦ ਹੈ ਜਿਸ ਨੇ ਸੰਤਾਲੀ ਦੀ ਵੰਡ ਵੇਲੇ ਦੋਵੇਂ ਸ਼ਹਿਰ ਵੱਖ-ਵੱਖ ਕਰ ਦਿੱਤੇ। ਵੰਡ ਤੋਂ ਪਹਿਲਾਂ ਵਾਲੇ ਸਾਂਝੇ ਪੰਜਾਬ ਦੇ ਨਕਸ਼ੇ ਨੂੰ ਜੇ ਵੇਖੀਏ ਤਾਂ ਇਹ ਦੋਵੇਂ ਸ਼ਹਿਰ ਪੰਜਾਬ ਦੇ ਬਿਲਕੁਲ ਕੇਂਦਰ ਵਿਚ ਆਉਂਦੇ ਹਨ ਅਤੇ ਇਸ ਖਿੱਤੇ ਨੂੰ 'ਬਾਰੀ ਦੁਆਬ' ਕਿਹਾ ਜਾਂਦਾ ਹੈ। ਪਰ ਇਸ ਇਲਾਕੇ ਦਾ ਨਾਂਅ 'ਮਾਝਾ' ਜ਼ਿਆਦਾ ਪ੍ਰਚੱਲਿਤ ਹੈ। ਇਸ ਤਰ੍ਹਾਂ ਪੰਜਾਬ ਦੇ ਇਹ ਦੋਵੇਂ ਵੱਡੇ ਸ਼ਹਿਰ 'ਮਾਝੇ' ਦੇ ਹਿੱਸੇ ਆਉਂਦੇ ਹਨ। ਇਸ ਤੋਂ ਬਿਨ੍ਹਾਂ ਦੋਵਾਂ ਸ਼ਹਿਰਾਂ ਦੇ ਅੰਦਰੂਨ ਇਲਾਕੇ ਵੀ ਹਨ ਜੋ ਕਿਸੇ ਵੇਲੇ ਸ਼ਹਿਰਾਂ ਦੀ ਸੁਰੱਖਿਆ ਲਈ ਬਣੀਆਂ ਹੋਈਆਂ ਕੰਧਾਂ ਦੇ ਅੰਦਰ ਵਸੇ ਸਨ। ਹੁਣ ਦੋਵਾਂ ਸ਼ਹਿਰਾਂ ਵਿਚ ਇਨ੍ਹਾਂ ਕੰਧਾਂ ਦੇ ਸਿਰਫ਼ ਦਰਵਾਜ਼ੇ ਹੀ ਬਚੇ ਹੋਏ ਹਨ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸ਼ਨ ਕਾਲ ਵੇਲੇ ਜਿੱਥੇ ਲਾਹੌਰ ਉਨ੍ਹਾਂ ਦੇ ਵਿਸ਼ਾਲ 'ਸਿੱਖ ਰਾਜ' ਦੀ ਰਾਜਧਾਨੀ ਸੀ, ਉੱਥੇ ਹੀ ਅੰਮ੍ਰਿਤਸਰ ਵਪਾਰਕ ਕੇਂਦਰ ਵਜੋਂ ਵਿਕਸਿਤ ਹੋ ਰਿਹਾ ਸੀ।

ਮਾਰਚ,1849 ਈਸਵੀ ਵਿਚ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਅਤੇ 1857 ਈਸਵੀ ਵਿਚ ਅੰਗਰੇਜ਼ਾਂ ਨੇ ਹਿੰਦੁਸਤਾਨੀਆਂ ਦਾ ਵਿਦਰੋਹ ਬੁਰੀ ਤਰ੍ਹਾਂ ਕੁਚਲ ਦਿੱਤਾ। ਇਸ ਦੇ ਨਾਲ ਹੀ ਪੂਰੇ ਭਾਰਤ ਵਿਚ ਬਰਤਾਨਵੀ ਈਸਟ ਇੰਡੀਆ ਕੰਪਨੀ ਦਾ ਰਾਜ ਸਥਾਪਤ ਹੋ ਗਿਆ ਅਤੇ ਹਕੂਮਤ ਬਰਤਾਨੀਆ ਦੇ ਹੁਕਮਰਾਨਾਂ ਦੇ ਹੱਥਾਂ ਵਿਚ ਚਲੀ ਗਈ। ਵੀਹਵੀਂ ਸਦੀ ਦੀ ਸ਼ੁਰੂਆਤ ਤੱਕ ਪੰਜਾਬ ਵਿਚ ਉਹ ਸਮਾਂ ਸੀ ਜਦੋਂ ਅੰਗਰੇਜ਼ਾਂ ਨੇ ਇੱਥੇ ਕਈ ਤਰ੍ਹਾਂ ਦੀਆਂ ਤਬਦੀਲੀਆਂ ਕੀਤੀਆਂ। ਸਿੰਜਾਈ ਲਈ ਨਵੀਆਂ ਨਹਿਰਾਂ ਪੁਟਵਾਈਆਂ ਗਈਆਂ। ਰੇਲ ਪਟੜੀਆਂ ਵਿਛਾਈਆਂ ਅਤੇ ਪੰਜਾਬ ਦੇ ਹਰੇਕ ਜ਼ਿਲ੍ਹੇ ਨੂੰ ਰਾਜਧਾਨੀ ਲਾਹੌਰ ਦੇ ਨਾਲ ਜੋੜਿਆ। ਅੰਗਰੇਜ਼ਾਂ ਵਲੋਂ ਸਾਲ 1881 ਵਿਚ ਕੀਤੀ ਗਈ ਮਰਦਮਸ਼ੁਮਾਰੀ ਵਿਚ ਲਾਹੌਰ ਸ਼ਹਿਰ ਦੀ ਅਬਾਦੀ ਉਨ੍ਹਾਂ ਨੇ ਲਗਪਗ 1.49 ਲੱਖ ਦਰਜ ਕੀਤੀ ਅਤੇ ਅੰਮ੍ਰਿਤਸਰ ਦੀ 1.52 ਲੱਖ ਸੀ ਜੋ ਕਿ ਲਾਹੌਰ ਦੀ ਅਬਾਦੀ ਤੋਂ ਜ਼ਿਆਦਾ ਸੀ। ਪਰ ਸਾਲ 1941 ਵਿਚ ਲਾਹੌਰ ਅਤੇ ਅੰਮ੍ਰਿਤਸਰ ਦੀ ਅਬਾਦੀ ਕ੍ਰਮਵਾਰ 6.71 ਲੱਖ ਅਤੇ 3.91 ਲੱਖ ਦਰਜ ਕੀਤੀ ਗਈ ਸੀ। ਇਸ ਤਰ੍ਹਾਂ ਲਾਹੌਰ, ਅੰਮ੍ਰਿਤਸਰ ਤੋਂ ਅਬਾਦੀ ਅਤੇ ਆਕਾਰ ਵਿਚ ਬਹੁਤ ਅੱਗੇ ਲੰਘ ਗਿਆ ਸੀ, ਇਸ ਦੇ ਪਿੱਛੇ ਵੀ ਕੁਝ ਕਾਰਨ ਸਨ।

**ਲਖਵਿੰਦਰ ਜੌਹਲ**

ਅੰਗਰੇਜ਼ਾਂ ਨੇ ਲਾਹੌਰ ਨੂੰ ਹੀ ਪੰਜਾਬ ਦੀ ਰਾਜਧਾਨੀ ਵਜੋਂ ਮਾਨਤਾ ਦਿੱਤੀ ਅਤੇ ਇਸ ਨੂੰ ਆਧੁਨਿਕ ਸਿੱਖਿਆ, ਕਲਾ, ਮੀਡੀਆ ਅਤੇ ਫ਼ੈਸ਼ਨ ਦੇ ਵੱਡੇ ਕੇਂਦਰ ਵਜੋਂ ਵਿਕਸਿਤ ਕੀਤਾ। ਗੌਰਮਿੰਟ ਕਾਲਜ (1864), ਫੋਰਮਨ ਕ੍ਰਿਸਚੀਅਨ ਕਾਲਜ (1866), ਲਾਅ ਕਾਲਜ (1870) ਪੰਜਾਬ ਯੂਨੀਵਰਸਿਟੀ (1882) ਅਤੇ ਐਚੀਸਨ ਕਾਲਜ (1886) ਵਰਗੇ ਉੱਚ ਪੱਧਰੀ ਤਾਲੀਮੀ ਅਦਾਰੇ ਇੱਥੇ ਕਾਇਮ ਕੀਤੇ। ਸਾਲ 1882 ਵਿਚ ਲਾਹੌਰ ਹਾਈਕੋਰਟ ਸ਼ੁਰੂ ਹੋਈ। ਲਾਹੌਰ ਵਿਚ ਕਿੰਗ ਐਡਵਰਡ ਮੈਡੀਕਲ ਕਾਲਜ (1860) ਅਤੇ ਮੇਓ ਹਸਪਤਾਲ (1871) ਉੱਤਰੀ ਬਰਤਾਨਵੀ ਭਾਰਤ ਦੇ ਵੱਡੇ ਮੈਡੀਕਲ ਸਿੱਖਿਆ ਅਤੇ ਸਹੂਲਤਾਂ ਦੇ ਅਦਾਰਿਆਂ ਵਜੋਂ ਹੋਂਦ ਵਿਚ ਆਏ। ਨਤੀਜੇ ਵਜੋਂ ਪੰਜਾਬ ਦੇ ਕੋਨੇ ਕੋਨੇ ਤੋਂ ਕਾਮਯਾਬ ਵਪਾਰੀ ਅਤੇ ਕਾਰੋਬਾਰੀ ਆਪਣੀਆਂ ਅਗਲੀਆਂ ਪੀੜ੍ਹੀਆਂ ਦੀ ਚੰਗੀ ਤਾਲੀਮ ਲਈ ਲਾਹੌਰ ਆ ਗਏ। ਉਨ੍ਹਾਂ ਨੇ ਆਪਣੀਆਂ ਰਿਹਾਇਸ਼ਾਂ ਅਤੇ ਕਾਰੋਬਾਰ ਵੀ ਇੱਥੇ ਹੀ ਪੱਕੇ ਕਰ ਲਏ। ਇਸ ਤੋਂ ਬਿਨਾਂ ਹੋਰ ਉੱਚ ਤੇ ਮੱਧਵਰਗੀ ਪਰਿਵਾਰਾਂ ਅਤੇ ਕਈ ਸਰਕਾਰੀ ਅਫਸਰਾਂ ਨੇ ਆਪਣੇ ਬੱਚੇ ਲਾਹੌਰ ਦੇ ਇਨ੍ਹਾਂ ਤਾਲੀਮੀ ਅਦਾਰਿਆਂ ਵਿਚ ਭੇਜੇ। ਇਨ੍ਹਾਂ ਵਿਚੋਂ ਬਹੁਤੇ ਬਾਅਦ ਵਿਚ ਕਾਮਯਾਬ ਡਾਕਟਰ, ਵਕੀਲ, ਇੰਜੀਨੀਅਰ, ਪ੍ਰੋਫੈਸਰ ਅਤੇ ਹੋਰ ਅਫ਼ਸਰ ਬਣੇ ਅਤੇ ਪੱਕੇ ਤੌਰ 'ਤੇ ਇੱਥੇ ਹੀ ਵਸ ਗਏ। ਤੇਰਾਂ ਦਰਵਾਜ਼ਿਆਂ ਵਾਲੀ ਕੰਧ ਅੰਦਰਲਾ ਲਾਹੌਰ ਬਾਹਰ ਵੱਲ ਤੇਜ਼ੀ ਨਾਲ ਵੱਧਣਾ ਸ਼ੁਰੂ ਹੋ ਗਿਆ। 'ਆਧੁਨਿਕ ਲਾਹੌਰ ਦੇ ਪਿਤਾਮਾ' ਵਜੋਂ ਜਾਣੇ ਜਾਂਦੇ 'ਸਰ ਗੰਗਾ ਰਾਮ' ਦਾ ਇਸ ਸ਼ਹਿਰ ਦੇ ਨਵੀਨੀਕਰਨ ਵਿਚ ਬਹੁਤ ਜ਼ਿਆਦਾ ਯੋਗਦਾਨ ਸੀ ਜੋ ਕਿ ਉਸ ਸਮੇਂ ਦੇ ਉੱਚਕੋਟੀ ਦੇ ਸਿਵਲ ਇੰਜੀਨੀਅਰ ਸਨ। ਸ਼ਹਿਰ ਦੀਆਂ ਬਹੁਤੀਆਂ ਸ਼ਾਨਦਾਰ ਇਮਾਰਤਾਂ ਅਤੇ ਨਵੇਂ ਰਿਹਾਇਸ਼ੀ ਨਗਰ ਉਨ੍ਹਾਂ ਦੀ ਹੀ ਦੇਣ ਹਨ। ਜਿਵੇਂ ਕਿ ਲਾਹੌਰ ਜਨਰਲ ਡਾਕਖ਼ਾਨਾ, ਲਾਹੌਰ ਮਿਊਜ਼ੀਅਮ, ਮੇਓ ਸਕੂਲ ਆਫ ਆਰਟਸ, ਐਚੀਸਨ ਕਾਲਜ, ਮੇਓ ਹਸਪਤਾਲ, ਸਰ ਗੰਗਾਰਾਮ ਹਸਪਤਾਲ, ਲਾਹੌਰ ਹਾਈਕੋਰਟ, ਸਰ ਗੰਗਾਰਾਮ ਹਾਈ ਸਕੂਲ, ਹੈਲੇ ਕਾਮਰਸ ਕਾਲਜ, ਮਾਲ ਰੋਡ ਲਾਹੌਰ ਅਤੇ ਮਾਡਲ ਟਾਊਨ। ਇਨ੍ਹਾਂ ਵਿਚੋਂ ਕੁਝ ਇਮਾਰਤਾਂ ਉੱਤੇ ਸਰ ਗੰਗਾ ਰਾਮ ਨੇ ਭਾਈ ਰਾਮ ਸਿੰਘ (ਆਰਕੀਟੈਕਟ) ਨਾਲ ਮਿਲ ਕੇ ਕੰਮ ਕੀਤਾ ਸੀ। ਸਿਵਲ ਲਾਈਨਜ਼ ਅਤੇ ਮਾਡਲ ਟਾਊਨ ਆਧੁਨਿਕ ਤੇ ਸ਼ਾਨਦਾਰ ਰਿਹਾਇਸ਼ੀ ਮਹੱਲੇ ਸਨ ਜਿੱਥੇ ਜ਼ਿਆਦਾਤਰ ਵਕੀਲ, ਡਾਕਟਰ, ਸਰਕਾਰੀ ਅਫ਼ਸਰ, ਯੂਨੀਵਰਸਿਟੀ ਤੇ ਕਾਲਜਾਂ ਦੇ ਪ੍ਰੋਫੈਸਰ, ਸਕੂਲਾਂ ਦੇ ਅਧਿਆਪਕ, ਬੈਂਕਾਂ ਦੇ ਮੁਲਾਜ਼ਮ ਅਤੇ ਹੋਰ ਅਮੀਰ ਤਹਿਜ਼ੀਬ ਯਾਫਤਾ ਸ਼ਹਿਰੀਆਂ ਦੀ ਰਿਹਾਇਸ਼ ਹੁੰਦੀ ਸੀ। ਇਸ ਤਰ੍ਹਾਂ ਲਾਹੌਰ ਬਰਤਾਨਵੀ ਰਾਜ ਦੇ ਸ਼ਹਿਰੀ ਵਿਕਾਸ ਅਤੇ ਯੋਜਨਾਬੰਦੀ ਦੀ ਸਭ ਤੋਂ ਸ਼ਾਨਦਾਰ ਮਿਸਾਲ ਬਣਿਆ। ਇਸ ਦੌਰ ਵਿਚ ਹੀ ਲਾਹੌਰ ਛਪਾਈ ਉਦਯੋਗ ਦੇ ਕੇਂਦਰ ਵਜੋਂ ਵੀ ਵਿਕਸਿਤ ਹੋਇਆ। ਇਹ ਵੀ ਕਿਹਾ ਜਾਂਦਾ ਹੈ ਕਿ ਉਸ ਵਕਤ ਇੱਥੋਂ ਛਪਣ ਵਾਲੇ ਕਈ ਅਖ਼ਬਾਰਾਂ (ਰੋਜ਼ਾਨਾ ਤੇ ਹਫ਼ਤਾਵਾਰੀ) ਅਤੇ ਰਸਾਲਿਆਂ (ਮਾਸਿਕ, ਤਿਮਾਹੀ ਤੇ ਛਿਮਾਹੀ) ਦੀ ਗਿਣਤੀ 200 ਤੋਂ ਵੀ ਜ਼ਿਆਦਾ ਸੀ। ਅੰਗਰੇਜ਼ੀ ਅਖ਼ਬਾਰ 'ਦ ਟ੍ਰਿਬਿਊਨ' ਸਭ ਤੋਂ ਪਹਿਲਾਂ ਲਾਹੌਰ ਤੋਂ ਹੀ ਛਪਣਾ ਸ਼ੁਰੂ ਹੋਇਆ ਸੀ। ਪੰਜਾਬੀ ਅਖ਼ਬਾਰ 'ਅਜੀਤ' ਵੀ ਰੋਜ਼ਾਨਾ ਅਖ਼ਬਾਰ ਵਜੋਂ ਲਾਹੌਰ ਤੋਂ ਹੀ ਸ਼ੁਰੂ ਹੋਇਆ ਸੀ ਜੋ ਉਸ ਸਮੇਂ ਉਰਦੂ ਵਿਚ ਛਪਦਾ ਸੀ। ਇਨ੍ਹਾਂ ਤੋਂ ਬਿਨਾਂ 'ਪ੍ਰਤਾਪ', 'ਮਿਲਾਪ' ਅਤੇ 'ਪ੍ਰਭਾਤ' (ਤਿੰਨੇ ਉਰਦੂ ਵਿਚ) ਅਖ਼ਬਾਰ ਵੀ ਲਾਹੌਰ ਤੋਂ ਹੀ ਛਪਦੇ ਸਨ।



ਸ਼ੁਰੂਆਤੀ ਦੌਰ ਵਿਚ ਬਣਨ ਵਾਲੀਆਂ ਖ਼ਾਮੋਸ਼ ਫਿਲਮਾਂ(ਸਾਈਲੈਂਟ ਮੂਵੀਜ਼) ਤੋਂ ਬਾਅਦ ਸਾਲ 1931 ਵਿਚ ਭਾਰਤ ਵਿਚ ਬੋਲਣ ਵਾਲੀਆਂ ਫਿਲਮਾਂ(ਟਾਕੀਜ਼) ਦੀ ਸ਼ੁਰੂਆਤ ਹੋ ਗਈ ਸੀ ਅਤੇ ਉਸ ਤੋਂ ਅਗਲੇ ਹੀ ਸਾਲ 1932 ਵਿਚ ਲਾਹੌਰ ਵਿਚ ਪਹਿਲੀ ਬੋਲਦੀ ਫ਼ਿਲਮ 'ਹੀਰ ਰਾਂਝਾ' ਉਰਫ਼ 'ਹੂਰ ਏ ਪੰਜਾਬ' ਹਿੰਦੁਸਤਾਨੀ ਭਾਸ਼ਾ ਵਿਚ ਰਿਲੀਜ਼ ਹੋਈ। ਪੰਜਾਬੀ ਦੀ ਪਲੇਠੀ ਬੋਲਦੀ ਫ਼ਿਲਮ 'ਮਿਰਜ਼ਾ ਸਾਹਿਬਾਂ' ਉਰਫ਼ 'ਇਸ਼ਕ ਏ ਪੰਜਾਬ' ਸਾਲ 1935 ਵਿਚ ਅਤੇ ਦੂਜੀ ਫ਼ਿਲਮ 'ਸ਼ੀਲਾ' ਉਰਫ਼ 'ਪਿੰਡ ਦੀ ਕੁੜੀ' ਸਾਲ 1936 ਵਿਚ ਲਾਹੌਰ ਵਿਚ ਰਿਲੀਜ਼ ਹੋਈਆਂ। ਇਨ੍ਹਾਂ ਦੋਵਾਂ ਫ਼ਿਲਮਾਂ ਦੀ ਅਪਾਰ ਸਫਲਤਾ ਤੋਂ ਪ੍ਰਭਾਵਿਤ ਕਈ ਨਿਰਮਾਤਾ ਤੇ ਨਿਰਦੇਸ਼ਕਾਂ ਦਾ ਧਿਆਨ ਪੰਜਾਬੀ ਫਿਲਮਾਂ ਤਿਆਰ ਕਰਨ ਵੱਲ ਖਿੱਚਿਆ ਗਿਆ। ਜਿਨ੍ਹਾਂ ਵਿਚੋਂ ਕੇ. ਡੀ. ਮਹਿਰਾ, ਆਰ ਐੱਲ ਸ਼ੋਰੀ, ਦਲਸੁਖ ਐੱਮ ਪੰਚੋਲੀ, ਰੂਪ ਕੇ. ਸ਼ੋਰੀ, ਬੀ. ਐੱਸ. ਰਾਜਹੰਸ ਆਦਿ ਨਾਮ ਪ੍ਰਮੁੱਖ ਹਨ। ਇਨ੍ਹਾਂ ਨੇ ਪੰਜਾਬੀ ਫਿਲਮਾਂ ਦੇ ਨਿਰਮਾਣ ਲਈ ਆਪਣੇ ਦਫਤਰ ਅਤੇ ਸਟੂਡੀਓ ਲਾਹੌਰ ਵਿਚ ਖੋਲ੍ਹੇ। ਨਿਰੰਜਨ ਟਾਕੀਜ਼, ਪ੍ਰਭਾਤ ਟਾਕੀਜ਼, ਕਰਾਊਨ ਟਾਕੀਜ਼, ਰੀਜੈਂਟ ਸਿਨੇਮਾ ਅਤੇ ਪ੍ਰਭਾਤ ਸਿਨੇਮਾ ਵਰਗੇ ਸਿਨੇਮਾਘਰ ਲਾਹੌਰ ਵਿਚ ਬਣੇ।

ਇਸ ਤਰ੍ਹਾਂ ਲਾਹੌਰ ਪੰਜਾਬੀ ਤੇ ਕੁਝ ਹਿੰਦੀ/ਉਰਦੂ ਫਿਲਮਾਂ ਬਣਾਉਣ ਅਤੇ ਰਿਲੀਜ਼ ਕਰਕੇ ਬੰਬਈ ਅਤੇ ਕਲਕੱਤਾ ਦੇ ਫ਼ਿਲਮ ਨਿਰਮਾਣ ਕੇਂਦਰਾਂ ਦੇ ਮੁਕਾਬਲੇ ਵਿਚ ਤੀਜੇ ਉੱਭਰਦੇ ਕੇਂਦਰ ਵਜੋਂ ਹੋਂਦ ਵਿਚ ਆਇਆ, ਜਿਸ ਕਰਕੇ ਅਦਾਕਾਰੀ ਅਤੇ ਗੀਤ ਸੰਗੀਤ ਜਗਤ ਨਾਲ ਜੁੜੀਆਂ ਨਾਮੀ ਹਸਤੀਆਂ ਨੇ ਲਾਹੌਰ ਵਿਚ ਰਹਿਣ ਬਸੇਰਾ ਬਣਾਇਆ। ਫ਼ਨਕਾਰਾਂ ਅਤੇ ਹੋਰ ਕਲਾਕਾਰਾਂ ਦੇ ਇੱਥੇ ਵਸਣ ਦਾ ਇਕ ਹੋਰ ਕਾਰਨ ਇੱਥੇ ਨਵੇਂ ਰੇਡੀਓ ਸਟੇਸ਼ਨ ਦੀ ਸ਼ੁਰੂਆਤ ਹੋਣਾ ਵੀ ਸੀ। ਸਾਲ 1937 ਵਿਚ ਇੱਥੇ 'ਆਲ ਇੰਡੀਆ ਰੇਡੀਓ' ਦਾ 'ਲਾਹੌਰ ਸਟੇਸ਼ਨ' ਸ਼ੁਰੂ ਹੋਇਆ। ਇਸ ਰੇਡੀਓ ਸਟੇਸ਼ਨ 'ਤੇ ਲਾਹੌਰ ਦੇ ਕਲਾਕਾਰਾਂ ਤੋਂ ਇਲਾਵਾ ਦੂਰ ਦਰਾਜ਼ ਤੋਂ ਵੀ ਕਈ ਗਾਇਕ, ਰਾਗੀ, ਕੀਰਤਨੀਏ ਅਤੇ ਹੋਰ ਸੰਗੀਤ ਘਰਾਣਿਆਂ ਦੀਆਂ ਨਾਮਵਰ ਸ਼ਖ਼ਸੀਅਤਾਂ ਆਪਣੇ ਪ੍ਰੋਗਰਾਮ ਪੇਸ਼ ਕਰਦੀਆਂ ਸਨ।

ਲਾਹੌਰ ਦੇ 'ਅਨਾਰਕਲੀ ਬਜ਼ਾਰ' ਵਿਚ ਹੀ 'ਪੰਜਾਬ ਨੈਸ਼ਨਲ ਬੈਂਕ (1894)' ਦੀ ਸ਼ੁਰੂਆਤ ਇਸ ਦੇ ਪਹਿਲੇ ਦਫ਼ਤਰ ਦੇ ਖੁੱਲ੍ਹਣ ਨਾਲ ਹੋਈ। ਸਾਲ 1946-47 ਦੇ ਦਰਮਿਆਨ ਹੋਰ ਵੀ ਬੈਂਕਾਂ ਆਪਣੀਆਂ 97 ਬ੍ਰਾਂਚਾਂ ਨਾਲ ਇਸ ਸ਼ਹਿਰ ਵਿਚ ਚਲਦੀਆਂ ਸਨ ਅਤੇ 80 ਬੀਮਾ ਕੰਪਨੀਆਂ ਵੀ ਇੱਥੇ ਮੌਜੂਦ ਸਨ। ਪੰਜਾਬ ਦੀ ਰਾਜਧਾਨੀ ਹੋਣ ਕਰਕੇ ਉੱਤਰੀ ਭਾਰਤ ਦੇ ਵੱਡੇ



ਸਿਆਸੀ ਅਤੇ ਮਾਲੀ ਕੇਂਦਰ ਵਜੋਂ ਵੀ ਇਸਦੀ ਵੱਖਰੀ ਪਹਿਚਾਣ ਸੀ। ਇੱਥੋਂ ਦੇ ਤਹਿਜ਼ੀਬ-ਯਾਫਤਾ ਸ਼ਹਿਰੀ ਲੋਕ ਸਿੱਖਿਆ, ਕਲਾ ਅਤੇ ਫ਼ੈਸ਼ਨ ਦੇ ਇਸ ਕੇਂਦਰ ਵਿਚ ਰਹਿੰਦੇ ਹੋਣ ਕਰਕੇ ਵਿਕਸਿਤ, ਅਮੀਰ ਅਤੇ ਸੁਧਰੇ ਹੋਏ ਸ਼ਹਿਰੀ ਸੱਭਿਆਚਾਰ ਦੇ ਮਾਲਕ ਵੀ ਸਨ। ਯੂਰਪੀਅਨਾਂ ਵਲੋਂ ਲਾਹੌਰ ਨੂੰ ਇਕ ਨਵਾਂ ਨਾਮ 'ਪੂਰਬ ਦਾ ਪੈਰਿਸ' ਵੀ ਮਿਲਿਆ। ਪੰਜਾਬੀ ਵਿਚ ਇਹ ਅਖਾਣ ਹੁਣ ਵੀ ਪ੍ਰਚੱਲਿਤ ਹੈ ਕਿ, 'ਜੀਹਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਈ ਨਹੀਂ।' ਇਸ ਤਰ੍ਹਾਂ ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਦਾ ਦਿਲ ਸ਼ਹਿਰ 'ਲਾਹੌਰ', ਪੰਜਾਬੀ ਬੋਲੀ ਅਤੇ ਸੱਭਿਆਚਾਰ ਦਾ ਕੇਂਦਰ ਬਣਿਆ।

ਵੰਡ ਹੋਣ ਤੋਂ ਇਕ ਸਾਲ ਪਹਿਲਾਂ ਤੱਕ ਭਾਵੇਂ ਅੰਮ੍ਰਿਤਸਰ ਨੇ ਲਾਹੌਰ ਜਿੰਨਾ ਵਿਕਾਸ ਨਹੀਂ ਕੀਤਾ, ਪਰ ਫਿਰ ਵੀ ਇਸ ਦੀ ਆਪਣੀ ਵੱਖਰੀ ਪਹਿਚਾਣ ਸੀ ਜੋ ਉਸ ਸਮੇਂ ਲਾਹੌਰ ਤੋਂ ਬਾਅਦ ਪੰਜਾਬ ਦਾ ਦੂਜਾ ਵੱਡਾ ਸ਼ਹਿਰ ਸੀ। ਇਹ ਪੰਜਾਬ ਦੀ ਉਦਯੋਗਿਕ ਅਤੇ ਵਪਾਰਕ ਰਾਜਧਾਨੀ ਸੀ। ਚੌਥੇ ਸਿੱਖ ਗੁਰੂ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਵਲੋਂ ਵਸਾਏ ਗਏ ਇਸ ਸ਼ਹਿਰ ਦੀ ਪਹਿਲੀ ਪਹਿਚਾਣ 'ਗੁਰੂ ਕੀ ਨਗਰੀ' ਵਜੋਂ ਹੈ। ਸਿੱਖ ਜਗਤ ਦਾ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਇਸ ਸ਼ਹਿਰ ਵਿਚ ਹੀ ਸ਼ੁਸ਼ੋਭਿਤ ਹੈ। ਗੁਰੂ ਸਾਹਿਬ ਜੀ ਨੇ ਜਦੋਂ ਇਹ ਪਵਿੱਤਰ ਸ਼ਹਿਰ ਵਸਾਇਆ ਸੀ ਤਾਂ ਵੱਖ ਵੱਖ ਕਿੱਤਿਆਂ ਨਾਲ ਜੁੜੇ ਕਾਰੀਗਰ ਅਤੇ ਵਪਾਰੀ ਵੀ ਇੱਥੇ ਵੱਡੀ ਗਿਣਤੀ ਵਿਚ ਵਸਾਏ ਗਏ ਸਨ। ਚੌਥੇ ਅਤੇ ਪੰਜਵੇਂ ਗੁਰੂ ਸਾਹਿਬ (ਸ੍ਰੀ ਗੁਰੂ ਅਰਜਨ ਦੇਵ ਜੀ) ਦੇ ਸਮੇਂ 'ਗੁਰੂ ਬਜ਼ਾਰ' ਵਰਗਾ ਵਪਾਰਕ ਕੇਂਦਰ ਇੱਥੇ ਹੋਂਦ ਵਿਚ ਆਇਆ ਅਤੇ ਇਹ ਮੰਨਿਆ ਜਾਂਦਾ ਹੈ ਕਿ ਇਸ ਬਜ਼ਾਰ ਤੋਂ ਹੀ ਇਸ ਸ਼ਹਿਰ ਦੇ ਵਪਾਰਕ ਕੇਂਦਰ ਬਣਨ ਦੀ ਸ਼ੁਰੂਆਤ ਹੋਈ। ਸਿੱਖ ਮਿਸਲਾਂ ਦੇ ਸਮੇਂ ਦੌਰਾਨ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਨਾਲ ਬਰਬਾਦ ਹੋਇਆ ਇਹ ਸ਼ਹਿਰ ਇਕ ਵਾਰ ਫਿਰ ਤੋਂ ਵਸਣਾ ਸ਼ੁਰੂ ਹੋਇਆ। ਸ੍ਰੀ ਦਰਬਾਰ ਸਾਹਿਬ ਦੀ ਮੁੜ ਉਸਾਰੀ ਦੀ ਸੇਵਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਦੇਖ-ਰੇਖ ਹੇਠ ਹੋਈ ਅਤੇ ਇਸ ਦੇ ਦੁਆਲੇ ਅਲੱਗ-ਅਲੱਗ ਮਿਸਲਾਂ ਤੇ ਉਨ੍ਹਾਂ ਦੇ ਸਰਦਾਰਾਂ ਅਤੇ ਹੋਰਨਾਂ ਸਰਦਾਰਾਂ ਵੱਲੋਂ ਬੁੰਗਿਆਂ ਅਤੇ ਕਟੜਿਆਂ ਦਾ ਨਿਰਮਾਣ ਹੋਇਆ। ਈਸਵੀ ਸਾਲ 1805 ਵਿਚ ਅੰਮ੍ਰਿਤਸਰ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਹੋਇਆ ਤਾਂ ਉਨ੍ਹਾਂ ਨੇ ਇੱਥੇ ਹੋਰ ਨਵੇਂ ਕਟੜਿਆਂ ਦਾ ਨਿਰਮਾਣ ਕਰਵਾਇਆ। ਹਰੇਕ ਕਟੜੇ ਦਾ ਆਪਣਾ ਬਾਜ਼ਾਰ ਅਤੇ ਮੰਡੀ ਹੁੰਦੀ ਸੀ। ਇਸੇ ਸਮੇਂ ਦੌਰਾਨ ਉਨ੍ਹਾਂ ਦੇ ਅਧੀਨ ਇਲਾਕੇ ਅਤੇ ਇਸ ਦੇ ਬਾਹਰੋਂ ਵੀ ਅਮੀਰ ਵਪਾਰੀਆਂ ਅਤੇ ਕਾਰੋਬਾਰੀਆਂ ਨੇ ਅੰਮ੍ਰਿਤਸਰ ਦਾ ਰੁਖ਼ ਕੀਤਾ।

1830 ਈਸਵੀ ਦੌਰਾਨ ਕਸ਼ਮੀਰ ਵਿਚ ਭਿਆਨਕ ਸੋਕੇ ਦੀ ਵਜ੍ਹਾ ਨਾਲ ਪਏ ਕਾਲ ਕਾਰਨ ਰੋਜ਼ਗਾਰ ਦੀ ਭਾਲ ਵਿਚ ਕਈ ਮੁਸਲਮਾਨ ਕਸ਼ਮੀਰੀ ਕਾਮਿਆਂ ਨੇ ਅੰਮ੍ਰਿਤਸਰ ਦਾ ਰੁੱਖ ਕੀਤਾ, ਜੋ ਵਿਚ ਬਾਅਦ ਇੱਥੇ ਪੱਕੇ ਤੌਰ ਵਸ ਗਏ ਤੇ ਪੰਜਾਬ ਦੀ ਵੰਡ ਹੋਣ ਤੱਕ ਇੱਥੇ ਹੀ ਰਹੇ। ਸ਼ਹਿਰ ਦੀ ਕੰਧ ਦੇ ਨਾਲ-ਨਾਲ ਤੇ ਕਟੜਾ ਕਰਮ ਸਿੰਘ, ਕਟੜਾ ਗਰਭਾ ਸਿੰਘ, ਕਟੜਾ ਖ਼ਜ਼ਾਨਾ, ਕਟੜਾ ਹਕੀਮਾਂ, ਕੂਚਾ ਕਾਜ਼ੀਆਂ, ਕੂਚਾ ਰਾਗੀਆਂ, ਕੂਚਾ ਰਬਾਬੀਆਂ ਅਤੇ ਸ਼ੇਖ਼ਾਂ ਬਜ਼ਾਰ ਵਿਚ ਵਸ ਗਏ। ਇਨ੍ਹਾਂ ਦੇ ਇੱਥੇ ਵਸਣ ਨਾਲ 'ਸ਼ਾਲ ਉਦਯੋਗ' ਵੱਡੇ ਪੱਧਰ 'ਤੇ ਸ਼ੁਰੂ ਹੋਇਆ ਅਤੇ 1947 ਈਸਵੀ ਤੱਕ ਇੱਥੇ ਸ਼ਾਲ ਬਣਾਉਣ ਤੇ ਉਨ੍ਹਾਂ ਦੇ ਵਪਾਰ ਵਾਲੀਆਂ ਲਗਪਗ ਦੋ ਹਜ਼ਾਰ ਦੁਕਾਨਾਂ ਕਾਇਮ ਹੋ ਚੁੱਕੀਆਂ ਸਨ। ਇੱਥੋਂ ਬਹੁਤ ਹੀ ਸੁੰਦਰ ਅਤੇ ਭਾਰੀ ਪਸ਼ਮੀਨੇ ਦੀਆਂ ਸ਼ਾਲਾਂ ਵਿਦੇਸ਼ਾਂ ਵਿਚ ਵਿਕਣ ਲਈ ਜਾਂਦੀਆਂ ਸਨ। ਅੰਮ੍ਰਿਤਸਰ ਸ਼ਹਿਰ ਵਿਚ ਉਸ ਸਮੇਂ ਕਈ ਮਸ਼ਹੂਰ ਹਿੰਦੂ ਖੱਤਰੀ, ਅਰੋੜੇ, ਬਾਣੀਏ, ਕਸ਼ਮੀਰੀ ਅਤੇ ਅਫ਼ਗਾਨ ਵਪਾਰੀ ਵੀ ਬਹੁਤ ਪ੍ਰਸਿੱਧ ਹੋਏ ਸਨ। ਕਈਆਂ ਦੇ ਨਾਵਾਂ ਉੱਤੇ ਬੜੇ ਮਸ਼ਹੂਰ ਕਟੜੇ ਤੇ ਹਵੇਲੀਆਂ ਇੱਥੇ ਬਣੀਆਂ। ਇਸੇ ਸਮੇਂ ਵਿਚ ਹੀ ਲੱਕੜ ਅਤੇ ਪੱਥਰ ਉੱਪਰ ਖੁਦਾਈ ਵਾਲੇ, ਹਾਥੀ ਦੰਦ ਤੋਂ ਚੀਜ਼ਾਂ ਬਣਾਉਣ ਅਤੇ ਧਾਤਾਂ ਦੇ ਕੰਮ ਵਾਲੇ ਬਹੁਤ ਕਾਰੀਗਰ ਇੱਥੇ ਮੌਜੂਦ ਸਨ। ਭਾਰਤ ਦੇ ਹੋਰਨਾਂ ਹਿੱਸਿਆਂ ਤੋਂ ਮੱਧ ਏਸ਼ੀਆ ਤੱਕ ਰੇਸ਼ਮ ਦੇ ਕੱਪੜੇ ਅਤੇ ਮੇਵਿਆਂ ਦਾ ਵਪਾਰ ਅੰਮ੍ਰਿਤਸਰ ਜ਼ਰੀਏ ਹੋਣ ਲੱਗਾ। 1830 ਈਸਵੀ ਦੇ ਨੇੜੇ-ਤੇੜੇ ਇਕ ਫਰਾਂਸੀਸੀ ਯਾਤਰੀ ਜੈਕੋਏਮੋਂ ਅੰਮ੍ਰਿਤਸਰ ਆਇਆ। ਉਸ ਦੇ ਅੰਦਾਜ਼ੇ ਮੁਤਾਬਕ ਉਸ ਸਮੇਂ ਸ਼ਹਿਰ ਦੀ ਆਬਾਦੀ ਇਕ ਲੱਖ ਤੋਂ ਵੀ ਜ਼ਿਆਦਾ ਸੀ। ਦੀਵਾਲੀ, ਮੱਸਿਆ ਅਤੇ ਸੰਗਰਾਂਦ ਵਰਗੇ ਮੌਕਿਆਂ 'ਤੇ ਜਿੱਥੇ ਸ਼ਰਧਾਲੂ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਂਦੇ ਸਨ ਉੱਥੇ ਹੀ ਵਪਾਰੀ ਵੀ ਵੱਡੀ ਗਿਣਤੀ ਵਿਚ ਪਹੁੰਚਦੇ ਸਨ। ਅੰਮ੍ਰਿਤਸਰ ਬਾਰੇ ਇਕ ਟਰੈਕਟ ਵਿਚ ਹਊਗਲ ਨਾਂ ਦੇ ਕਿਸੇ ਯੂਰਪੀਅਨ ਦਾ ਜ਼ਿਕਰ ਵੀ ਮਿਲਦਾ ਹੈ ਜਿਸਦੇ ਕਥਨ ਅਨੁਸਾਰ ਪੂਰੇ ਉੱਤਰੀ ਭਾਰਤ ਵਿਚ ਜੇ ਕੋਈ ਅਮੀਰ ਸ਼ਹਿਰ ਸੀ ਤਾਂ ਉਹ ਸ੍ਰੀ ਅੰਮ੍ਰਿਤਸਰ ਸੀ। ਇਤਿਹਾਸਕਾਰ ਗਣੇਸ਼ ਦਾਸ ਅਨੁਸਾਰ ਅੰਮ੍ਰਿਤਸਰ ਤੋਂ ਵੱਡਾ ਕੋਈ ਹੋਰ ਸ਼ਹਿਰ ਸਾਰੇ 'ਸਿੱਖ ਰਾਜ' ਵਾਲੇ ਪੰਜਾਬ ਵਿਚ ਨਹੀਂ ਸੀ।

ਅੰਗਰੇਜ਼ਾਂ ਨੇ ਪੰਜਾਬ ਉੱਪਰ ਕਬਜ਼ੇ ਤੋਂ ਬਾਅਦ ਜਦੋਂ 'ਲਾਹੌਰ' ਨੂੰ ਵਿਕਸਿਤ ਕਰਨਾ ਸ਼ੁਰੂ ਕੀਤਾ ਤਾਂ ਕਈ ਅਮੀਰ ਕਾਰੋਬਾਰੀਆਂ, ਵਪਾਰੀਆਂ ਅਤੇ ਹੋਰ ਅਮੀਰਾਂ ਨੇ ਇੱਥੇ ਵਸਣ ਨੂੰ ਤਰਜੀਹ ਦਿੱਤੀ। ਅੰਮ੍ਰਿਤਸਰ ਦੇ ਵੀ ਕਈ ਸ਼ਹਿਰੀ ਲਾਹੌਰ ਵਿਚ ਵਸ ਗਏ ਪਰ ਉਨ੍ਹਾਂ ਦੇ ਛੋਟੇ ਵੱਡੇ ਵਪਾਰ ਅਤੇ ਕਾਰਖ਼ਾਨੇ ਅੰਮ੍ਰਿਤਸਰ ਵਿਚ ਹੀ ਚਲਦੇ ਰਹੇ। ਇਨ੍ਹਾਂ ਵਿਚ ਕੰਮ ਕਰਨ ਵਾਲੇ ਕਾਰੀਗਰ ਜੋ ਕਿ ਜ਼ਿਆਦਾਤਰ ਮੁਸਲਮਾਨ ਸਨ, 'ਅੰਮ੍ਰਿਤਸਰ' ਵਿਚ ਹੀ ਟਿਕੇ ਰਹੇ। ਇਸ ਲਈ ਵਪਾਰਕ ਪੱਖੋਂ 'ਅੰਮ੍ਰਿਤਸਰ' ਮੁੱਖ ਆਕਰਸ਼ਣ ਦਾ ਕੇਂਦਰ ਹੀ ਰਿਹਾ। ਅੰਗਰੇਜ਼ਾਂ ਨੇ ਸਾਲ 1862 ਵਿਚ ਰੇਲ ਰਸਤੇ ਰਾਹੀਂ ਇਸ ਨੂੰ ਲਾਹੌਰ ਅਤੇ ਸਾਲ 1870 ਵਿਚ ਦਿੱਲੀ

(ਬਾਕੀ ਸਫ਼ਾ 31 'ਤੇ)

**ਦੁਨੀਆ ਦੇ ਇਤਿਹਾਸਾਂ ਵਿਚ ਜਿੰਨੇ ਵੀ ਯੁੱਧ ਲੜੇ ਗਏ ਉਹ ਸਭ ਜ਼ਰ, ਜ਼ੋਰੂ ਜਾਂ ਜ਼ਮੀਨ ਖ਼ਾਤਰ ਜਾਂ ਆਪਣੇ ਨਿੱਜੀ ਫ਼ਾਇਦੇ ਖ਼ਾਤਰ ਹੀ ਲੜੇ ਗਏ ਪ੍ਰੰਤੂ ਸਿੱਖ ਇਤਿਹਾਸ ਹੀ ਇਕ ਅਜਿਹਾ ਸ਼ਹੀਦਾਂ ਦੇ ਖ਼ੂਨ ਨਾਲ ਰੰਗਿਆ ਹੋਇਆ ਇਤਿਹਾਸ ਹੈ। ਜਿੱਥੇ ਸਾਰੇ ਹੀ ਯੁੱਧ ਅਤੇ ਸ਼ਹਾਦਤਾਂ ਸਮੁੱਚੀ ਮਨੁੱਖਤਾ ਦੇ ਭਲੇ ਲਈ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ ਅਤੇ ਗ਼ਰੀਬ ਮਜ਼ਲੂਮਾਂ ਉੱਤੇ ਹੁੰਦੇ ਜ਼ੁਲਮਾਂ ਵਿਰੁੱਧ ਲੜੇ ਗਏ ਪ੍ਰੰਤੂ ਵਿਸ਼ੇਸ਼ਕਰ ਦਸੰਬਰ ਮਹੀਨੇ ਵਿਚ ਹੋਈਆਂ ਮਾਸੂਮ ਅਤੇ ਗੌਰਵਮਈ ਸ਼ਹਾਦਤਾਂ ਦੀ ਗਾਥਾ ਇੰਨੀ ਵੈਰਾਗਮਈ ਹੈ ਕਿ ਦੁਨੀਆ ਦਾ ਹਰ ਜਾਗਦੀ ਜ਼ਮੀਰ ਵਾਲਾ ਇਨਸਾਨ ਇਹ ਗਾਥਾ ਸੁਣ ਕੇ ਅੱਜ ਸ਼ਰਧਾ ਨਾਲ ਸੀਸ ਝੁਕਾਉਂਦਾ ਹੈ।**



# ਸਾਕਾ ਚਮਕੌਰ ਸਾਹਿਬ

ਦਲਬੀਰ ਸਿੰਘ ਧਾਲੀਵਾਲ

ਸਾਕਾ ਚਮਕੌਰ ਸਾਹਿਬ ਤੋਂ ਕੁਝ ਦਿਨ ਬਾਅਦ ਸਾਕਾ ਸਰਹੰਦ ਦੀ ਅਤਿ ਦਰਦਨਾਕ ਅਤੇ ਦਿਲ ਕੰਬਾਊ ਘਟਨਾ ਵਾਪਰੀ ਗਈ। ਇਹ ਗਾਥਾ ਸੁਣ ਕੇ ਹਰ ਇਨਸਾਨ ਦੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ ਕਿ ਕਿਵੇਂ ਸਰਸਾ ਨਦੀ 'ਤੇ ਰਾਤ ਨੂੰ ਵਿਛੜੇ ਦਾਦੀ ਮਾਤਾ ਤੇ ਛੋਟੇ ਸਾਹਿਬਜ਼ਾਦੇ ਨਦੀ ਦੇ ਨਾਲ ਨਾਲ ਜਾ ਰਹੇ ਸਨ। ਦਸੰਬਰ (ਪੋਹ) ਮਹੀਨੇ ਦੀ ਅਤਿ ਠੰਢੀ, ਕਿਣ-ਮਿਣ ਕਰਦੀ ਕਾਲੀ ਬੋਲ਼ੀ ਰਾਤ ਸੀ।

ਦੁਨੀਆ ਦੇ ਇਤਿਹਾਸਾਂ ਵਿਚ ਜਿੰਨੇ ਵੀ ਯੁੱਧ ਲੜੇ ਗਏ ਉਹ ਸਭ ਜ਼ਰ, ਜ਼ੋਰੂ ਜਾਂ ਜ਼ਮੀਨ ਖ਼ਾਤਰ ਜਾਂ ਆਪਣੇ ਨਿੱਜੀ ਫ਼ਾਇਦੇ ਖ਼ਾਤਰ ਹੀ ਲੜੇ ਗਏ ਪ੍ਰੰਤੂ ਸਿੱਖ ਇਤਿਹਾਸ ਹੀ ਇਕ ਅਜਿਹਾ ਸ਼ਹੀਦਾਂ ਦੇ ਖ਼ੂਨ ਨਾਲ ਰੰਗਿਆ ਹੋਇਆ ਇਤਿਹਾਸ ਹੈ। ਜਿੱਥੇ ਸਾਰੇ ਹੀ ਯੁੱਧ ਅਤੇ ਸ਼ਹਾਦਤਾਂ ਸਮੁੱਚੀ ਮਨੁੱਖਤਾ ਦੇ ਭਲੇ ਲਈ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ ਅਤੇ ਗ਼ਰੀਬ ਮਜ਼ਲੂਮਾਂ ਉੱਤੇ ਹੁੰਦੇ ਜ਼ੁਲਮਾਂ ਵਿਰੁੱਧ ਲੜੇ ਗਏ ਪ੍ਰੰਤੂ ਵਿਸ਼ੇਸ਼ਕਰ ਦਸੰਬਰ ਮਹੀਨੇ ਵਿਚ ਹੋਈਆਂ ਮਾਸੂਮ ਅਤੇ ਗੌਰਵਮਈ ਸ਼ਹਾਦਤਾਂ ਦੀ ਗਾਥਾ ਇੰਨੀ ਵੈਰਾਗਮਈ ਹੈ ਕਿ ਦੁਨੀਆ ਦਾ ਹਰ ਜਾਗਦੀ ਜ਼ਮੀਰ ਵਾਲਾ ਇਨਸਾਨ ਇਹ ਗਾਥਾ ਸੁਣ ਕੇ ਅੱਜ ਸ਼ਰਧਾ ਨਾਲ ਸੀਸ ਝੁਕਾਉਂਦਾ ਹੈ। ਦਸੰਬਰ ਮਹੀਨੇ ਦੀਆਂ ਇਨ੍ਹਾਂ ਸ਼ਹਾਦਤਾਂ ਦੀ ਗੌਰਵਮਈ ਗਾਥਾ ਜੋ 19-20 ਦਸੰਬਰ 1704 ਤੋਂ ਸ਼ੁਰੂ ਹੁੰਦੀ ਹੈ ਦਾ ਜ਼ਿਕਰ ਬਹੁਤ ਹੀ ਦੁਖਦਾਈ ਹੈ।

ਇਤਿਹਾਸਕਾਰ ਲਿਖਦੇ ਹਨ ਕਿ 15 ਮਈ ਤੋਂ ਲੈ ਕੇ 18 ਦਸੰਬਰ 1704 ਈ. ਤਕ 10 ਲੱਖ ਮੁਗ਼ਲ ਫ਼ੌਜਾਂ ਦਾ ਘੇਰਾ ਅਨੰਦਗੜ੍ਹ ਕਿਲ੍ਹੇ ਨੂੰ ਪਿਆ ਰਿਹਾ। ਅੰਦਰ ਬੈਠੇ ਸੂਰਮੇ ਸਿੰਘ ਭੁੱਖ ਭਾਣੇ ਜਾਨਾਂ ਤੋੜ ਕੇ ਲੜੇ ਪਰ ਦੁਸ਼ਮਣ ਨੂੰ ਕਿਲ੍ਹੇ ਵਿਚ ਦਾਖ਼ਲ ਨਹੀਂ ਹੋਣ ਦਿੱਤਾ। ਆਖ਼ਰ ਦੁਸ਼ਮਣ ਹਾਕਮਾਂ ਵੱਲੋਂ ਕਸਮਾਂ ਖਾਣ ਤੇ ਗੁਰੂ ਜੀ ਨੇ ਆਪਣੇ ਪਰਿਵਾਰ ਅਤੇ ਬਾਕੀ ਸਿੱਖਾਂ ਸਮੇਤ 19-20 ਦਸੰਬਰ 1704 ਦੀ ਰਾਤ ਨੂੰ ਅਨੰਦਗੜ੍ਹ ਕਿਲ੍ਹਾ ਛੱਡਣ ਉਪਰੰਤ ਰੋਪੜ ਵੱਲ ਚਾਲੇ ਪਾ ਦਿੱਤੇ ਪਰ ਦੁਸ਼ਮਣ ਕਸਮਾਂ ਤੋੜ ਕੇ ਪਿੱਛੋਂ ਹਮਲਾਵਰ ਹੋ ਗਏ। ਰਸਤੇ ਵਿਚ ਪੈਂਦੀ ਹੜ੍ਹ ਨਾਲ ਨੱਕੋ-ਨੱਕ ਭਰੀ ਸਰਸਾ ਨਦੀ ਦੇ ਕੰਢੇ ਉੱਤੇ 20 ਦਸੰਬਰ 1704 ਦੀ ਰਾਤ ਨੂੰ ਘਮਸਾਨ ਦੇ ਹੋਏ ਯੁੱਧ ਵਿਚ ਕਈ ਸਿੰਘ ਲੜਦੇ ਹੋਏ ਸ਼ਹੀਦ ਹੋ ਗਏ। ਬਹੁਤ ਸਾਰੇ ਔਰਤਾਂ ਬੱਚੇ ਤੇ ਗੁਰੂ ਜੀ ਵੱਲੋਂ ਰਚਿਤ ਕਈ ਗ੍ਰੰਥ ਵੀ ਹੜ੍ਹ ਵਿਚ ਰੁੜ੍ਹ ਗਏ ਅਤੇ ਇੱਥੇ ਹੀ ਗੁਰੂ ਜੀ ਦਾ ਪਰਿਵਾਰ ਵਿਛੜ ਕੇ ਖੇਰੂੰ ਖੇਰੂੰ ਹੋ ਗਿਆ ਸੀ।

ਗੁਰੂ ਜੀ 40 ਸਿੰਘਾਂ ਸਮੇਤ 21 ਦਸੰਬਰ ਦੀ ਸ਼ਾਮ ਨੂੰ ਚਮਕੌਰ ਸਾਹਿਬ ਪੁੱਜ ਗਏ ਅਤੇ ਇੱਥੇ ਇਕ ਕੱਚੀ ਹਵੇਲੀ ਜੋ ਇਤਿਹਾਸ ਵਿਚ ਚਮਕੌਰ ਦੀ ਗੜ੍ਹੀ ਵਜੋਂ ਜਾਣੀ ਜਾਂਦੀ ਹੈ ਇੱਥੇ ਮੋਰਚੇ ਸੰਭਾਲ ਲਏ। ਜਿੱਥੇ 22 ਦਸੰਬਰ ਦੀ ਸਵੇਰ ਨੂੰ 40 ਸਿੰਘਾਂ ਅਤੇ 10 ਲੱਖ ਮੁਗਲ ਫ਼ੌਜਾਂ ਵਿਚ ਸੰਸਾਰ ਦਾ ਅਨੋਖਾ ਯੁੱਧ ਹੋਇਆ ਜਿਸ ਵਿਚ ਹੋਰ ਸਿੰਘਾਂ ਦੇ ਨਾਲ ਦੋ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ 18 ਸਾਲ ਅਤੇ ਜੁਝਾਰ ਸਿੰਘ 14 ਸਾਲ ਜੰਗ ਵਿਚ ਜੂਝਦੇ ਸ਼ਹੀਦ ਹੋ ਗਏ। ਚਮਕੌਰ ਗੜ੍ਹੀ ਦੀ ਨਾਜ਼ੁਕ ਸਥਿਤੀ ਨੂੰ ਵੇਖ ਕੇ ਪੰਜ ਸਿੰਘਾਂ ਵੱਲੋਂ ਸਿੱਖੀ ਦੇ ਭਵਿੱਖ ਲਈ ਦਿੱਤੇ ਆਦੇਸ਼ ਅਨੁਸਾਰ ਗੁਰੂ ਜੀ 22 ਦਸੰਬਰ ਦੀ ਰਾਤ ਨੂੰ 3 ਸਿੰਘਾਂ ਸਮੇਤ ਗੜ੍ਹੀ ਛੱਡ ਕੇ ਮਾਛੀਵਾੜੇ ਵੱਲ ਚਲੇ ਗਏ ਸਨ।

ਸਿੱਖਾਂ ਦੀ 'ਕਰਬਲਾ' ਸਾਕਾ ਸਰਹਿੰਦ

ਸਾਕਾ ਚਮਕੌਰ ਸਾਹਿਬ ਤੋਂ ਕੁਝ ਦਿਨ ਬਾਅਦ ਸਾਕਾ ਸਰਹੰਦ ਦੀ ਅਤਿ ਦਰਦਨਾਕ ਅਤੇ ਦਿਲ ਕੰਬਾਊ ਘਟਨਾ ਵਾਪਰੀ ਗਈ। ਇਹ ਗਾਥਾ ਸੁਣ ਕੇ ਹਰ ਇਨਸਾਨ ਦੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ ਕਿ ਕਿਵੇਂ ਸਰਸਾ ਨਦੀ 'ਤੇ ਰਾਤ ਨੂੰ ਵਿੱਛੜੇ ਦਾਦੀ ਮਾਤਾ ਤੇ ਛੋਟੇ ਸਾਹਿਬਜ਼ਾਦੇ ਨਦੀ ਦੇ ਨਾਲ ਨਾਲ ਜਾ ਰਹੇ ਸਨ। ਦਸੰਬਰ (ਪੋਹ) ਮਹੀਨੇ ਦੀ ਅਤਿ ਠੰਢੀ, ਕਿਣ-ਮਿਣ ਕਰਦੀ ਕਾਲੀ ਬੋਲ਼ੀ ਰਾਤ ਸੀ, ਉਨ੍ਹਾਂ ਦੇ ਬਸਤਰ ਵੀ ਭਿੱਜ ਚੁੱਕੇ ਸਨ। ਦਾਦੀ ਮਾਂ ਛੋਟੇ ਲਾਲਾਂ ਜ਼ੋਰਾਵਰ ਸਿੰਘ 9 ਸਾਲ, ਫ਼ਤਹਿ ਸਿੰਘ 7 ਸਾਲ, ਮਾਸੂਮ ਉਮਰ ਪਰ ਉੱਚੇ ਹੌਸਲੇ ਵਾਲੀਆਂ ਇਹ ਜਿੰਦਾਂ ਨੂੰ ਦੋਵੇਂ ਪਾਸੇ ਆਪਣੇ ਨਾਲ ਲਾ ਕੇ ਉਂਗਲਾਂ ਫੜ ਕੇ ਲਈ ਜਾ ਰਹੀ ਸੀ। ਕਿਤੇ ਜੇ ਪਾਣੀ ਆ ਜਾਂਦਾ ਤਾਂ ਦਾਦੀ ਚੁੱਕ ਵੀ ਲੈਂਦੀ ਸੀ, ਇਹ ਸੀਨ ਬੜਾ ਦਰਦਨਾਕ ਸੀ। ਜ਼ਰਾ ਕਲਪਨਾ ਕਰੀਏ ਉਸ ਅਵਸਥਾ ਦੀ ਜੋ ਦਾਦੀ ਮਾਂ ਨੂੰ ਆਪਣੇ ਇਨ੍ਹਾਂ ਪਿਆਰੇ ਪੋਤਿਆਂ ਨਾਲ ਬਿਤਾਉਣੀ ਪਈ ਤੇ ਵਾਹਿਗੁਰੂ ਦਾ ਭਾਣਾ ਮਿੱਠਾ ਕਰ ਕੇ ਮੰਨਿਆ ਪਰ ਹਾਰ ਨਹੀਂ ਕਬੂਲੀ। ਛੋਟੇ ਸਾਹਿਬਜ਼ਾਦੇ ਤੇ ਦਾਦੀ ਮਾਂ ਦੀਆਂ ਸ਼ਹਾਦਤਾਂ ਦੇ ਇਸ ਦੁਖਦਾਈ ਪੰਨੇ ਨੂੰ ਜਦੋਂ ਹੋਰ ਅੱਗੇ ਫਰੋਲਿਆਂ ਪਤਾ ਲੱਗਦਾ ਹੈ ਕਿ ਅਸਲ ਵਿਚ ਇਸ ਸਭ ਦੇ ਮੁੱਖ ਗੁਨਾਹਗਾਰ ਗੰਗੂ ਤੇ ਸੁੱਚਾ ਨੰਦ ਹੀ ਸਨ। ਅਚੰਭਾ ਤਾਂ ਇਹ ਹੈ ਕਿ ਜਿਨ੍ਹਾਂ ਲੋਕਾਂ ਦੇ ਤਿਲਕ ਜੰਞੂ ਦੀ ਖ਼ਾਤਰ ਇਨ੍ਹਾਂ ਲਾਲਾਂ ਦੇ ਦਾਦਾ ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਬਲੀਦਾਨ ਦਿੱਤਾ ਸੀ ਉਨ੍ਹਾਂ ਵਿੱਚੋਂ ਹੀ ਇਕ ਗੰਗੂ ਰਸੋਈਏ ਨੇ ਇਨ੍ਹਾਂ ਨੂੰ ਘਰ ਰਾਤ ਰੱਖ ਕੇ ਧੋਖੇ ਨਾਲ ਗ੍ਰਿਫ਼ਤਾਰ ਕਰਵਾਇਆ ਅਤੇ ਉਨ੍ਹਾਂ ਲੋਕਾਂ 'ਚੋ ਹੀ ਇਕ ਸੁੱਚਾ ਨੰਦ ਨੇ ਗੁਰੂ ਜੀ ਦੇ ਲਾਲਾਂ ਨੂੰ ਸੱਪ ਦੇ ਬੱਚੇ ਕਹਿ ਕੇ ਖ਼ਤਮ ਕਰ ਦੇਣ ਦੀ ਚੁੱਕਣਾ ਸੂਬਾ ਸਰਹਿੰਦ ਨੂੰ ਦਿੱਤੀ ਸੀ। ਵੇਖੋ, ਧੰਨ ਹੈ ਦਾਦੀ ਮਾਤਾ ਜਿਸ ਨੇ ਬੱਚਿਆਂ ਨੂੰ ਅਜਿਹੀ ਪ੍ਰੇਰਨਾ ਤੇ ਅਡੋਲ ਦ੍ਰਿੜ੍ਹਤਾ ਦਾ ਪਾਠ ਪੜ੍ਹਾਇਆ ਕਿ ਉਹ ਠੰਢੇ ਬੁਰਜ ਦੀ ਕੈਦ ਵੇਲੇ ਕਸ਼ਟ ਵਿਚ ਰਹਿ ਕੇ ਵੀ 25-26-27 ਦਸੰਬਰ ਨੂੰ ਵਜ਼ੀਰ ਖਾਂ ਦੀ ਕਚਹਿਰੀ ਵਿਚ ਅਨੇਕਾਂ ਡਰਾਂ, ਲਾਲਚਾਂ ਤੋਂ ਬਿਲਕੁਲ ਨਾ ਡੋਲੇ ਅਤੇ ਆਖ਼ਰ 27 ਦਸੰਬਰ ਨੂੰ ਹਕੂਮਤ ਵੱਲੋਂ ਕੰਧਾਂ ਵਿਚ ਚਿਣਵਾ ਕੇ ਦਿੱਤੀ ਗਈ ਸ਼ਹੀਦੀ ਨੂੰ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਪਰਵਾਨ ਕੀਤਾ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਉਪਰੰਤ ਮਾਤਾ ਗੁਜਰੀ ਜੀ ਵੀ ਸਵਾਸ ਤਿਆਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ।

ਇਕ ਲਿਖਾਰੀ ਭਾਈ ਦੁਨਾ ਸਿੰਘ ਹਡੂਰੀਆ ਨੇ ਆਪਣੀ ਪੁਸਤਕ 'ਕਥਾ ਗੁਰੂ ਜੀ ਕੇ ਸੁਤਨ ਕੀ' ਵਿਚ ਲਿਖਿਆ ਹੈ 'ਰਜ ਕੋ ਪਾਇ ਪੀਪਲਹ ਬਾਂਧੇ, ਦੁਸ਼ਟ ਗੁਲੇਲੇ ਤੀਰ ਸੁ ਸਾਂਧੇ' ਭਾਵ ਕਿ ਜ਼ਾਲਮਾਂ ਨੇ ਸ਼ਹਾਦਤ ਤੋਂ ਪਹਿਲਾਂ ਇਨ੍ਹਾਂ ਮਾਸੂਮ ਬੱਚਿਆਂ ਨੂੰ ਪਿੱਪਲ ਨਾਲ ਬੰਨ੍ਹ ਕੇ ਉਨ੍ਹਾਂ ਦੀਆਂ ਅੱਖਾਂ ਵਿਚ ਗੁਲੇਲੇ ਮਾਰੇ ਸਨ ਅਤੇ ਉਨ੍ਹਾਂ ਨੂੰ ਚਾਬਕ ਅਤੇ ਕੋਰੜੇ ਵੀ ਮਾਰੇ ਸਨ। ਇਕ ਇਤਿਹਾਸਕਾਰ ਨੇ ਆਪਣੀ ਲਿਖਤ 'ਗੁਰਪ੍ਰਨਾਲੀ ਗੁਲਾਬ ਸਿੰਘ' ਵਿਚ ਲਿਖਿਆ ਹੈ ਕਿ 'ਸਵਾ ਪਹਰ ਦਿਨ ਚੜ੍ਹੇ ਕਾਮ ਭਯੋ ਹੈ' ਭਾਵ ਸਵਾ ਪਹਿਰ ਦਿਨ ਚੜ੍ਹੇ ਸਾਹਿਬਜ਼ਾਦਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ ਜੋ ਸਮਾਂ ਸਵੇਰੇ 9.45 ਤੋਂ 11 ਵਜੇ ਤਕ ਇਤਿਹਾਸਕਾਰਾਂ ਨੇ ਬਣਾਇਆ ਅਤੇ ਇਹ ਸਮਾਂ ਸਮੁੱਚੀ ਸਿੱਖ ਕੌਮ ਅਤੇ ਨਾਨਕ ਨਾਮ ਲੇਵਾ ਸ਼ਰਧਾਲੂਆਂ ਲਈ ਗੁਰਬਾਣੀ ਨਾਲ ਜੁੜਨ ਅਤੇ ਗੰਭੀਰਤਾ ਨਾਲ ਇਨ੍ਹਾਂ ਦਰਦਨਾਕ ਪਲਾਂ ਦਾ ਅਹਿਸਾਸ ਕਰਨ ਦਾ ਸਮਾਂ ਹੁੰਦਾ ਹੈ।



ਇਸ ਸ਼ਹੀਦੀ ਸਥਾਨ ਉਪਰ ਅੱਜ ਗੁਰਦੁਆਰਾ ਸਾਹਿਬ ਜੋਤੀ ਸਰੂਪ ਸੁਸ਼ੋਭਿਤ ਹੈ ਜਿੱਥੇ ਲੱਖਾਂ ਹੀ ਸੰਗਤਾਂ ਸ਼ਹੀਦੀ ਦਿਨਾਂ ਵਿਚ ਸੀਸ ਝੁਕਾ ਦੇ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ ਪਰ ਦੂਜੇ ਪਾਸੇ ਗੰਗੂ ਅਤੇ ਸੁੱਚਾ ਨੰਦ ਜਿਹੇ ਵਿਸ਼ਵਾਸ-ਘਾਤੀਆਂ ਦੇ ਕਿਤੇ ਨਾਮੋ ਨਿਸ਼ਾਨ ਹੀ ਨਹੀਂ ਲੱਭਦੇ। ਇੱਥੇ ਹੀ ਧੰਨ ਹਨ ਉਹ ਸੱਚੇ ਤੇ ਗੁਰੂ ਹਮਦਰਦੀ ਵਿਚ ਰੰਗੇ ਇਨਸਾਨ ਬਾਬਾ ਮੋਤੀ ਰਾਮ ਮਹਿਰਾ ਅਤੇ ਦੀਵਾਨ ਟੋਡਰ ਮਲ ਜਿਨ੍ਹਾਂ ਨੇ ਮੁਗ਼ਲ ਸਲਤਨਤ ਦੇ ਨੌਕਰ ਹੁੰਦੇ ਹੋਏ ਵੀ ਆਪਣੀਆਂ ਜਾਨਾਂ ਖ਼ਤਰੇ ਵਿਚ ਪਾ ਕੇ ਮਾਤਾ ਗੁਜਰੀ ਅਤੇ ਇਨ੍ਹਾਂ ਲਾਲਾਂ ਦੀ ਸੇਵਾ ਕੀਤੀ। ਬਾਬਾ ਮੋਤੀ ਰਾਮ ਮਹਿਰਾ ਮਾਤਾ ਅਤੇ ਬੱਚਿਆਂ ਨੂੰ ਠੰਢੇ ਬੁਰਜ ਵਿਚ ਚੋਰੀ ਦੁੱਧ ਪਿਲਾਉਂਦੇ ਰਹੇ ਜਿਸਦੀ ਸਜ਼ਾ ਵਜੋਂ ਹਕੂਮਤ ਨੇ ਉਨ੍ਹਾਂ ਨੂੰ ਪਰਿਵਾਰ ਸਮੇਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ, ਉਨ੍ਹਾਂ ਦੀ ਯਾਦਗਾਰ ਵਜੋਂ ਇੱਥੇ ਗੁਰਦੁਆਰਾ ਬਣਿਆ ਹੋਇਆ ਹੈ ਜਿੱਥੇ ਸੰਗਤਾਂ ਨਤਮਸਤਕ ਹੁੰਦੀਆਂ ਹਨ। ਇਵੇਂ ਹੀ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਉਪਰੰਤ ਕੋਈ ਵੀ ਪਰਿਵਾਰ ਉਨ੍ਹਾਂ ਦੀ ਅੰਤਿਮ ਸੰਸਕਾਰ ਕਰਨ ਦੀ ਹਿੰਮਤ ਹਕੂਮਤ ਦੇ ਡਰੋਂ ਨਹੀਂ ਕਰ ਰਿਹਾ ਸੀ ਪਰ ਦੀਵਾਨ ਟੋਡਰ ਮਲ ਨੇ ਸੰਸਕਾਰ ਲਈ ਜ਼ਮੀਨ ਸੋਨੇ ਦੀਆਂ ਮੋਹਰਾਂ ਵਿਛਾ ਕੇ ਸਭ ਤੋਂ ਮਹਿੰਗੇ ਮੁੱਲ ਖ਼ਰੀਦੀ ਸੀ ਅਤੇ ਪਰਿਵਾਰ ਨੂੰ ਨਾਲ ਲੈ ਕੇ ਇਨ੍ਹਾਂ ਸ਼ਹੀਦਾਂ ਦਾ ਸੰਸਕਾਰ ਕੀਤਾ ਸੀ। ਉਸਦੀ ਯਾਦ ਵਿਚ ਵੀ ਅੱਜ 'ਦੀਵਾਨ ਟੋਡਰ ਮਲ ਹਾਲ' ਬਣਿਆ ਹੋਇਆ ਹੈ ਜੋ ਉਸਦੀ ਸੇਵਾ ਸ਼ਰਧਾ ਦੀ ਯਾਦ ਤਾਜ਼ਾ ਕਰਦਾ ਹੈ ਅਤੇ ਹਰ ਇਨਸਾਨ ਨੂੰ ਇਕ ਸਿੱਖਿਆ ਵੀ ਦਿੰਦਾ ਹੈ। ਇਸੇ ਤਰ੍ਹਾਂ ਇਕ ਹੋਰ ਸੱਚੇ ਮੁਸਲਮਾਨ ਨਵਾਬ ਮਲੇਰਕੋਟਲਾ ਸ਼ੇਰ ਖਾਂ ਦਾ ਜ਼ਿਕਰ ਕਰਨਾ ਵੀ ਅਤਿ ਫ਼ਖਰਯੋਗ ਹੈ ਜਿਸ ਨੇ ਇਨ੍ਹਾਂ ਛੋਟੇ ਲਾਲਾਂ ਨੂੰ ਕੰਧਾਂ ਵਿਚ ਚਿਣੇ ਜਾਣ ਦਾ ਵਿਰੋਧ ਕਰਦੇ ਹੋਏ ਵਜ਼ੀਰ ਖਾਂ ਨਾਲ ਇਸ ਗੱਲੋਂ ਬਹਿਸ ਵੀ ਕੀਤੀ ਸੀ ਕਿ ਸਾਡਾ ਕੁਰਾਨ ਸ਼ਰੀਫ ਗ੍ਰੰਥ ਨਿਹੱਥੇ ਔਰਤਾਂ ਅਤੇ ਬੱਚਿਆਂ ਉੱਪਰ ਅਜਿਹਾ ਜ਼ੁਲਮ ਕਰਨ ਦੀ ਆਗਿਆ ਨਹੀਂ ਦਿੰਦਾ। ਇਸ ਰੋਸ ਵਜੋਂ ਉਹ ਉਠ ਕੇ ਚਲੇ ਗਏ ਸਨ। ਵੇਖਿਆ ਜਾਵੇ ਤਾਂ ਅੱਜ ਇਨ੍ਹਾਂ ਲਹੂ ਭਿੱਜੀਆਂ ਵੈਰਾਗਮਈ ਸ਼ਹਾਦਤਾਂ ਨੂੰ ਪੜ੍ਹ ਸੁਣ ਕੇ ਕੋਈ ਵੀ ਇਨਸਾਨ ਭਾਵੇਂ ਉਹ ਗ਼ੈਰ ਸਿੱਖ, ਗ਼ੈਰ ਪੰਜਾਬੀ, ਭਾਰਤੀ ਜਾਂ ਵਿਦੇਸ਼ੀ ਕਿਉਂ ਨਾ ਹੋਵੇ ਆਪਣੀਆਂ ਅੱਖਾਂ ਦੇ ਹੰਝੂ ਰੋਕ ਨਹੀਂ ਸਕਦਾ ਜਿਸ ਤੱਥ ਦੀ ਗਵਾਹੀ ਇਹ ਹੈ ਕਿ ਕੁੱਝ ਸਾਲ ਪਹਿਲਾਂ ਪੰਜਾਬ ਦੇ ਇਕ ਵਿਦਵਾਨ ਨੇ ਦੱਸਿਆ ਕਿ ਉਸ ਨੂੰ ਆਪਣੀ ਅਮਰੀਕਾ ਯਾਤਰਾ ਦੌਰਾਨ ਉਥੋਂ ਦੇ ਇਕ ਸੈਮੀਨਾਰ ਹਾਲ ਵਿਚ ਪ੍ਰਭੂ ਯਿਸੂ-ਮਸੀਹ ਦੇ ਸ਼ਹੀਦੀ ਦਿਹਾੜੇ ਉੱਪਰ ਬੋਲਣ ਦਾ ਜਦੋਂ ਮੌਕਾ ਮਿਲਿਆ ਸੀ ਤਾਂ ਉਨ੍ਹਾਂ ਨੇ ਇਸ ਪ੍ਰਤੀ ਬੋਲਦੇ ਹੋਏ ਆਪਣੇ ਭਾਸ਼ਣ ਨੂੰ ਸਰਹਿੰਦ ਦੀ ਸ਼ਹੀਦੀ ਦਾਸਤਾਨ ਦੱਸਣੀ ਸ਼ੁਰੂ ਕੀਤੀ ਤਾਂ ਸਾਹਮਣੇ ਬੈਠੇ ਸਰੋਤੇ ਬਹੁਤ ਭਾਵੁਕ ਤੇ ਹੰਝੂਗ੍ਰਸਤ ਹੋ ਗਏ ਸਨ ਅਤੇ ਔਰਤਾਂ ਆਪਣੇ ਬੱਚਿਆਂ ਨੂੰ ਵਾਰ-ਵਾਰ ਆਪਣੀ ਛਾਤੀ ਨਾਲ ਘੁੱਟਦੇ ਹੋਏ ਅੱਖਾਂ ਵਿੱਚ ਹੰਝੂ ਭਰੀ ਬੈਠੀਆਂ ਸਨ ਅਤੇ ਉੱਥੇ ਸੰਨਾਟਾ ਛਾਇਆ ਹੋਇਆ ਸੀ। ਜਾਪਦਾ ਸੀ ਕਿ ਉਹ ਲੋਕ ਪ੍ਰਭੂ ਯਿਸੂ-ਮਸੀਹ ਦੀ ਸ਼ਹਾਦਤ ਨਾਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਗਾਥਾ ਪ੍ਰਤੀ ਜ਼ਿਆਦਾ ਪੀੜਾ ਮਹਿਸੂਸ ਕਰ ਰਹੇ ਸਨ। ਭਾਸ਼ਣ ਖ਼ਤਮ ਹੋਣ ਉਪਰੰਤ ਉਹ ਸਾਰੇ ਬੜੇ ਭਾਵੁਕ ਹੋ ਕੇ ਇਹ ਪੁੱਛਣ ਲੱਗੇ ਕਿ ਕਿਰਪਾ ਕਰਕੇ ਦੱਸੋ ਕਿ ਗੁਰੂ ਜੀ ਦੇ ਇਹ ਸਾਹਿਬਜ਼ਾਦੇ ਇਸ ਤੋਂ ਪਹਿਲਾਂ ਅਜਿਹੀ ਕਿਹੜੀ ਸੰਗਤ ਵਿਚ ਰਹੇ ਜਿੱਥੋਂ ਇਨ੍ਹਾਂ ਨੂੰ ਇੰਨੇ ਤਿਆਗ ਅਤੇ ਅਟੱਲ ਇਰਾਦੇ ਵਾਲੀ ਸਿੱਖਿਆ ਮਿਲੀ। ਦੂਜਾ ਸਵਾਲ ਉਨ੍ਹਾਂ ਦਾ ਇਹ ਸੀ ਕਿ ਤੁਸੀਂ ਸਿੱਖ ਕੌਮ ਇਸ ਸ਼ਹਾਦਤ ਦੇ ਦਿਹਾੜੇ ਵੇਲੇ ਇਨ੍ਹਾਂ ਪਲਾਂ ਨੂੰ ਕਿਸ ਤਰ੍ਹਾਂ ਬਿਤਾਉਂਦੇ ਹੋ। ਉਸ ਵਿਦਵਾਨ ਨੇ ਕਿਹਾ ਕਿ ਪਹਿਲਾ ਜੁਆਬ ਤਾਂ ਮੈਂ ਬੜੇ ਅਰਾਮ ਨਾਲ ਦੇ ਦਿੱਤਾ ਕਿ ਦਾਦੀ ਮਾਤਾ ਗੁਜਰੀ ਜੀ ਇਨ੍ਹਾਂ ਨੂੰ ਆਪਣੇ ਦਾਦੇ ਦੇ ਦਾਦੇ ਗੁਰੂ ਅਰਜਨ ਦੇਵ ਜੀ ਅਤੇ ਦਾਦਾ ਗੁਰੂ ਤੇਗ਼ ਬਹਾਦਰ ਜੀ ਹੋਰਾਂ ਦੇ ਬਲੀਦਾਨਾਂ ਬਾਰੇ ਅਤੇ ਹੋਰ ਸਿੱਖੀ ਸਿਦਕ ਵਾਲੇ ਸ਼ਹੀਦਾਂ ਬਾਰੇ ਸਿੱਖਿਆ ਦਿੰਦੇ ਰਹੇ ਸਨ ਪ੍ਰੰਤੂ ਦੂਜੇ ਸਵਾਲ ਦਾ ਜਵਾਬ ਮੈਂ ਕਿਵੇਂ ਦਿੰਦਾ ਕਿ ਸਾਡੀ ਸਿੱਖ ਕੌਮ ਇਨ੍ਹਾਂ ਪਲਾਂ ਨੂੰ ਕਿਵੇਂ ਮਨਾਉਂਦੀ ਹੈ ਕਿਉਂਕਿ ਅੱਜ ਸਾਡੇ ਸ਼ਹੀਦੀ ਅਸਥਾਨ ਫ਼ਤਿਹਗੜ੍ਹ ਸਾਹਿਬ (ਸਰਹਿੰਦ) ਵਿਖੇ ਨਤਮਸਤਕ ਹੁੰਦੀਆਂ ਸੰਗਤਾਂ ਦਰਮਿਆਨ ਸਾਡੇ ਸਿੱਖ ਅਖਵਾਉਣ ਵਾਲੇ ਪਰਿਵਾਰਾਂ ਦੇ ਬਹੁ-ਗਿਣਤੀ ਨੌਜਵਾਨ ਓਨੀ ਸ਼ਰਧਾ ਨਾਲ ਨਹੀਂ ਸਗੋਂ ਇਕ ਸਮਾਗਮ ਵਾਂਗ ਮਨਾਉਂਦੇ ਹਨ ਤੇ ਸਿੱਖੀ ਤੋਂ ਦੂਰ ਜਾ ਰਹੇ ਹਨ। ਇਹ ਸੱਚ ਹੈ ਕਿ ਪਿੰਡ ਖੇੜੀ ਗੰਗੂ ਰਸੋਈਏ ਦਾ ਪਿੰਡ ਸੀ ਜਿੱਥੋਂ ਉਸ ਨੇ ਆਪਣੇ ਘਰੋਂ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਵਾਇਆ ਸੀ, ਕੋਤਵਾਲੀ ਮੋਰਿੰਡਾ ਜਿੱਥੇ ਉਨ੍ਹਾਂ ਨੂੰ ਰਾਤ ਰੱਖਿਆ ਗਿਆ ਸੀ ਅਤੇ ਸਰਹਿੰਦ ਜਿੱਥੇ ਇਹ ਸ਼ਹੀਦ ਹੋਏ ਸਨ, ਇਨ੍ਹਾਂ ਦੇ ਆਸ ਪਾਸ ਵਾਲੇ ਪਿੰਡਾਂ ਦੇ ਲੋਕ ਇਨ੍ਹਾਂ ਸ਼ਹੀਦੀ ਦਿਨਾਂ ਵਿਚ ਸੋਗ ਵਜੋਂ ਕੋਈ ਵਿਆਹ ਜਾਂ ਖ਼ੁਸ਼ੀ ਸਮਾਰੋਹ ਨਹੀਂ ਸੀ ਕਰਦੇ ਪਰ ਅੱਜ ਤਾਂ ਸਭ ਕੁਝ ਹੋ ਰਿਹਾ ਹੈ। ਅੱਜ ਤਾਂ ਸਾਡੇ ਕਈ ਧਾਰਮਿਕ ਆਗੂ ਵੀ ਸਿਆਸਤ ਦੇ ਪ੍ਰਭਾਵ ਵਿੱਚ ਇੱਥੇ ਹੁੰਦੀਆਂ ਕਾਨਫਰੰਸਾਂ ਵੇਲੇ ਇਕ ਦੂਜੇ ਉੱਪਰ ਦੂਸ਼ਣਬਾਜ਼ੀ ਦਾ ਚਿੱਕੜ ਜ਼ਿਆਦਾ ਸੁੱਟਦੇ ਹਨ ਪਰ ਸ਼ਹੀਦੀ ਇਤਿਹਾਸ ਦਾ ਜ਼ਿਕਰ ਘੱਟ ਕਰਦੇ ਹਨ ਜਦੋਂ ਕਿ ਇਸਾਈ ਧਰਮ ਦੇ ਲੋਕ ਅੱਜ ਕਰੀਬ ਦੋ ਹਜ਼ਾਰ ਸਾਲਾਂ ਬਾਅਦ ਵੀ ਆਪਣੇ ਪ੍ਰਭੂ ਯਿਸੂ-ਮਸੀਹ ਨੂੰ ਸਲੀਬ ਉਪਰ ਟੰਗੇ ਹੋਏ ਮਹਿਸੂਸ ਕਰਦੇ ਹਨ। ਇਵੇਂ ਹੀ ਮੁਸਲਿਮ ਲੋਕ ਅੱਜ 1322 ਸਾਲ ਬਾਅਦ ਵੀ ਮੁਹਰਮ ਵਾਲੇ ਦਿਨ ਆਪਣੇ ਆਪ ਨੂੰ 'ਕਰਬਲਾ' ਦੀ ਦਰਦਨਾਕ ਸ਼ਹੀਦੀ ਘਟਨਾ ਦੇ ਦਰਦ ਦਾ ਦਿਲੋਂ ਅਹਿਸਾਸ ਕਰਦੇ ਹਨ ਕਿਉਂਕਿ ਇਸ ਦਿਨ ਉਨ੍ਹਾਂ ਦੇ ਪੈਗ਼ੰਬਰ ਮੁਹੰਮਦ ਸਾਹਿਬ ਦੇ ਦੋ ਛੋਟੇ ਮਾਸੂਮ ਬੱਚਿਆਂ ਨੂੰ ਕਈ ਦਿਨ ਭੁੱਖੇ ਰੱਖ ਕੇ ਤੇ ਬੜੇ ਤਸੀਹੇ ਦੇ ਕੇ ਇੱਥੇ ਸ਼ਹੀਦ ਕੀਤਾ ਗਿਆ ਸੀ।

ਸਰਬੰਸਦਾਨੀ ਦਸਮੇਸ਼ ਗੁਰੂ ਜੀ ਨੇ ਤਾਂ ਇਨ੍ਹਾਂ ਸ਼ਹਾਦਤਾਂ ਉਪਰੰਤ ਅਕਾਲ ਪੁਰਖ ਦਾ ਸ਼ੁਕਰਾਨਾ ਹੀ ਕੀਤਾ ਸੀ ਕਿ :

ਮੁਝ ਤੇ ਆਜ ਤੇਰੀ ਅਮਾਨਤ,
ਅਦਾ ਹੁਈ।
ਬੇਟੋਂ ਕੀ ਜਾਂਅ ਧਰਮ ਕੀ ਖ਼ਾਤਰ
ਫ਼ਿਦਾ ਹੁਈ।

ਗੁਰੂ ਜੀ ਨੇ ਤਾਂ ਇਹ ਵੀ ਫਰਮਾਇਆ ਸੀ ਕਿ :

ਇਨ ਪੁਤਰਨ ਕੇ ਨਾਮ ਪਰ ਵਾਰ,
ਦੀਏ ਸੁਤ ਚਾਰ,
ਚਾਰ ਮੂਏ ਤੋਂ ਕਿਆ ਹੂਆ
ਜੀਵਤ ਕਈ ਹਜ਼ਾਰ।

ਅੱਜ ਜਦੋਂ ਇਸ ਸ਼ਹੀਦੀ ਅਸਥਾਨ ਦੇ ਦਰਸ਼ਨ ਕਰਦੇ ਹਾਂ ਤਾਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਸ਼ਹੀਦੀ ਦੀਵਾਰ 'ਚੋਂ ਇਹ ਅਵਾਜ਼ਾਂ ਆ ਰਹੀਆਂ ਹੋਣ :

ਹਮ ਜਾਨ ਦੇਕਰ ਦੇਸ਼ ਕੌਮ ਕੀ ਜਾਨੇ ਬਚਾ ਚਲੇ,
ਸਿੱਖੀ ਕੀ ਨੀਂਵ ਹਮ ਸਰੋਂ ਪਰ ਉਠਾ ਚਲੇ।

ਸੋ ਅੱਜ ਅਸੀਂ ਦੇਖਣਾ ਹੈ ਕਿ ਜੋ ਗੁਰੂ ਜੀ ਨੇ ਸਾਨੂੰ ਆਪਣੇ ਪੁੱਤਰ ਬਣਾਇਆ ਸੀ ਤਾਂ ਅਸੀਂ ਉਨ੍ਹਾਂ ਦੀ ਪ੍ਰਤੀ ਆਪਣਾ ਕੀ ਫ਼ਰਜ਼ ਨਿਭਾ ਰਹੇ ਹਾਂ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# 'ਚਮਕੌਰ ਸਾਹਿਬ ਦੀ ਜੰਗ'

ਮੁਗਲ ਬਾਦਸ਼ਾਹ ਅਕਬਰ ਤੋਂ ਬਾਅਦ 3 ਨਵੰਬਰ, 1605 ਨੂੰ ਜਹਾਂਗੀਰ ਤਖਤ ਤੇ ਬੈਠਾ। ਉਸ ਦੇ ਜਬਰੀ ਧਰਮ ਪਰਿਵਰਤਨ ਦੇ ਖ਼ੂਨੀ ਇਰਾਦੇ ਹੇਠ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਜ਼ੁਲਮ ਦੇ ਟਾਕਰੇ ਲਈ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਕ ਰੂਹਾਨੀ ਅਗਵਾਈ, ਦੂਸਰੀ ਸੰਸਾਰਿਕ ਅਗਵਾਈ ਦੀ। ਉਨ੍ਹਾਂ ਨੇ ਸਿੱਖ ਕੌਮ ਨੂੰ ਹਥਿਆਰਬੰਦ ਹੋ ਕੇ ਸੰਤ ਸਿਪਾਹੀ ਦਾ ਸਿਧਾਂਤ ਦਿੱਤਾ। ਸਿੱਖ ਕੌਮ ਨੂੰ ਬਕਾਇਦਾ ਤੌਰ 'ਤੇ ਫੌਜ ਵਜੋਂ ਸੰਗਠਿਤ ਕੀਤਾ। ਜਿਸ ਹੇਠ ਗੁਰੂ ਸਾਹਿਬ ਜੀ ਨੇ ਜੰਗਾਂ ਵੀ ਜਿੱਤੀਆਂ।

ਮਾਰਚ 30, 1664 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਦੂਸਰੇ ਧਰਮਾਂ ਪ੍ਰਤੀ ਜ਼ੁਲਮ ਵਧਦੇ ਗਏ। ਉਸ ਨੇ ਗੁਰੂ ਸਾਹਿਬ ਜੀ ਦੇ ਧਰਮ ਪ੍ਰਚਾਰ ਨੂੰ ਖਤਮ ਕਰਨ ਦੀ ਨੀਤੀ ਅਪਣਾਈ ਹੋਈ ਸੀ। ਜ਼ੁਲਮ ਦਾ ਭਿਆਨਕ ਸਮਾਂ ਆਉਂਦਾ ਜਾਣ ਕੇ ਉਨ੍ਹਾਂ ਆਪਣੇ ਸਾਹਿਬਜ਼ਾਦੇ ਗੋਬਿੰਦ ਰਾਏ ਜੀ ਨੂੰ ਸ਼ਸਤਰ ਅਤੇ ਸ਼ਸਤਰ ਅਭਿਆਸ ਵਿਚ ਨਿਪੁੰਨ ਕੀਤਾ। ਇਕ ਅਜਿਹੀ ਦ੍ਰਿੜ ਸ਼ਖਸੀਅਤ ਬਣਾਇਆ ਕਿ ਆਪਣੇ ਗੁਰ ਪਿਤਾ ਜੀ ਨੂੰ ਧਰਮ ਦੀ ਰੱਖਿਆ ਕਰਨ ਲਈ ਕੁਰਬਾਨ ਹੋਣ ਲਈ ਭੇਜਿਆ। ਗੁਰੂ ਤੇਗ ਬਹਾਦਰ ਜੀ ਨੂੰ ਵਿਸ਼ਵਾਸ਼ ਹੋ ਗਿਆ ਕਿ ਉਨ੍ਹਾਂ ਦਾ ਸਾਹਿਬਜ਼ਾਦਾ ਸਿੱਖ ਕੌਮ ਦੀ ਅਗਵਾਈ ਕਰਨ ਦੇ ਸਮਰੱਥ ਹੋਵੇਗਾ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 11 ਨਵੰਬਰ, 1675 ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ। ਇਸ ਲਾਸਾਨੀ ਸ਼ਹੀਦੀ ਨਾਲ ਮੁਗਲਾਂ ਦਾ ਪਤਨ ਸ਼ੁਰੂ ਹੋਇਆ।

ਨਵੰਬਰ 24, 1675 ਨੂੰ ਗੁਰੂ ਗੋਬਿੰਦ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਉਨ੍ਹਾਂ ਜਾਣ ਲਿਆ ਕਿ ਹੁਣ ਧਰਮ ਅਤੇ ਸਵੈ-ਰੱਖਿਆ ਲਈ ਹਥਿਆਰਬੰਦ ਹੋ ਕੇ ਜ਼ੁਲਮ ਦੇ ਖਿਲਾਫ਼ ਜੂਝਣ ਤੋਂ ਬਿਨਾਂ ਕੋਈ ਚਾਰਾ ਨਹੀਂ।

ਗੁਰੂ ਸਾਹਿਬ ਜੀ ਨੇ ਗੁਰਬਾਣੀ ਤੇ ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਦਾ ਡੂੰਘਾ ਅਧਿਐਨ ਕੀਤਾ। ਉਹ ਮੁਗਲਾਂ ਦੇ ਸਮੇਂ ਸਮੇਂ ਕੀਤੇ ਜ਼ੁਲਮਾਂ ਤੋਂ ਜਾਣੂੰ ਹੋਏ। ਗੁਰੂ ਸਾਹਿਬ ਜੀ ਨੇ ਅਜਿਹੇ ਹਾਲਾਤਾਂ ਵਿਚ ਦੁਸ਼ਮਣ ਨਾਲ ਟੱਕਰ ਲੈਣ ਲਈ ਵਕਤ ਸੰਭਾਲਣਾ ਸੀ। ਸਿੱਖ ਕੌਮ ਵਿਚ ਚੜ੍ਹਦੀ ਕਲਾ ਦਾ ਜਜ਼ਬਾ ਭਰਨ ਲਈ 1699 ਈ. ਵਿਚ ਖ਼ਾਲਸਾ ਪੰਥ ਸਾਜਿਆ। ਮਨੁੱਖ ਦੀ ਪੂਰਨ ਅਜ਼ਾਦੀ ਤੇ ਪਹਿਰਾ ਦਿੱਤਾ। ਸਿੱਖ ਧਰਮ ਦੇ ਗਣਰਾਜੀਆਂ ਨੂੰ ਖ਼ਾਲਸਾ ਫੌਜੀ ਬਣਾਉਣਾ ਸੀ। ਵਿਉਂਤਬੰਦੀ ਕਰਨ ਲਈ ਸ਼ਾਂਤ ਵਾਤਾਵਰਣ ਦੀ ਤਲਾਸ਼ ਸੀ। ਉਹ ਪਾਉਂਟਾ ਸਾਹਿਬ ਜਾ ਠਹਿਰੇ। ਨਾਹਨ ਦੇ ਰਾਜੇ ਨੇ ਗੁਰੂ ਸਾਹਿਬ ਜੀ ਨੂੰ ਉੱਥੇ ਹੀ ਟਿਕ ਜਾਣ ਲਈ ਜਗ੍ਹਾ ਦਿੱਤੀ। ਗੁਰੂ ਸਾਹਿਬ ਜੀ ਨੇ ਪਾਉਂਟਾ ਕਿਲਾ ਉਸਾਰ ਲਿਆ। ਗੁਰੂ ਸਾਹਿਬ ਜੀ ਦੀ ਵਧਦੀ ਫੌਜੀ ਤਾਕਤ ਤੋਂ ਮੁਗਲਾਂ ਦੇ ਨਾਲ ਨਾਲ ਪਹਾੜੀ ਰਾਜੇ ਵੀ ਭੈ-ਭੀਤ ਸਨ। ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦਾ ਖ਼ੂਨੀ ਇਰਾਦਾ ਬਣਾ ਲਿਆ। ਇਸ ਲਈ ਜ਼ੁਲਮ ਖਿਲਾਫ਼ ਟੱਕਰ ਹੋਣੀ ਲਾਜ਼ਮੀ ਸੀ। ਗੁਰੂ ਸਾਹਿਬ ਜੀ ਨੂੰ ਜੰਗਾਂ ਸਹੇੜਨੀਆਂ ਪਈਆਂ। ਜਿਵੇਂ ਭੰਗਾਣੀ, ਨੰਦੋਨ, ਗੁਲੇਰ ਹੁਸੈਨੀ, ਅਨੰਦਪੁਰ ਦੀ ਪਹਿਲੀ ਜੰਗ, ਨਿਰਮੋਹ, ਸਤਲੁਜ, ਬਸੌਲੀ ਅਨੰਦਪੁਰ ਦੀ ਦੂਜੀ ਜੰਗ, ਸ਼ਾਹੀ ਟਿੱਬੇ, ਸਿਰਸਾ, ਖਿਦਰਾਣਾ ਅਤੇ ਵਿਸ਼ੇ ਅਧੀਨ ਚਮਕੌਰ ਸਾਹਿਬ ਦੀ ਜੰਗ।

ਚਲਦੀਆਂ ਜੰਗਾਂ ਵਿਚ ਅਨੰਦਪੁਰ ਦੀ 1704 ਦੀ ਜੰਗ ਤੋਂ ਮੁਗਲ ਤੰਗ ਆ ਚੁੱਕੇ ਸਨ। ਮੁਗਲ ਫੌਜਾਂ ਨੇ ਅਨੰਦਪੁਰ ਦਾ ਕਿਲਾ ਗੁਰੂ ਸਾਹਿਬ ਪਾਸੋਂ ਖਾਲੀ ਕਰਵਾਉਣ ਲਈ ਖਾਸ ਸਿਖਲਾਈ ਪ੍ਰਾਪਤ ਫੌਜ ਤਿਆਰ ਕੀਤੀ ਸੀ। ਫੌਜ ਦੇ ਘੇਰੇ ਵਿਚ ਗੁਰੂ ਸਾਹਿਬ ਜੀ ਕਿਲੇ ਵਿਚ ਡਟੇ ਰਹੇ। ਲੰਮੀ ਉਡੀਕ ਤੋਂ ਬਾਅਦ ਵੈਰੀ ਮੱਕਾਰੀ 'ਤੇ ਉਤਰ ਆਏ, ਉਨ੍ਹਾਂ ਨੇ ਆਪਣੇ ਧਰਮਾਂ ਦੀਆਂ ਕਸਮਾਂ ਖਾ ਕੇ ਸ਼ਰਤ ਰੱਖ ਕਿ ਜੇਕਰ ਗੁਰੂ ਸਾਹਿਬ ਜੀ ਅਨੰਦਪੁਰ ਛੱਡ ਦੇਣ ਤਾਂ ਉਨ੍ਹਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਗੁਰੂ ਸਾਹਿਬ ਜੀ ਨੇ 20 ਦਸੰਬਰ 1704 ਦੀ ਸਰਦ ਰਾਤ ਨੂੰ 400 ਸਿੰਘਾਂ ਸਮੇਤ ਅਨੰਦਪੁਰ ਛੱਡ ਦਿੱਤਾ।

ਸਿਆਲ ਦੀ ਕਕਰੀਲੀ ਤੂਫਾਨੀ 20-21 ਦਸੰਬਰ ਵਿਚਲੀ ਰਾਤ ਨੂੰ ਗੁਰੂ ਸਾਹਿਬ ਜੀ 25 ਕਿਲੋਮੀਟਰ ਹੀ ਲੰਘੇ ਸਨ ਕਿ ਵੈਰੀ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਘਮਸਾਨ ਦੀ ਜੰਗ ਹੋਈ। ਸਿੰਘ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਗਏ। ਕਈ ਸਿੰਘ ਸ਼ਹੀਦ ਹੋ ਗਏ। ਸਿੰਘ ਫੌਜਾਂ ਦਾ ਰਾਹ ਰੋਕਦੇ ਲੜਦੇ ਗਏ। ਬਾਕੀਆਂ ਨੂੰ ਸਰਸਾ ਪਾਰ ਲੰਘਾਉਂਦੇ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨਾਲ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਇਸ ਜੰਗ ਵਿਚ ਡਟੇ ਹੋਏ ਸਨ। ਮੁਗਲਾਂ ਦੀ ਭਾਰੀ ਲਸ਼ਕਰ ਸੀ। ਇਸ ਅਸਾਵੇਂ ਮੁਕਾਬਲੇ ਵਿਚ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਸ਼ਹੀਦੀਆਂ ਪਾ ਗਏ। ਇਸ ਅਸਥਾਨ 'ਤੇ ਉਨ੍ਹਾਂ ਦਾ ਯਾਦਗਾਰ ਬਣੀ ਹੋਈ ਹੈ। ਗੁਰੂ ਸਾਹਿਬ ਜੀ ਦਾ ਪਰਿਵਾਰ ਵੀ ਵਿਛੜ ਗਿਆ, ਉੱਥੇ ਗੁਰਦੁਆਰਾ ਸਾਹਿਬ ਪਰਿਵਾਰ ਵਿਛੋੜਾ ਸੁਸ਼ੋਭਿਤ ਹੈ। ਸਰਸਾ ਦੇ ਪਾਰ ਗੁਰੂ ਸਾਹਿਬ ਨਾਲ ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘ ਸਨ। ਕਾਫ਼ਲਾ ਰੋਪੜ ਵੱਲ ਵਧਿਆ ਅਤੇ ਰੋਪੜ ਦੇ ਕੋਲ ਹੀ ਜਾ ਠਹਿਰ ਬਣਾਈ।

ਚੌਧਰੀ ਬੁੱਧੀ ਚੰਦ ਜਿੰਮੀਦਾਰ ਦੀ ਨੇ ਕਿਹਾ ਗੁਰੂ ਜੀ ਵੈਰੀ ਦੀਆਂ ਫੌਜਾਂ ਵਾਹੋ ਦਾਹੀ ਪਿੱਛਾ ਕਰਦੀਆਂ ਹਨ। ਤੁਸੀਂ ਮੇਰੀ ਕੱਚੀ ਹਵੇਲੀ ਵਿਚ ਚਲੇ ਜਾਓ। ਗੁਰੂ ਸਾਹਿਬ ਜੀ ਇਸ ਉੱਚੀ ਕੱਚੀ ਗੜ੍ਹੀ ਨੂੰ ਵੇਖ ਕੇ ਮੁਸਕਰਾਏ ਕਿ ਇਥੋਂ ਖ਼ਾਲਸੇ ਦੇ ਸਾਹਸ ਅਤੇ ਸੂਰਬੀਰਤਾ ਦਾ ਇਤਿਹਾਸ ਰਚਿਆ ਜਾਣਾ ਹੈ। ਹੁਣ ਫੈਸਲਾਕੁੰਨ ਜੰਗ ਸੰਭਵ ਹੈ। ਗੁਰੂ ਸਾਹਿਬ ਜੀ ਨੇ ਆਪਣੀ ਰਣਨੀਤੀ ਦੀ ਸੂਝ ਨਾਲ ਕੱਚੀ ਗੜ੍ਹੀ ਨੂੰ ਇਕ ਫੌਜੀ ਕਿਲੇ ਵਿਚ ਬਦਲ ਦਿੱਤਾ। ਮੋਰਚਾਬੰਦੀ ਕਰਦਿਆਂ ਗੁਰੂ ਸਾਹਿਬ ਜੀ ਨੇ ਸਿੰਘਾਂ ਨੂੰ ਹਥਿਆਰਬੰਦ ਦਸਤਿਆਂ ਵਿਚ ਵੰਡ ਲਿਆ। ਵੈਰੀ ਦੀਆਂ ਫੌਜਾਂ ਨਾਲ ਲਗਦੇ ਮੈਦਾਨ ਵਿਚ ਪਹੁੰਚ ਗਈਆਂ। ਇਸ ਪਾਸੇ ਗੁਰੂ ਸਾਹਿਬ ਜੀ ਨਾਲ ਸਾਲਾਂ ਭਰ ਦੀ ਲਗਾਤਾਰ ਜੰਗ ਦੇ ਭੰਨੇ ਹੋਏ ਭੁੱਖਣ ਭਾਣੇ 40 ਸਿੰਘ ਸਨ, ਦੂਸਰੇ ਪਾਸੇ ਸਿਖਲਾਈ ਪ੍ਰਾਪਤ ਗੁਰੂ ਜੀ ਦੇ ਕਥਨ ਅਨੁਸਾਰ ਦਸ ਲੱਖ ਦੀ ਫੌਜ ਸੀ। ਜੋ ਨਵਾਬ ਵਜੀਰ ਖਾਨ ਦੀ ਅਗਵਾਈ ਹੇਠ ਸੀ। ਗੁਰੂ ਸਾਹਿਬ ਜੀ ਨੇ ਇਥੋਂ ਤੀਰਾਂ ਦੀ ਬੁਛਾੜ ਨਾਲ ਜੰਗ ਦਾ ਐਲਾਨ ਕਰ ਦਿੱਤਾ।

ਮੁਗਲ ਫੌਜ ਨੇ ਵੀ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ। ਪਰ ਕੱਚੀ ਗੜ੍ਹੀ ਦੇ ਨੇੜੇ ਆਉਣ ਦੀ ਮੁਗਲ ਸੈਨਿਕਾਂ ਦੀ ਦੀ ਹਿੰਮਤ ਨਹੀਂ ਪੈ ਰਹੀ ਸੀ। ਗੁਰੂ ਸਾਹਿਬ ਜੀ ਨੇ ਪੈਂਤੜਾ ਦੱਸਿਆ ਕਿ ਮੁਗਲ ਫੌਜ ਦੇ ਸਰਦਾਰਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾਵੇ। ਮੁਗਲ ਜਰਨੈਲ ਨਾਹਰ ਖਾਨ ਨੇ ਕੱਚੀ ਗੜ੍ਹੀ ਦੀ ਕੰਧ ਨਾਲ ਪੌੜੀ ਲਗਾ ਕੇ ਮਮਟੀ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਜੀ ਨੇ ਤੀਰ ਦੇ ਨਿਸ਼ਾਨੇ ਨਾਲ ਉਸ ਨੂੰ ਮਾਰ ਮੁਕਾਇਆ। ਫਿਰ ਗਨੀ ਖਾਨ ਅੱਗੇ ਵਧਿਆ ਗੁਰੂ ਸਾਹਿਬ ਜੀ ਨੇ ਉਸ ਨੂੰ ਵੀ ਚਿੱਤ ਕਰ ਦਿੱਤਾ। ਜਰਨੈਲ ਮਹਿਮੂਦ ਅਲੀ ਨੇ ਆਪਣੇ ਸਾਥੀਆਂ ਨੂੰ ਮਰਦੇ ਵੇਖਿਆ ਤਾਂ ਉਹ ਕੰਧ ਦੀ ਓਟ ਵਿਚ ਭੱਜ ਗਿਆ। ਵੈਰੀ ਦੀਆਂ ਫੌਜਾਂ ਭੈ-ਭੀਤ ਹੋ ਗਈਆਂ।

ਨਵਾਬ ਸਰਹਿੰਦ ਨੇ ਹੁਕਮ ਦਿੱਤਾ ਕਿ ਇੱਕੋ ਹੱਲੇ ਨਾਲ ਗੜ੍ਹੀ ਸਰ ਕਰ ਲਈ ਜਾਵੇ। ਜੋ ਫੈਸਲਾਕੁੰਨ ਜੰਗ ਲੜਿਆ ਜਾ ਸਕੇ। ਹੁਣ ਜਰਨੈਲ ਹਦਾਇਤ ਖਾਂ, ਇਜਮਾਇਲ ਖਾਂ, ਫੌਲਾਦ ਖਾਨ, ਸੁਲਤਾਨ ਖਾਂ, ਜਹਾਨ ਖਾਂ, ਅਸਮਾਇਲ ਖਾਂ, ਭੂਰੇ ਖਾਂ ਦੀਆਂ ਫੌਜਾਂ ਕੱਚੀ ਗੜ੍ਹੀ ਵੱਲ ਵਧੀਆਂ। ਗੁਰੂ ਸਾਹਿਬ ਜੀ ਬਹਾਰ ਦਾ ਜੰਗੀ ਦ੍ਰਿਸ਼ ਦੇਖ ਰਹੇ ਸਨ। ਆਪ ਹੁਣ ਗੜ੍ਹੀ ਦੀ ਉੱਚੀ ਮਮਟੀ ਤੇ ਚਲੇ ਗਏ। ਦੋਨੋਂ ਸਾਹਿਬਜ਼ਾਦੇ ਵੀ ਨਾਲ ਸਨ। ਸਿੰਘਾਂ ਨੇ ਵੀ ਚੌਹੀਂ ਪਾਸੀਂ ਮੋਰਚੇ ਸੰਭਾਲ ਲਏ। ਭਾਈ ਮਦਨ ਸਿੰਘ ਅਤੇ ਭਾਈ ਗੰਡਾ ਸਿੰਘ ਜੀ ਗੜ੍ਹੀ ਦੇ ਮੁੱਖ ਦੁਆਰ ਤੇ ਤਾਇਨਾਤ ਸਨ। ਸਿੰਘ ਤਲਵਾਰ, ਤੀਰ, ਨੇਜੇ, ਭਾਲੇ ਲੈ ਕੇ ਮੁਕਾਬਲੇ ਲਈ ਤਿਆਰ ਹੋ ਗਏ। ਸਿੰਘ ਚੜ੍ਹਦੀ ਕਲਾ ਵਿਚ ਸਨ। ਉਨ੍ਹਾਂ ਨੂੰ ਮਾਣ ਸੀ ਕਿ ਇਸ ਧਰਮੀ ਜੰਗ ਵਿਚ ਉਹ ਗੁਰੂ ਸਾਹਿਬ ਜੀ ਦਾ ਸਾਥ ਦੇ ਰਹੇ ਸਨ। ਵੈਰੀ ਦੀਆਂ ਫੌਜਾਂ ਆਣ ਪਹੁੰਚੀਆਂ।

22 ਦਸੰਬਰ, 1704 ਨੂੰ ਚਮਕੌਰ ਸਾਹਿਬ ਦਾ ਹੋਇਆ ਜੰਗ ਸੰਸਾਰ ਦੀਆਂ ਮਿਸਾਲੀ ਜੰਗਾਂ ਵਿਚ ਸ਼ਾਮਲ ਹੈ। ਜਦੋਂ ਵੈਰੀ ਦੀ ਵੱਡੀ ਫੌਜ ਗੜ੍ਹੀ ਦੇ ਨੇੜੇ ਆਈ ਤਾਂ ਗੁਰੂ ਸਾਹਿਬ ਜੀ ਨੇ ਅਜਿਹੀ ਵਿਉਂਤ ਬਣਾਈ ਕਿ ਪੰਜ ਪੰਜ ਸਿੰਘਾਂ ਦਾ ਜਥਾ ਜੰਗ ਦੇ ਮੈਦਾਨ ਵਿਚ ਉਤਾਰਿਆ। ਸਿੰਘ ਜੈਕਾਰਿਆਂ ਦੀ ਗੂੰਜ ਵਿਚ ਵੈਰੀ ਤੇ ਟੁੱਟ ਪਏ। ਉਪਰੋਂ ਗੁਰੂ ਸਾਹਿਬ ਜੀ ਅਤੇ ਸਾਹਿਬਜ਼ਾਦਿਆਂ ਨੇ ਵੀ ਤੀਰਾਂ ਦੀ ਝੜੀ ਲਗਾ ਦਿੱਤੀ।

(**ਬਾਕੀ ਸਫ਼ਾ** 30 'ਤੇ)



# ਪੰਜਾਬ ਦੇ ਲੋਕ ਗੀਤਾਂ ਵਿਚ ਚੰਨ ਪਰਦੇਸੀ

ਡਾ. ਰਾਜਵੰਤ ਕੌਰ



ਪੁਣਛ ਦਾ ਇਲਾਕਾ ਬਰਫ਼ ਨਾਲ ਢਕੇ ਉੱਚੇ ਪਹਾੜਾਂ ਅਤੇ ਸੰਘਣੇ ਜੰਗਲਾਂ ਵਾਲਾ ਖ਼ੂਬਸੂਰਤ ਇਲਾਕਾ ਹੈ। ਦੇਸ਼ ਵੰਡ ਤੋਂ ਪਹਿਲਾਂ 1923 ਵਿਚ ਹੋਈ ਮਰਦਮਸ਼ੁਮਾਰੀ ਅਨੁਸਾਰ ਪੁਣਛ ਦੀ ਅਬਾਦੀ ਚਾਰ ਲੱਖ ਸੀ, ਜਿਸ ਵਿਚ ਛਿਆਨਵੇਂ ਪ੍ਰਤੀਸ਼ਤ ਮੁਸਲਮਾਨ, ਤਿੰਨ ਪ੍ਰਤੀਸ਼ਤ ਹਿੰਦੂ ਅਤੇ ਇਕ ਪ੍ਰਤੀਸ਼ਤ ਹੋਰ ਧਰਮਾਂ ਨੂੰ ਮੰਨਣ ਵਾਲੇ ਲੋਕ ਸਨ। ਦੇਸ਼ ਵੰਡ ਵੇਲੇ ਪੁਣਛ ਵੀ ਦੋ ਭਾਗਾਂ ਵਿਚ ਤਕਸੀਮ ਕਰ ਦਿੱਤਾ ਗਿਆ। ਪੀਰ ਪੰਜਾਲ ਨਾਂਅ ਵਾਲੀ ਹੇਠਲੇ ਹਿਮਾਲੀ ਪਹਾੜਾਂ ਦੀ ਲੰਮੀ ਲੜੀ ਰਾਹੀਂ ਇਹ ਕਸ਼ਮੀਰ ਘਾਟੀ ਤੋਂ ਵੱਖਰਾ ਕੀਤਾ ਗਿਆ ਹੈ। ਇਉਂ ਇਸ ਦਾ ਇਕ ਹਿੱਸਾ ਪਾਕਿਸਤਾਨ ਵਿਚ ਚਲਾ ਗਿਆ ਅਤੇ ਦੂਜਾ ਭਾਰਤੀ ਰਾਜ ਦਾ ਹਿੱਸਾ ਬਣ ਗਿਆ। ਚੀਨੀ ਬੋਧੀ ਭਿਕਸ਼ੂ ਹਿਊਨਸਾਂਗ ਦੇ ਸੱਤਵੀਂ ਸਦੀ ਵਿਚ ਸਤਾਰਾਂ ਵਰ੍ਹੇ ਭਾਰਤ ਰਹਿਣ ਦੇ ਯਾਤਰਾ-ਬਿਰਤਾਂਤ ਵਿਚੋਂ ਤਤਕਾਲੀਨ ਪੁਣਛ ਤੇ ਰਾਜੌਰੀ ਇਲਾਕੇ ਸੰਬੰਧੀ ਪੁਖ਼ਤਾ ਸਬੂਤ ਮਿਲਦੇ ਹਨ। ਪੁਣਛ ਉਸ ਸਮੇਂ ਮੁਸਲੂਮ ਨਾਂਅ ਵਾਲੀ ਚਾਹ ਅਤੇ ਵਧੀਆ ਕਿਸਮ ਦੇ ਘੋੜਿਆਂ ਲਈ ਮਕਬੂਲ ਸੀ। ਇਹ ਉਹ ਇਲਾਕਾ ਹੈ ਜੋ 1819 ਤੋਂ 1850 ਈਸਵੀ ਦੇ ਦਰਮਿਆਨ ਯਾਨੀ ਡੋਗਰਾ ਰਾਜ ਦੀ ਸਥਾਪਨਾ ਹੋਣ ਤੱਕ ਲਾਹੌਰ ਸਥਿਤ ਖ਼ਾਲਸਾ ਦਰਬਾਰ ਦੇ ਅਧੀਨ ਸੀ। ਬ੍ਰਿਟਿਸ਼ ਸ਼ਾਸਨ ਸਮੇਂ 1901 ਵਿਚ ਪੁਣਛ ਨੂੰ ਰਾਜ ਵਿਚ ਬਦਲ ਦਿੱਤਾ ਗਿਆ। ਇਥੋਂ ਦੇ ਲੋਕ ਪਹਾੜੀ ਬੋਲੀ ਬੋਲਦੇ ਹਨ। ਵੱਖ-ਵੱਖ ਭਾਸ਼ਾਵਾਂ ਵਿਚ ਪੁਣਛ ਦੇ ਨਾਰੀ ਕੇਂਦਰਿਤ ਲੋਕਗੀਤਾਂ ਨੂੰ ਲੋਕ-ਸਾਹਿਤ ਦਾ ਅਮੀਰ ਅੰਗ ਮੰਨਿਆ ਗਿਆ ਹੈ। ਸਮਾਜ, ਪਰਿਵਾਰਕ ਝਗੜੇ, ਦੂਜੇ ਰਾਜਾਂ ਨਾਲ ਲੜਾਈਆਂ, ਪਿਆਰ, ਵਿਆਹ ਸਮੇਤ ਅੰਧਵਿਸ਼ਵਾਸਾਂ ਨਾਲ ਜੁੜੇ ਮੁੱਦਿਆਂ ਨੂੰ ਵੀ ਇਹ ਗੀਤ ਆਪਣੇ ਕਲੇਵਰ ਵਿਚ ਲੈਂਦੇ ਹਨ।

'ਸਿਪਾਹੀਆ', 'ਕੈਂਚੀ', 'ਚੰਨ' ਅਤੇ 'ਮਾਹੀਆ' ਆਦਿ ਪੁਣਛ ਖੇਤਰ ਦੇ ਵਿਸ਼ਵ ਭਰ ਵਿਚ ਪ੍ਰਸਿੱਧ ਹੋਣ ਵਾਲੇ ਲੋਕ-ਕਾਵਿ ਰੂਪਾਂ ਦੀਆਂ ਵੰਨਗੀਆਂ ਹਨ। ਇਨ੍ਹਾਂ ਦਾ ਵਿਸ਼ਾ-ਖੇਤਰ ਸੰਜੋਗ-ਵਿਜੋਗ ਦੇ ਅਹਿਸਾਸ ਅਤੇ ਇਸ ਖੇਤਰ ਦੇ ਯੋਧਿਆਂ ਦੀ ਬਹਾਦਰੀ ਬਣਦਾ ਹੈ। 'ਜਬੂ', 'ਸ਼ਮਸ਼ ਖ਼ਾਨ' ਤੇ 'ਨੂਰਾ' ਪੁਣਛ ਖੇਤਰ ਦੀਆਂ ਪਹਾੜੀਆਂ ਵਿਚ ਸੁਣੇ ਜਾਣ ਵਾਲੇ ਹੋਰ ਮਸ਼ਹੂਰ ਲੋਕਗੀਤ ਹਨ। ਇਹ ਇਲਾਕਾ ਵਰਤਮਾਨ ਸਮੇਂ ਪੱਛਮੀ ਪੰਜਾਬ, ਪਾਕਿਸਤਾਨ ਭਾਵ ਪਾਕਿਸਤਾਨ ਦੇ ਉੱਤਰੀ-ਪੂਰਬੀ ਭਾਗ ਦਾ ਅੰਗ ਹੈ ਅਤੇ ਕਸ਼ਮੀਰ ਘਾਟੀ ਦੇ ਪੱਛਮ ਵੱਲ ਫੈਲਿਆ ਹੋਇਆ ਹੈ।

ਅਟਕ, ਰਾਵਲਪਿੰਡੀ, ਜੇਹਲਮ, ਚਕਵਾਲ ਨਾਂਅ ਵਾਲੇ ਚਾਰ ਜ਼ਿਲ੍ਹਿਆਂ ਵਾਲੇ ਵਰਤਮਾਨ ਪੋਠੋਹਾਰ (ਪਾਕਿਸਤਾਨ) ਦੇ ਇਲਾਕੇ ਵਿਚ ਪ੍ਰਸਿੱਧ ਲੋਕ-ਕਾਵਿ ਰੂਪ 'ਬਾਲੋ ਮਾਹੀਆ' ਨੂੰ ਕੇਵਲ 'ਮਾਹੀਆ' ਵੀ ਕਹਿ ਲਿਆ ਜਾਂਦਾ ਹੈ। ਇਸ ਕਿਸਮ ਦੇ ਗੀਤਾਂ ਵਿਚ ਬਾਲੋ ਨਾਂਅ ਦੀ ਮੁਟਿਆਰ ਵਾਰ-ਵਾਰ ਆਪਣੇ ਪ੍ਰੀਤਮ/ਪ੍ਰੇਮੀ ਨੂੰ 'ਮਾਹੀ' ਕਹਿ ਕੇ ਅਤੇ 'ਢੋਲਾ' ਕਾਵਿ ਰੂਪ ਵਿਚ 'ਢੋਲ' ਕਹਿ ਕੇ ਸੰਬੋਧਿਤ ਹੁੰਦੀ ਹੈ। ਇਸੇ ਤਰ੍ਹਾਂ ਲੋਕ-ਕਾਵਿ ਵੰਨਗੀ 'ਚੰਨ' ਵਿਚ ਬ੍ਰਿਹੋਂ ਕੁੱਠੀ ਨਾਰ/ਮੁਟਿਆਰ ਆਪਣੇ ਪ੍ਰੀਤਮ/ਪ੍ਰੇਮੀ ਨੂੰ 'ਚੰਨ' ਕਹਿ ਕੇ ਵਾਰ-ਵਾਰ ਪੁਕਾਰਦੀ ਹੈ ਅਤੇ ਉਸ ਨੂੰ ਮਿਲਣ ਦੀ ਤਾਂਘ ਪ੍ਰਗਟ ਕਰਦੀ ਹੈ। ਇਨ੍ਹਾਂ ਟੱਪਿਆਂ ਵਿਚ ਚੰਨ ਦੇ ਨਾਲ ਆਇਆ 'ਮਾਹੜਾ' ਤੇ 'ਮਹਾੜਾ' ਲਫ਼ਜ਼ ਪੋਠੋਹਾਰ ਦੇ ਇਲਾਕੇ ਵਿਚ 'ਮੇਰਾ' ਲਈ ਵਰਤਿਆ ਜਾਂਦਾ ਹੈ। ਇਸ ਪ੍ਰਸੰਗ ਵਿਚ 'ਚੰਨ ਮਾਹੜਿਆ' ਦੇ ਅਰਥ 'ਚੰਨ ਮੇਰਿਆ' ਬਣ ਜਾਂਦੇ ਹਨ। ਇਉਂ 'ਚੰਨ' ਦੇ ਟੱਪੇ ਉਸ ਨਾਰੀ ਦੀ ਸਿਰਜਣਾ ਹਨ ਜੋ ਭਰ-ਜਵਾਨੀ ਵਿਚ ਆਪਣੇ ਪਿਆਰੇ ਨਾਲੋਂ ਵਿੱਛੜੇ ਹੋਣ ਦਾ ਸੰਤਾਪ ਭੋਗਦੀ ਹੈ ਤੇ ਆਪਣੇ ਦਿਲ ਦੇ ਭਾਵਾਂ ਨੂੰ ਇਸ ਲੋਕ-ਕਾਵਿ ਰੂਪ ਵਿਚ ਪ੍ਰਗਟ ਕਰਦੀ ਹੈ। ਵਿਛੋੜੇ ਦੇ ਤੀਰ ਨਾਲ ਵਿੰਨ੍ਹੀ ਉਹ ਮੁਟਿਆਰ ਆਪਣੇ 'ਚੰਨ' ਮਾਹੀ ਨਾਲ ਪੁਨਰ-ਮਿਲਾਪ ਲਈ ਜਲ ਵਿਹੂਣੀ ਮੱਛੀ ਵਾਂਗ ਤੜਫ਼ਦੀ ਹੋਈ ਵਿਰਲਾਪ ਕਰਦੀ ਹੈ। ਹੇਠ ਲਿਖਤ ਨਮੂਨੇ ਵਿਚ ਮੁਟਿਆਰ ਦੇ ਜਜ਼ਬੇ ਪ੍ਰਦੇਸੀ ਪ੍ਰੀਤਮ ਦੀ ਤਰਸਯੋਗ ਦਸ਼ਾ ਦਾ ਚਿੱਤਰਨ ਕਰਦੇ ਹਨ :-

– ਚੰਨ ਮਾਹੜਿਆ ਪ੍ਰਦੇਸੀਆਂ ਦੀ ਕੀ ਵੇ ਨਿਸ਼ਾਨੀ



ਮੈਲੇ ਮੈਲੇ ਕੱਪੜੇ ਤੇ ਟੋਰ ਨਿਮਾਣੀ,
ਗਏ ਪ੍ਰਦੇਸੀਆ ਚੰਨਾ ਰੱਬ ਮੇਲੇ।

ਡਾ. ਵਣਜਾਰਾ ਬੇਦੀ ਲੋਕਧਾਰਾ ਵਿਸ਼ਵਕੋਸ਼ ਵਿਚ ਇਸ ਕਾਵਿ ਰੂਪ ਦੇ ਮੁੱਢ ਬਾਰੇ ਪ੍ਰਚਲਤ ਦੰਦ-ਕਥਾ ਸਾਂਝੀ ਕਰਦੇ ਹਨ। ਪੁਣਛ ਦੇ ਨੇੜੇ ਮੁਜ਼ੱਫਰਾਬਾਦ ਵੱਲ ਜਾਂਦਿਆਂ ਰਸਤੇ ਵਿਚ ਇਕ ਪਹਾੜ ਆਉਂਦਾ ਹੈ। ਉਸ ਪਹਾੜ ਨੂੰ ਲੋਕ 'ਗੰਗਾ ਚੋਟੀ' ਦੇ ਨਾਂ ਨਾਲ ਜਾਣਦੇ ਹਨ। ਉਸ ਪਹਾੜ ਦੇ ਕੋਲ ਇਕ ਮੁਟਿਆਰ ਆਪਣੀ ਜਵਾਨੀ ਦੀ ਅਵਸਥਾ ਵਿਚ ਭੇਡਾਂ-ਬੱਕਰੀਆਂ ਚਾਰਨ ਜਾਇਆ ਕਰਦੀ ਸੀ। ਉਸੇ ਥਾਂ 'ਤੇ ਉਸੇ ਇਲਾਕੇ ਦਾ ਇਕ ਜਵਾਨ ਆਜੜੀ ਵੀ ਆਪਣੇ ਪਸ਼ੂਆਂ ਨੂੰ ਚਰਾਉਣ ਜਾਂਦਾ ਸੀ। ਅਕਸਰ ਮਿਲਦੇ ਰਹਿਣ ਕਾਰਨ ਦੋਵਾਂ ਦਾ ਪਿਆਰ ਪੈ ਗਿਆ। ਕੁਦਰਤਨ ਅਜਿਹੇ ਹਾਲਾਤ ਪੈਦਾ ਹੋ ਗਏ ਕਿ ਘਰ ਦੀ ਮੰਦੀ ਆਰਥਿਕਤਾ ਕਾਰਨ ਉਸ ਗੱਭਰੂ ਨੂੰ ਪਹਿਲੇ ਵਿਸ਼ਵ ਯੁੱਧ ਦੇ ਸਮੇਂ ਫ਼ੌਜ ਵਿਚ ਭਰਤੀ ਹੋਣਾ ਪੈ ਗਿਆ। ਫ਼ੌਜ ਵਿਚ ਭਰਤੀ ਹੋਣ ਕਾਰਨ ਦੋਵਾਂ ਦਾ ਮਿਲਣਾ ਬੰਦ ਹੋ ਗਿਆ। ਪਿਆਰੇ ਦੀ ਦੂਰੀ ਕਰਕੇ ਉਸ ਮੁਟਿਆਰ ਦਾ ਕਿਤੇ ਜੀਅ ਨਾ ਲਗਦਾ। ਬ੍ਰਿਹੋਂ ਦੀ ਮਾਰ ਝੱਲਦੀ ਉਹ ਇੱਧਰ-ਉੱਧਰ ਭਟਕਦੀ ਫਿਰਦੀ। ਆਪਣੇ ਚੰਨ ਦੀ ਜੁਦਾਈ ਦੇ ਦੁੱਖ ਨੂੰ ਰੁਦਨਮਈ ਬੋਲਾਂ ਰਾਹੀਂ ਅਲਾਪਦੀ। ਉਨ੍ਹਾਂ ਕਾਵਿ-ਟੁਕੜੀਆਂ ਵਿਚ ਆਉਂਦਾ 'ਚੰਨ' ਦਾ ਜ਼ਿਕਰ ਮਨ ਦੀ ਭਟਕਣਾ ਅਤੇ ਬਿਹਬਲਤਾ ਨੂੰ ਪ੍ਰਗਟ ਕਰਦਾ ਹੈ :

– ਚੰਨ ਮਾਹੜਿਆ ਬਣਾਂ ਵਿਚ ਬੋਲਦੀ ਏ ਟੋਟਰ (ਟਟੀਹਰੀ)
ਨਿੱਕਾ ਜਿਹਾ ਚੰਨ ਮਹਾੜਾ ਫ਼ੌਜ ਵਿਚ ਨੌਕਰ,
ਗਏ ਪ੍ਰਦੇਸੀਆ ਚੰਨਾ, ਕਿਹੜੇ ਦੇਸ ਏਂ,
–ਚੰਨ ਮਾਹੜਿਆ ਬਣਾਂ ਵਿਚ ਬੋਲਦੀ ਆ ਕਾਗਣੀ
ਸੁੱਖਾਂ ਵਾਲੀ ਸੁੱਤੀ ਏ ਤੇ ਦੁੱਖਾਂ ਵਾਲੀ ਜਾਗਣੀ,
ਗਏ ਪ੍ਰਦੇਸੀਆ ਚੰਨਾ ਵੇ ਰੱਬ ਮੇਲੇ।

ਖੇਤਰੀ ਕਾਰਜ ਦੌਰਾਨ ਇਕ ਵਾਰ ਅਜਿਹੇ ਵੀ ਭਾਵਾਂ ਵਾਲਾ ਲੰਮਾ ਡੋਗਰੀ ਲੋਕਗੀਤ 'ਚੰਨ ਮਾੜ੍ਹਾ ਚੜ੍ਹਿਆ' ਸੁਣਨ ਨੂੰ ਮਿਲਿਆ। ਰੂਪਕ ਪੱਖੋਂ ਭਾਵੇਂ ਇਹ ਪੁਣਛੀ 'ਚੰਨ' ਨਾਲ ਮੇਲ ਨਹੀਂ ਖਾਂਦਾ ਪ੍ਰੰਤੂ ਵਿਸ਼ੇ-ਵਸਤੂ ਦੇ ਪੱਖ ਤੋਂ ਉਸ ਵਿਚ ਕਾਫ਼ੀ ਸਾਂਝ ਨਜ਼ਰ ਆਈ। ਉਸ ਲੋਕਗੀਤ ਦੇ ਪਾਠ ਦਾ ਇਕ ਬੰਦ ਇਥੇ ਪਾਠਕਾਂ ਦੀ ਨਜ਼ਰ ਹੈ :-

ਚੰਨ ਮ੍ਹਾੜਾ ਚੜ੍ਹਿਆ ਓ ਉੂਪਰ ਰਾਜੌਰੀਆ
ਬਨੀ ਜਾਇਆ ਪਖਰੂ ਤੇ ਮਿਲੀ ਜਾਇਆਂ ਚੋਰੀਆ
ਮਿਲਨਾ ਜ਼ਰੂਰ ਮੇਰੀ ਜਾਨ ਓ,
ਬੜਾ ਕਿ ਬਸੋਸ (ਅਫ਼ਸੋਸ) ਮੇਰੀ ਜਾਨ ਓ।

ਕਹਿੰਦੇ ਨੇ ਯੁੱਧ ਵਿਚ ਉਹ ਜਵਾਨ ਸ਼ਹੀਦ ਹੋ ਗਿਆ। ਇਸ ਦਰਦਨਾਕ ਘਟਨਾ ਦੀ ਖ਼ਬਰ ਜਦੋਂ ਉਸ ਆਜੜਨ ਮੁਟਿਆਰ ਨੂੰ ਮਿਲਦੀ ਹੈ ਤਾਂ ਉਹ ਉਸ ਜਵਾਨ ਦੇ ਗ਼ਮ ਵਿਚ ਪਾਗਲ ਹੋ ਜਾਂਦੀ ਹੈ। ਉਸ ਗੱਭਰੂ ਦੇ ਸਦੀਵੀ ਵਿਛੋੜੇ 'ਤੇ ਯੁਵਤੀ ਨੇ ਜਿਹੜੇ ਵੈਣ-ਕੀਰਨੇ ਪਾਏ, ਉਹ ਸਮਾਂ ਪਾ ਕੇ 'ਚੰਨ' ਦੇ ਨਾਂ ਨਾਲ ਪਛਾਣ ਬਣਾ ਗਏ। ਉਸ ਵਿਯੋਗਣ ਮੁਟਿਆਰ ਵਲੋਂ ਵਿਸ਼ੇਸ਼ ਸੁਰ-ਲੈਅ ਵਿਚ ਗਾਏ ਹਰ ਵੇਦਨਾਮਈ ਬੋਲ ਵਿਚ ਆਪਣੇ ਪ੍ਰੇਮੀ ਨੂੰ 'ਚੰਨ' ਸ਼ਬਦ ਨਾਲ ਸੰਬੋਧਿਤ ਹੋਣ ਕਾਰਨ ਵੀ ਇਸ ਲੋਕ-ਕਾਵਿ ਰੂਪ ਦਾ ਨਾਂ 'ਚੰਨ' ਪੈ ਗਿਆ। ਇਹ ਮਾਹੀਏ ਨਾਲ ਮਿਲਦਾ ਜੁਲਦਾ ਲੋਕ-ਕਾਵਿ ਰੂਪ ਹੈ ਕਿਉਂਕਿ ਦੋਹਾਂ ਕਾਵਿ ਰੂਪਾਂ ਦੇ ਕਈ ਟੱਪਿਆਂ ਵਿਚ 'ਚੰਨ' ਅਤੇ 'ਮਾਹੀ' ਦੇ ਸੰਬੋਧਨੀ ਸ਼ਬਦਾਂ ਤੋਂ ਬਿਨਾਂ ਹੋਰ ਕੋਈ ਅੰਤਰ ਨਹੀਂ ਹੈ :

ਚੰਨ : – ਕਟੋਰਾ ਕਾਂਸੀ ਦਾ
ਤੇਰੀ ਜੁਦਾਈ ਵੇ ਚੰਨਾ,
ਜਿਵੇਂ ਝੂਟਾ ਫਾਂਸੀ ਦਾ।
–ਦੋ ਪੱਤਰ ਅਨਾਰਾਂ ਦੇ
ਸਾਡੀ ਗਲੀ ਆ ਚੰਨ ਵੇ,
ਦੁੱਖ ਟੁੱਟਣ ਬਿਮਾਰਾਂ ਦੇ।
ਮਾਹੀਆ :
–ਕਟੋਰਾ ਕਾਂਸੀ ਦਾ
ਤੇਰੀ ਵੇ ਜੁਦਾਈ ਮਾਹੀਆ
ਜਿਵੇਂ ਝੂਟਾ ਫਾਂਸੀ ਦਾ।
–ਦੋ ਪੱਤਰ ਅਨਾਰਾਂ ਦੇ
ਸਾਡੀ ਗਲੀ ਆ ਮਾਹੀਆ
ਦੁੱਖ ਟੁੱਟਣ ਬਿਮਾਰਾਂ ਦੇ।

ਕਈ ਮਾਹੀਏ ਦੇ ਟੱਪਿਆਂ ਵਿਚ ਮਾਹੀਏ ਨੂੰ 'ਚੰਨ' ਸ਼ਬਦ ਨਾਲ ਬੁਲਾ ਕੇ ਉਸ ਨਾਲ ਕਾਵਿਕ ਸੰਵਾਦ ਰਚਾਇਆ ਗਿਆ ਮਿਲਦਾ ਹੈ। ਅਜਿਹੇ ਟੱਪਿਆਂ ਵਿਚ 'ਚੰਨ' ਅਤੇ 'ਮਾਹੀਆ' ਕਾਵਿ ਰੂਪ ਦੀ ਵੱਖਰੀ ਪਛਾਣ ਇਉਂ ਹੁੰਦੀ ਹੈ ਕਿ 'ਚੰਨ' ਦੇ ਟੱਪਿਆਂ ਵਿਚ ਵਿਛੋੜੇ ਦੇ ਅਹਿਸਾਸ ਦਾ ਪ੍ਰਗਟਾਵਾ ਲਾਜ਼ਮੀ ਹੁੰਦਾ ਹੈ

(ਬਾਕੀ ਸਫ਼ਾ 31 'ਤੇ)

# ਭਾਰਤ ਦੇ ਪੇਂਡੂ ਖੇਤਰ ਨੂੰ ਦਰਪੇਸ਼ ਆਰਥਿਕ ਸਮੱਸਿਆਵਾਂ



ਸਾਡਾ ਸਮਾਜ
ਰਣਜੀਤ ਸਿੰਘ ਕੁਕੀ



ਸਰਕਾਰ ਦੇ ਸ੍ਰੋਤਾਂ ਅਨੁਸਾਰ ਭਾਰਤ ਪੇਂਡੂ ਖੇਤਰ ਵਿਚ ਅਗਲੇ ਵਿੱਤੀ ਵਰ੍ਹੇ ਵਿਚ ਪੰਜਾਹ ਪ੍ਰਤੀਸ਼ਤ ਤੱਕ ਵਧਾ ਸਕਦਾ ਹੈ। ਸਰਕਾਰ ਨੇ ਇਸ ਵਿੱਤੀ ਵਰ੍ਹੇ ਲਈ ਪੇਂਡੂ ਵਿਕਾਸ ਲਈ 1.36 ਟ੍ਰਿਲੀਅਨ ਰੁਪਏ ਜਾਰੀ ਕੀਤੇ ਸਨ ਪਰ ਇਸ ਵਿਚ ਵਾਧਾ 1.60 ਟ੍ਰਿਲੀਆਨ ਰੁਪਏ ਤੱਕ ਦਾ ਹੋ ਸਕਦਾ ਹੈ ਤਾਂ ਕਿ ਪੇਂਡੂ ਖੇਤਰ ਦਾ ਵਿਕਾਸ ਕੀਤਾ ਜਾ ਸਕੇ। ਵਧਦੀਆਂ ਕੀਮਤਾਂ ਅਤੇ ਬੇਰੁਜ਼ਗਾਰੀ ਕਰਕੇ ਪੇਂਡੂ ਖੇਤਰ ਨੂੰ ਕਾਫੀ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਕਰਕੇ ਜਿਆਦਾ ਤੋਂ ਜਿਆਦਾ ਲੋਕ ਮਨਰੇਗਾ ਤਹਿਤ ਆਪਣਾ ਪੰਜੀਕਰਨ ਕਰਵਾ ਰਹੇ ਹਨ। ਭਾਰਤੀ ਆਰਥਿਕਤਾ ਨੂੰ ਮਾਪਣ ਵਾਲੇ ਕੇਂਦਰ ਅਨੁਸਾਰ ਇਸ ਵਿੱਤੀ ਵਰ੍ਹੇ ਵਿਚ ਜਿਆਦਾਤਰ ਮਹੀਨੇ ਬੇਰੁਜ਼ਗਾਰੀ ਦੀ ਦਰ ਸੱਤ ਪ੍ਰਤੀਸ਼ਤ ਤੋਂ ਜਿਆਦਾ ਰਹੀ ਹੈ। ਮੋਦੀ ਸਰਕਾਰ ਦਾ ਮਿਸ਼ਰਿਤ ਆਰਥਿਕਤਾ ਚਲਾਉਣ ਦਾ ਰਿਕਾਰਡ ਰਿਹਾ ਹੈ ਅਤੇ ਉਸ ਦੀ ਬੇਰੁਜ਼ਗਾਰੀ ਕਰਕੇ ਆਲੋਚਨਾ ਹੋ ਰਹੀ ਹੈ। ਬੇਰੁਜ਼ਗਾਰੀ ਜਾਂ ਨੌਕਰੀਆਂ ਦੀ ਘਾਟ ਦਾ ਮੁੱਦਾ ਸਰਕਾਰ ਦੇ ਗਲੇ ਦੀ ਹੱਡੀ ਬਣ ਸਕਦਾ ਹੈ। ਭਾਰਤੀ ਆਰਥਿਕਤਾ ਨੂੰ ਮਾਪਣ ਵਾਲੇ ਕੇਂਦਰ ਅਨੁਸਾਰ ਇਸ ਵਿੱਤੀ ਵਰ੍ਹੇ ਅਗਸਤ ਵਿਚ ਬੇਰੁਜ਼ਗਾਰੀ ਦੀ ਦਰ 8.3 ਪ੍ਰਤੀਸ਼ਤ ਪਹੁੰਚ ਗਈ ਹੈ ਅਤੇ ਬੇਰੁਜ਼ਗਾਰਾਂ ਦੀ ਗਿਣਤੀ 394.6 ਮਿਲੀਅਨ ਤੱਕ।

ਭਾਰਤ ਵਿਚ ਪੇਂਡੂ ਬੇਰੁਜ਼ਗਾਰੀ ਦੀ ਦਰ ਲੇਟ ਮਾਨਸੂਨ ਕਰਕੇ ਥੋੜੀ ਘਟੀ ਹੈ ਕਿਉਂਕਿ ਮਾਨਸੂਨ ਦੇ ਅੰਤ ਤੱਕ ਖੇਤੀ ਖੇਤਰ ਦੀਆਂ ਗਤੀਵਿਧੀਆਂ ਵਿਚ ਵਾਧਾ ਹੋ ਗਿਆ ਸੀ ਅਤੇ ਇਹ ਸਪੱਸ਼ਟ ਨਹੀਂ ਹੈ ਕਿ ਆਉਣ ਵਾਲੇ ਮਹੀਨਿਆਂ ਵਿਚ ਸ਼ਹਿਰੀ ਖੇਤਰ ਵਿਚ ਬੇਰੁਜ਼ਗਾਰੀ ਦੀ ਕੀ ਸਥਿਤੀ ਰਹੇਗੀ। ਇਸ ਵਰ੍ਹੇ ਮਾਰਚ ਵਿਚ ਸਰਕਾਰ ਨੇ ਆਉਣ ਵਾਲੇ ਅਠਾਰਾਂ ਮਹੀਨਿਆਂ ਵਿਚ ਦਸ ਲੱਖ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ। ਸਰਕਾਰ ਦੁਆਰਾ ਸੰਸਦ ਨੂੰ ਦਿੱਤੇ ਗਏ ਡਾਟੇ ਅਨੁਸਾਰ ਕੇਂਦਰੀ ਸਰਕਾਰ ਵਿਚ 4.04 ਮਿਲੀਅਨ ਮਨਜ਼ੂਰਸ਼ੁਦਾ ਨੌਕਰੀਆਂ ਹਨ ਜਿਸ ਵਿਚ ਸਿਰਫ 3.06 ਮਿਲੀਅਨ ਕਰਮਚਾਰੀ ਕੰਮ ਕਰਦੇ ਹਨ। ਭਾਰਤ ਦਾ ਪ੍ਰਧਾਨ ਮੰਤਰੀ ਆਪਣੀ ਮਜਬੂਤ ਛਵੀ ਬਣਾਈ ਰੱਖਣ ਵਿਚ ਹੀ ਮਸ਼ਗੂਲ ਹੈ, ਪਰ ਵਿਵਾਦਗ੍ਰਸਤ ਖੇਤੀ ਕਾਨੂੰਨਾਂ ਦੇ ਮੁੱਦੇ ਉੱਪਰ ਉਸ ਨੂੰ ਵੀ ਯੂ-ਟਰਨ ਲੈਣਾ ਪਿਆ ਸੀ ਜਿਸ ਨੂੰ ਜਨਤਕ ਨੀਤੀ ਦੀ ਅਸਫਲਤਾ ਮੰਨਿਆ ਜਾਂਦਾ ਹੈ। 2014 ਤੋਂ ਬਾਅਦ ਇਹ ਉਸ ਦੀ ਸਰਕਾਰ ਦੁਆਰਾ ਲਿਆ ਪਹਿਲਾ ਅਜਿਹਾ ਫੈਸਲਾ ਸੀ ਜਿਸ ਨੂੰ ਵਾਪਿਸ ਲਿਆ ਗਿਆ। ਸ਼ਾਇਦ ਇਸ ਤੋਂ ਉਸ ਨੇ ਵੀ ਸਿੱਖਿਆ ਕਿ ਉਸ ਦੀ ਮਜਬੂਤ ਨੇਤਾ ਵਾਲੀ ਛਵੀ ਵਿਚ ਵੀ ਬਹੁਤ ਕਮਜ਼ੋਰੀਆਂ ਹਨ। ਦੱਖਣੀ ਏਸ਼ੀਆ ਵਿਚ ਏਸ਼ੀਆ ਸੁਸਾਇਟੀ ਪਾਲਿਸੀ ਸੰਸਥਾ ਦੇ ਨਿਰਦੇਸ਼ਕ ਅਖਿਲ ਬੇਰੀ ਦਾ ਮੰਨਣਾ ਹੈ ਕਿ ਇਹ ਸਰਕਾਰ ਦੀ ਪਹਿਲੀ ਜਨਤਕ ਨੀਤੀ ਅਸਫਲਤਾ ਨਹੀਂ ਸੀ, ਹਾਲਾਂਕਿ ਇਸ ਵਿਚ ਸਰਕਾਰ ਨੂੰ ਆਪਣਾ ਕਦਮ ਪਿੱਛੇ ਖਿੱਚਣਾ ਪਿਆ। ਸੀਐਨਬੀਸੀ ਨਾਲ ਗੱਲਬਾਤ ਦੌਰਾਨ ਉਸ ਨੇ ਦੱਸਿਆ ਕਿ ਖੇਤੀ ਮਸਲਿਆਂ ਵਿਚ ਰਾਜਨੀਤਿਕ ਖੋਲ ਉਸ ਦੀ ਸੱਤਾ ਦੀਆਂ ਸੀਮਤਾਈਆਂ ਨੂੰ ਦਿਖਾਉਂਦੀ ਹੈ।

ਮੋਦੀ ਸਰਕਾਰ ਦੀ ਸੱਤਾ ਨੀਤੀ ਦਾ ਸੰਕੇਤ ਕਾਰਜਪਾਲਿਕਾ ਸ਼ਕਤੀਆਂ ਦੀ ਵਰਤੋਂ ਕਰਨਾ ਹੈ ਜਿਸ ਵਿਚ ਜਨਤਕ ਬਹਿਸ ਨੂੰ ਇਸ ਦਾ ਹਿੱਸਾ ਨਹੀਂ ਬਣਾਇਆ ਜਾਂਦਾ। ਇਸ ਤਰਾਂ ਦੀ ਸਥਿਤੀ ਵਿਚ ਸਫਲਤਾ ਦੀਆਂ ਵੀ ਘੱਟ ਸੰਭਾਵਨਾਵਾਂ ਹੁੰਦੀਆਂ ਹਨ। ਭਾਵੇਂ ਮੁੱਦਾ ਖੇਤੀ ਖੇਤਰ ਨਾਲ ਸੰਬੰਧਿਤ ਹੋਵੇ ਜਾਂ ਨਾਗਰਿਕਤਾ ਕਾਨੂੰਨ ਨਾਲ, ਸਰਕਾਰ ਨੂੰ ਆਪਣੀਆਂ ਨੀਤੀਆਂ ਉੱਪਰ ਮੁੜ ਵਿਚਾਰ ਕਰਨਾ ਪਿਆ ਹੈ। ਇਸ ਤਰਾਂ ਦੇ ਕਦਮਾਂ ਦਾ ਨਤੀਜਾ ਉਸ ਸਮੇਂ ਸਾਹਮਣੇ ਆ ਸਕਦਾ ਹੈ ਜਦੋਂ ਪ੍ਰਧਾਨ ਮੰਤਰੀ ਗੁਜਰਾਤ ਅਤੇ ਹਿਮਾਚਲ ਦੀਆਂ ਚੋਣਾਂ ਵਿਚ ਆਪਣੀ ਪਾਰਟੀ ਦਾ ਪ੍ਰਚਾਰ ਕਰਨ ਵਿਚ ਰੁੱਝਿਆ ਹੋਇਆ ਹੈ। ਪਰ ਇਨ੍ਹਾਂ ਸਭ ਪੱਖਾਂ ਦੇ ਬਾਵਜੂਦ ਮੋਦੀ ਦੀ ਲੋਕਪ੍ਰਿਯਤਾ ਅਜੇ ਵੀ ਸਿਖਰ 'ਤੇ ਹੈ ਅਤੇ ਉਸ ਦਾ ਭਾਰਤ ਵਿਚ ਮਜਬੂਤ ਅਧਾਰ ਹੈ। ਕਾਰਨੇਗੀ ਅਨਡੋਅਮੈਂਟ ਫਾਰ ਇੰਟਰਨੈਸਨਲ ਪੀਸ ਦੇ ਮਿਲਾਨ ਵੈਸ਼ਨਵ ਅਨੁਸਾਰ ਮੋਦੀ ਇਕ ਕੁਸ਼ਲ ਨੇਤਾ ਹੈ ਜੋ ਕਿ ਆਪਣੀ ਛਵੀ ਨੂੰ ਮੁੜ ਪ੍ਰਭਾਸ਼ਿਤ ਕਰਨਾ ਜਾਣਦਾ ਹੈ। ਉਸ ਦੀ ਸਫਲਤਾ ਦਾ ਇਕ ਵੱਡਾ ਕਾਰਨ ਦੇਸ਼ ਵਿਚ ਵੰਡੀ ਹੋਈ ਵਿਰੋਧੀ ਧਿਰ ਵੀ ਹੈ ਜੋ ਕਿ ਸਰਕਾਰ ਦੀਆਂ ਅਸਫਲਤਾਵਾਂ ਦੇ ਬਾਵਜੂਦ ਵੀ ਉਸ ਨੂੰ ਕਟਹਿਰੇ ਵਿਚ ਨਹੀਂ ਖੜ੍ਹਾ ਕਰ ਪਾਈ ਹੈ।ਇਕ ਗੱਲ ਸਪੱਸ਼ਟ ਹੈ ਕਿ ਮੌਜੂਦਾ ਸਮੇਂ ਚੱਲ ਰਹੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਵੀ ਮੋਦੀ ਨੇ ਆਪਣਾ ਗਰਮ ਰਵੱਈਆ ਬਦਲਿਆ ਨਹੀਂ ਹੈ। ਸਰਕਾਰ ਚਲਾਉਣ ਦੇ ਇਸ ਢੰਗ ਨੂੰ ਉਨ੍ਹਾਂ ਨੇ ਪਹਿਲਾਂ ਗੁਜਰਾਤ ਵਿਚ ਵਰਤ ਕੇ ਦੇਖਿਆ ਹੈ। ਸੰਗਠਨ ਜਾਂ ਖਿੰਡੀ ਹੋਈ ਸੱਤਾ ਇਸ ਸਰਕਾਰ ਦਾ ਢੰਗ ਨਹੀਂ ਹੈ।

# ਅਜੋਕਾ ਸਿੱਖ ਚਿੰਤਨ, ਲਿਖਾਰੀ ਤੇ ਕਥਾਵਾਚਕ ਚਿੰਤਨ



ਪ੍ਰਭਸ਼ਰਨਦੀਪ ਸਿੰਘ

ਗੁਰਬਾਣੀ ਅਤੇ ਸਿੱਖੀ ਦੀਆਂ ਵਿਆਖਿਆ ਪ੍ਰਣਾਲੀਆਂ ਸਦਾ ਹੀ ਸਿੱਖਾਂ ਦਾ ਮੂਲ ਸਰੋਕਾਰ ਰਹੀਆਂ ਹਨ। ਉੱਨ੍ਹੀਵੀਂ ਸਦੀ ਦੇ ਮਗਰਲੇ ਦਹਾਕਿਆਂ ਤੱਕ ਵਿਆਖਿਆ ਪ੍ਰਣਾਲੀਆਂ ਦਾ ਮੁੱਦਾ ਅਜਿਹੇ ਮਸਲੇ ਦੇ ਤੌਰ 'ਤੇ ਨਹੀਂ ਸੀ ਲਿਆ ਜਾਂਦਾ ਜਿਸ ਦਾ ਕਿ ਫ਼ੌਰੀ ਹੱਲ ਕੀਤੇ ਜਾਣ ਦੀ ਲੋੜ ਸੀ। ਨਿਹੰਗ ਸਿੰਘਾਂ ਦੇ ਰੂਪ ਵਿਚ ਖ਼ਾਲਸੇ ਦੀ ਗੁਰਬਾਣੀ ਅਤੇ ਸਿੱਖੀ ਪ੍ਰਤੀ ਪਹੁੰਚ, ਜੋ ਕਿ ਲਿਖਤਾਂ ਨਾਲੋਂ ਅਮਲ ਵਿਚ ਵਧੇਰੇ ਸ਼ਿੱਦਤ ਨਾਲ ਪ੍ਰਗਟ ਹੋ ਰਹੀ ਸੀ, ਨਿਰਮਲਾ ਅਤੇ ਉਦਾਸੀ ਆਦਿਕ ਬਾਕੀ ਵਿਆਖਿਆ ਪ੍ਰਣਾਲੀਆਂ ਨਾਲ ਇਕ ਚੰਗੇ ਸਹਿਚਾਰ ਦਾ ਪ੍ਰਮਾਣ ਦੇ ਰਹੀ ਸੀ। ਗੁਰਬਾਣੀ ਦੇ ਬਹੁ-ਅਰਥੀ ਪਸਾਰਾਂ ਨੂੰ ਸਿੱਖਾਂ ਦੇ ਅਨੁਭਵ ਵਿਚ ਇਕ ਅਜਿਹੀ ਥਾਂ ਪ੍ਰਾਪਤ ਸੀ, ਕਿ ਸਹਿਜ ਦੀਆਂ ਪਰਤਾਂ ਦੇ ਬਦਲਵੇਂ ਪਸਾਰ ਖ਼ਾਲਸੇ ਦੀ ਹਸਤੀ ਨੂੰ ਚੁਣੌਤੀ ਦੀ ਬਜਾਏ, ਉਸਦੇ ਆਪੇ ਨੂੰ ਸਫ਼ਰ ਦੇ ਅਨੇਕ ਪੜਾਵਾਂ ਵਿਚ ਇੱਕੋ ਵੇਲੇ ਪ੍ਰਗਟ ਹੋ ਰਿਹਾ ਵਿਖਾਉਂਦੇ ਸਨ। ਖ਼ਾਲਸੇ ਦੀ ਧਰਮ ਪ੍ਰਤੀ ਪਹੁੰਚ, ਜੋ ਕਿ ਕੁੱਝ ਵੀ ਹੋ ਸਕਦੀ ਸੀ ਪਰ ਨਿਰੰਕੁਸ਼ ਤੇ ਦਮਨਕਾਰੀ ਨਹੀਂ ਸੀ, ਜ਼ਿੰਦਗੀ ਦੇ ਵਿਗਾਸ ਨਾਲ ਇਕਸੁਰ ਹੋ ਕੇ ਆਪਣਾ ਆਪ ਪ੍ਰਗਟ ਕਰ ਰਹੀ ਸੀ। ਖ਼ਾਲਸੇ ਦੀ ਲਿਖਤ ਵਿਚ ਗ਼ੈਰਹਾਜ਼ਰੀ ਪਰ ਅਮਲ ਦੀ ਸ਼ਿੱਦਤ ਨੇ ਇਸ ਅਨੁਭਵ ਦੀ ਸਾਬਤ ਕਦਮੀ ਕਿਸੇ ਸੋਹਣੇ ਅਹਿਸਾਸ ਵਿਚ ਸੰਭਾਲਕੇ ਰੱਖੀ। ਵਕਤ ਦੇ ਬੀਤਣ ਨਾਲ ਖਾਲਸਾ ਸਿੱਖ ਸੰਸਥਾਵਾਂ ਵਿਚੋਂ ਲਗਭਗ ਗੈਰ ਹਾਜ਼ਰ ਹੋ ਗਿਆ। ਇਸ ਨਾਲ ਸਾਰੇ ਸਮੀਕਰਨ ਬਦਲੇ ਗਏ। ਉੱਨ੍ਹੀਵੀਂ ਸਦੀ ਦੇ ਅਖੀਰ ਵਿਚ ਸਿੱਖਾਂ ਅੰਦਰ ਸ਼ੁਰੂ ਹੋਇਆ ਵਾਰਤਾਲਾਪ ਦਾ ਅਮਲ ਇਸੇ ਹੀ ਵਰਤਾਰੇ ਦੇ ਜੁਆਬ ਵਿਚ ਸੀ। ਉਦੋਂ ਤੋਂ ਲੈ ਕੇ ਅੱਜ ਤੱਕ ਵਾਰਤਾਲਾਪ ਦਾ ਇਹ ਨਵਾਂ ਰੂਪ ਸਿੱਖਾਂ ਨੂੰ ਹਰ ਨਵੇਂ ਦਿਨ ਵੱਖਰੇ ਤਰੀਕੇ ਨਾਲ ਪ੍ਰਭਾਵਿਤ ਕਰ ਰਿਹਾ ਹੈ। ਪਿਛਲੇ ਦੋ ਕੁ ਦਹਾਕਿਆਂ ਦੌਰਾਨ ਇਸਦੀ ਸੁਰ ਵਧੇਰੇ ਤਿੱਖੀ ਤੇ ਤੀਬਰ ਹੋਈ ਹੈ। ਹੱਥਲਾ ਲੇਖ ਇਸ ਵਰਤਾਰੇ 'ਤੇ ਝਾਤ ਪਾਉਣ ਦਾ ਇਕ ਨਿਮਾਣਾ ਜਿਹਾ ਯਤਨ ਹੈ। ਇਸ ਸਬੰਧ ਵਿਚ ਅਜਿਹੀ ਸਥਿਤੀ ਦੇ ਵੇਰਵੇ ਤੋ ਬਾਅਦ ਅਸੀਂ ਇਸ ਵਰਤਾਰੇ ਦੇ ਉਥਾਨ ਤੇ ਵਿਕਾਸ ਬਾਰੇ ਵਿਚਾਰ ਕਰਾਂਗੇ।

ਪਿਛਲੇ ਡੇਢ ਦੋ ਦਹਾਕਿਆਂ ਤੋਂ, ਜਦੋਂ ਤੋਂ ਸਪੋਕਸਮੈਨ ਰਸਾਲਾ ਤੇ ਕਾਲਾ ਅਫ਼ਗ਼ਾਨਾਂ ਦੀਆਂ ਲਿਖਤਾਂ ਸਾਹਮਣੇ ਆਈਆਂ ਹਨ, ਸਿੱਖੀ ਦੀ ਵਿਆਖਿਆ ਵਿਚ ਇਕ ਨਵਾਂ ਰੁਝਾਨ ਸਾਹਮਣੇ ਆਇਆ ਹੈ। ਇਹ ਪਹੁੰਚ ਨਾ ਤਾਂ ਕਿਸੇ ਪੁਰਾਣੀ ਪਰੰਪਰਾ ਨਾਲ ਇਕਸੁਰਤਾ ਵਿਚ ਹੈ, ਨਾ ਹੀ ਇਸਨੇ ਕੋਈ ਨਵਾਂ ਗਿਆਨ ਹਾਸਲ ਕਰਨ ਵੱਲ ਰੁਚੀ ਵਿਖਾਈ ਹੈ। ਇਸ ਪਹੁੰਚ ਵਾਲੇ ਬਹੁਤੇ ਬੰਦੇ ਧਰਮ ਜਾਂ ਫ਼ਲਸਫ਼ੇ ਦੀ ਕਿਸੇ ਵੀ ਪ੍ਰੰਪਰਿਕ ਜਾਂ ਆਧੁਨਿਕ ਵਿੱਦਿਆ ਤੋਂ ਕੋਰੇ ਹਨ। ਇਨ੍ਹਾਂ ਦੀ ਟੇਕ ਤਰਕ ਵਿਗਿਆਨ 'ਤੇ ਹੈ ਜਿਸਦੀ ਬਾਲ-ਬੋਧ ਦੇ ਪੱਧਰ ਦੀ ਜਾਣਕਾਰੀ ਵੀ ਇਨ੍ਹਾਂ ਦੀਆਂ ਲਿਖਤਾਂ ਵਿਚੋਂ ਪ੍ਰਗਟ ਨਹੀਂ ਹੁੰਦੀ। ਇਨ੍ਹਾਂ ਲਿਖਤਾਂ ਵਿਚ ਧਰਮ, ਸੱਭਿਆਚਾਰ, ਬੋਲੀ ਤੇ ਨੈਤਿਕਤਾ ਆਦਿਕ ਬਾਰੇ ਕੁੱਝ ਨਿਰਣੇ ਹਨ, ਜਿਨ੍ਹਾਂ ਦੇ ਅਧਾਰ 'ਤੇ ਹਰ ਗੱਲ ਦੀ ਨਿਰਖ-ਪਰਖ ਕਰਨ ਦੀ ਕੋਸ਼ਿਸ਼ਾਂ ਕੀਤੀ ਜਾਂਦੀ ਹੈ। ਜਿਸ ਗਿਆਨ ਰਾਹੀਂ ਇਹ ਸਾਰਾ ਮੁਹਾਵਰਾ ਸਥਾਪਤ ਕਰਨ ਦੀ ਕੋਸ਼ਿਸ਼ਾਂ ਕੀਤੀ ਜਾ ਰਹੀ ਹੈ, ਅਸੀਂ ਇਹ ਵਿਚਾਰ ਕਰਨੀ ਹੈ ਕਿ ਉਹ ਗਿਆਨ ਅਸਲ ਵਿਚ ਕੀ ਹੈ ? ਉਹ ਗਿਆਨ ਕਿਹੜੀ ਪਰੰਪਰਾ ਨਾਲ ਸਬੰਧਿਤ ਹੈ ? ਉਸ ਗਿਆਨ ਨੂੰ ਇੱਕ ਬ੍ਰਹਿਮੰਡੀ ਪੱਧਰ ਦਾ ਅੰਤਮ ਸੱਚ ਬਣਾਕੇ ਪੇਸ਼ ਕਰਨ ਦੀ ਕੀ ਤੁਕ ਬਣਦੀ ਹੈ ? ਸਾਰਿਆਂ ਤੋ ਵੱਡੀ ਗੱਲ, ਇਸ ਗਿਆਨ ਦੇ ਕਥਿਤ ਅਲੰਬਰਦਾਰਾਂ ਨੂੰ ਅਸਲ ਵਿਚ ਇਸ ਦਾ ਕਿੰਨਾ ਕੁ ਪਤਾ ਹੈ ? ਇਹ ਕੁਝ ਸਵਾਲ ਹਨ, ਜਿਨ੍ਹਾਂ ਵੱਲ ਧਿਆਨ ਦਿਵਾਉਣਾ ਇਸ ਲੇਖ ਦਾ ਮਕਸਦ ਹੈ।

ਇਹ ਗਿਆਨ ਜੋ ਕਿ ਆਧੁਨਿਕਤਾਵਾਦ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਅੰਗਰੇਜ਼ ਦੇ ਨਾਲ ਸਾਡੀ ਧਰਤੀ ਤੇ ਆਇਆ। ਯੂਰਪ ਦੇ ਐਨਲਾਈਟਨਮੈਂਟ ਫ਼ਲਸਫ਼ੇ ਤੇ ਅਧਾਰਿਤ ਇਸ ਤਰਕਵਾਦੀ ਪਹੁੰਚ ਪਿੱਛੇ ਜ਼ਿੰਦਗੀ ਪ੍ਰਤੀ ਇਕ ਖ਼ਿਆਲ ਸੀ ਜੋ ਕਿ ਈਸਾਈਅਤ ਨੂੰ ਧੁਰਾ ਬਣਾਕੇ ਦੁਨੀਆ ਦੀਆਂ ਸਾਰੀਆਂ ਧਾਰਮਿਕ, ਸੱਭਿਆਚਾਰ ਤੇ ਨਸਲੀ ਪ੍ਰੰਪਰਾਵਾਂ ਨੂੰ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ਾਂ ਕਰ ਰਿਹਾ ਸੀ। ਇਸ ਪਹੁੰਚ ਦਾ ਨਸਲੀ ਪੱਖ ਸਮਝਣਾ ਸਾਰੀ ਸਥਿਤੀ ਦਾ ਸਹੀ ਜਾਇਜ਼ਾ ਲੈਣ ਲਈ ਜ਼ਰੂਰੀ ਹੈ। ਨਸਲੀ ਇਸ ਲਈ ਕਿ ਯੂਰਪੀਨਾਂ ਵੱਲੋਂ ਕੀਤੀਆਂ ਈਸਾਈਅਤ ਦੀਆਂ ਵਿਆਖਿਆਵਾਂ ਅਸਲ ਵਿਚ ਈਸਾਈਅਤ ਦੇ ਨਾਂ 'ਤੇ ਗੋਰੀ ਨਸਲ ਦੀ ਚੌਧਰ ਜਮਾਉਣ ਦਾ ਹੀ ਸਾਧਨ ਸਨ। ਦੂਜੇ ਸ਼ਬਦਾਂ ਵਿਚ ਯੂਰਪੀ ਫ਼ਲਸਫ਼ੇ ਤਹਿਤ ਕੀਤੀ ਗਈ ਈਸਾਈਅਤ ਜਾਂ ਕਹਿ ਲਓ ਧਰਮ ਦੀ ਵਿਆਖਿਆ ਅਸਲ ਵਿਚ ਯੂਰਪ ਦੀ ਸਾਮਰਾਜੀ ਬਿਰਤੀ ਦੀ ਪੈਦਾਇਸ਼ ਜਿਸ ਵਿਚ ਆਪਣੀ ਨਸਲ ਨਾਲ ਸਨਕੀ ਕਿਸਮ ਦੇ ਲਗਾਅ ਦੇ ਨਾਲ ਨਾਲ ਬਾਕੀ ਨਸਲਾਂ ਦੇ ਲੋਕਾਂ ਲਈ ਅੰਨ੍ਹੀ ਨਫ਼ਰਤ ਵੀ ਸੀ। ਇਸ ਲਈ ਜਦ ਯੂਰਪੀਨ ਇਕ ਸਾਮਰਾਜੀ ਤਾਕਤ ਦੇ ਤੌਰ 'ਤੇ ਬਾਹਰ ਨਿਕਲੇ ਤਾਂ ਉਹ ਆਪਣੇ ਮਨਸੂਬਿਆਂ ਦੀ ਪੂਰਤੀ ਲਈ ਇਕ ਵਿਆਖਿਆ ਪ੍ਰਣਾਲੀ ਵੀ ਨਾਲ ਹੀ ਲੈ ਕੇ ਆਏ। ਇਸ ਵਿਆਖਿਆ ਪ੍ਰਣਾਲੀ ਤਹਿਤ ਦਿੱਤੀ ਧਰਮ ਦੀ ਵਿਆਖਿਆ ਨੂੰ ਜੋ ਕਿ, ਅਸਲ ਵਿਚ ਈਸਾਈਅਤ ਦੀ ਵਿਆਖਿਆ ਸੀ, ਇਕ ਪੂਰਨ ਤੇ ਆਖਰੀ ਵਿਆਖਿਆ ਦੇ ਤੌਰ 'ਤੇ ਪੇਸ਼ ਕੀਤਾ ਗਿਆ। ਦੂਜੇ ਧਰਮਾਂ ਦੇ ਲੋਕਾਂ ਸਾਹਮਣੇ ਇਹ ਸ਼ਰਤ ਰੱਖੀ ਗਈ ਕਿ ਉਹ ਆਧੁਨਿਕਤਾਵਾਦ ਦੇ ਮਿਆਰਾਂ ਅਨੁਸਾਰ ਆਪਣੇ ਧਰਮ ਨੂੰ ਧਰਮ ਸਿੱਧ ਕਰਕੇ ਵਿਖਾਉਣ। ਆਧੁਨਿਕਤਾਵਾਦ ਪਿੱਛੇ ਦਲੀਲ ਇਹ ਬਣਾਈ ਗਈ ਕਿ ਇਹ ਇੱਕ ਪ੍ਰਪੱਕ ਵਿਆਖਿਆ ਪ੍ਰਣਾਲੀ ਹੈ ਕਿਉਂਕਿ ਇਹ ਤਰਕ ਆਧਾਰਿਤ ਵਿਗਿਆਨਕ ਪਹੁੰਚ 'ਤੇ ਆਧਾਰਿਤ ਹੈ। ਇਹ ਸੱਚ ਲੁਕੋ ਲਿਆ ਗਿਆ ਕਿ ਇਹ ਯੂਰਪੀਨਾਂ ਦੀਆਂ ਨਸਲਵਾਦੀ ਤੇ ਸਾਮਰਾਜੀ ਬਿਰਤੀਆਂ ਵਿਚੋਂ ਪੈਦਾ ਹੋਈ ਇਕ ਦਾਰਸ਼ਨਿਕ ਪਹੁੰਚ ਜਿਸ ਨੂੰ ਸਥਾਪਿਤ ਕਰਨ ਲਈ ਈਸਾਈਅਤ ਦਾ ਨਾਂ ਬੜੀ ਢੀਠਤਾਈ ਨਾਲ ਵਰਤਿਆ ਗਿਆ ਹੈ। ਸਿੱਖਾਂ ਦੇ ਮਾਮਲੇ ਵਿਚ, ਕਿਉਂਕਿ ਸਿੰਘ ਸਭਾ ਲਹਿਰ ਦੇ ਸੰਚਾਲਿਕਾਂ ਨੂੰ ਇਹ ਗੱਲ ਪਤਾ ਨਹੀਂ ਸੀ ਕਿ ਕਥਿਤ ਤਰਕ ਆਧਾਰਿਤ ਆਧੁਨਿਕ ਪਹੁੰਚ ਪਿੱਛੇ ਅਸਲ ਮਨਸੂਬੇ ਕੀ ਸਨ, ਕਿਉਂਕਿ ਉਹ ਨਹੀਂ ਸਨ ਸਮਝਦੇ ਕਿ ਸਿੱਖੀ ਦੀ ਆਧੁਨਿਕ ਤਰਜ਼ ਦੀ ਵਿਆਖਿਆ ਪੇਸ਼ ਕਰਨ ਲੱਗਿਆਂ ਉਹ ਅਸਲ ਵਿਚ ਇਸ ਦੀ ਰੂਹ ਨਾਲੋਂ ਅਲਹਿਦਗੀ ਵੱਲ ਨੂੰ ਵਧ ਰਹੇ ਸਨ, ਉਨ੍ਹਾਂ ਬੜੇ ਜੋਸ਼-ਖਰੋਸ਼ ਨਾਲ ਆਧੁਨਿਕਤਾਵਾਦੀ ਪਹੁੰਚ ਅਪਣਾਉਣ ਦਾ ਰਾਹ ਫੜਿਆ। ਉਹ ਇਸ ਜਾਲ ਵਿਚ ਫਸ ਗਏ ਕਿ ਆਧੁਨਿਕ ਮਿਆਰ ਬ੍ਰਹਿਮੰਡੀ ਪੱਧਰ ਦੇ ਅੰਤਮ ਮਿਆਰ ਹਨ, ਜਿਨ੍ਹਾਂ ਦਾ ਹੋਰ ਕੋਈ ਬਦਲ ਮੌਜੂਦ ਨਹੀਂ ਹੈ। ਇੱਥੇ ਸਿੰਘ ਸਭਾ ਦੇ ਹੱਕ ਵਿਚ ਇਹ ਗੱਲ ਜਾਂਦੀ ਹੈ ਕਿ ਨਵੀਂ ਵਿਆਖਿਆ ਦੇ ਧਾਰਨੀ ਹੋਣ ਦੇ ਬਾਵਜੂਦ ਵੀ ਉਹ ਸਿੱਖੀ ਦੀ ਰੂਹ ਨਾਲ ਇਸ ਕਦਰ ਇਕਸੁਰ ਸਨ ਕਿ ਆਪਣੇ ਜੀਵਨ ਦੌਰਾਨ ਉਨ੍ਹਾਂ ਵਿਚੋਂ ਬਹੁਤੇ ਪੁਰਾਣੀ ਕਿਸਮ ਦੇ ਸ਼ਾਨਾਮੱਤੇ ਸਿੱਖ ਹੀ ਰਹੇ। ਪਰ ਲੰਮੇ ਸਮੇਂ ਵਿਚ ਉਨ੍ਹਾਂ ਵੱਲੋਂ ਸਥਾਪਿਤ ਕੀਤੀ ਵਿਆਖਿਆ ਪ੍ਰਣਾਲੀ ਦਾ ਮੁੱਲ ਸਿੱਖਾਂ ਨੂੰ ਜ਼ਰੂਰ ਤਾਰਨਾ ਪਿਆ। ਸਿੰਘ ਸਭਾ ਲਹਿਰ ਦੇ ਸੰਚਾਲਕ ਭਾਵੇਂ ਪੱਛਮੀ ਫ਼ਲਸਫ਼ੇ ਤੋਂ ਪੂਰੀ ਤਰ੍ਹਾਂ ਵਾਕਿਫ ਨਹੀਂ ਸਨ, ਪਰ ਉਨ੍ਹਾਂ ਦੀ ਵਿਦਵਤਾ ਦਾ ਇਕ ਖ਼ਾਸ ਮਿਆਰ ਸੀ। ਉਹ ਗੁਰਬਾਣੀ, ਸਿੱਖ ਇਤਿਹਾਸ, ਸਿੱਖ ਪ੍ਰੰਪਰਾਵਾਂ ਤੇ ਸਿੱਖੀ ਅਤੇ ਸਿੱਖਾਂ ਦੇ ਇਤਿਹਾਸ ਦੇ ਹੋਰ ਸਰੋਤਾਂ ਦੀ ਡੂੰਘੀ ਜਾਣਕਾਰੀ ਰੱਖਦੇ ਸਨ। ਕਹਿਣ ਤੋਂ ਭਾਵ ਸਿੰਘ ਸਭਾ ਨਾਲ ਸਬੰਧਤ ਵਿਦਵਾਨਾਂ ਦੇ ਪੱਛਮੀ ਫ਼ਲਸਫ਼ੇ ਤੋ ਅਨਜਾਣ ਹੋਣ ਕਾਰਨ ਉਨ੍ਹਾਂ ਦੇ ਕੰਮ ਵਿਚ ਜੋ ਸਮੱਸਿਆਵਾਂ ਆਈਆਂ, ਉਨ੍ਹਾਂ ਦੀ ਇਕ ਹੱਦ ਸੀ ਕਿਉਂਕਿ ਉਹ ਆਪਣੇ ਆਪਣੇ ਖੇਤਰ ਦੇ ਪ੍ਰਬੀਨ ਵਿਦਵਾਨ ਜ਼ਰੂਰ ਸਨ। ਇਸ ਲਈ ਸਭ ਘਾਟਾਂ ਦੇ ਬਾਵਜੂਦ ਅਸੀਂ ਸਿੰਘ ਸਭਾ ਲਹਿਰ ਦੇ ਸਦਾ ਲਈ ਦੇਣਦਾਰ ਰਹਾਂਗੇ।

ਪਰ ਅੱਜ ਹਾਲਾਤ ਕੁੱਝ ਹੋਰ ਹੋ ਗਏ ਹਨ। ਵਿਦਵਤਾ ਦੀਆਂ ਉਹ ਪ੍ਰੰਪਰਾਵਾਂ, ਜੋ ਸਿੰਘ ਸਭਾ ਲਹਿਰ ਤੱਕ ਕਿਸੇ ਨਾ ਕਿਸੇ ਰੂਪ ਵਿਚ ਸਲਾਮਤ ਸਨ, ਖ਼ਤਮ ਹੋ ਚੁੱਕੀਆਂ ਹਨ। ਸੰਨ 1849 ਤੋ ਬਾਅਦ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਸਿੱਖਾਂ ਦੇ ਪੱਲੇ ਅਜਿਹੀ ਤਾਕਤ ਨਹੀਂ ਸੀ, ਜਿਸ ਸਦਕਾ ਉਹ ਕੋਈ ਆਪਣੀ ਸਿੱਖਿਆ ਪ੍ਰਣਾਲੀ ਪੇਸ਼ ਕਰਦੇ। ਇਸ ਤੋਂ ਇਲਾਵਾ ਵੀ ਹਿੰਦੁਸਤਾਨ ਤੇ ਰਾਜ ਕਰਨ ਵਾਲੀ ਧਿਰ ਨੇ ਸਿਵਲ, ਪੁਲਿਸ ਤੇ ਫ਼ੌਜੀ ਅਧਿਕਾਰੀਆਂ ਦੀ ਸਿਖਲਾਈ ਨੂੰ ਛੱਡ ਕੇ ਕਿਸੇ ਵੀ ਵਿੱਦਿਅਕ ਸੰਸਥਾ ਦਾ ਕੋਈ ਸਨਮਾਨਯੋਗ ਰੂਪ ਸਾਹਮਣੇ ਨਹੀਂ ਆਉਣ ਦਿੱਤਾ। ਪਹਿਲਾਂ ਬਾਹਮਣਾਂ ਨੇ ਧਰਮ ਦੇ ਨਾਂ ਤੇ ਲੋਕਾਂ ਨੂੰ ਵਿੱਦਿਆ ਤੋਂ ਕੋਰੇ ਰੱਖਿਆ, ਹੁਣ ਅਜਿਹਾ ਹੋਰ ਬਹਾਨਿਆਂ ਤਹਿਤ ਹੋ ਰਿਹਾ ਹੈ। ਬਾਹਮਣਾਂ ਵੱਲੋਂ ਸਦੀਆਂ ਤੋਂ ਅਨਪੜ੍ਹ ਰੱਖੀ ਹਿੰਦੁਸਤਾਨ ਦੀ (**ਬਾਕੀ ਸਫ਼ਾ 31 'ਤੇ**)



# ਉੱਗਣ ਵਾਲੇ ਉੱਗ ਪੈਂਦੇ ਨੇ, ਪਾੜ ਕੇ ਸੀਨਾ ਪੱਥਰਾਂ ਦਾ



ਅਸ਼ੋਕ ਸੋਨੀ,
ਕਾਲਮਨਵੀਸ
ਮੋ. 9872705078

ਦਲਵੀਰ ਸਿੰਘ ਨਾਂ ਏ ਬਾਈ ਦਾ, ਰਾਜਸਥਾਨ ਦੇ 'ਹਨੂਮਾਨਗੜ੍ਹ' ਜ਼ਿਲ੍ਹੇ 'ਚ, ਜ਼ਿਲ੍ਹੇ ਤੋਂ 40 ਕੁ ਕਿਲੋਮੀਟਰ ਦੂਰ ਪਛੜੇ ਜਿਹੇ ਖੇਤਰ 'ਚ, ਇਕ ਛੋਟੀ ਜਿਹੀ ਮੰਡੀ ਏ 'ਗੋਲੂਵਾਲਾ', ਇਸ ਮੰਡੀ ਤੋਂ 12 ਕੁ ਕਿਲੋਮੀਟਰ ਦੂਰ ਪਿੰਡ 'ਨੰਦੇਵਾਲੀ ਢਾਣੀ' ਦਾ ਵਸਨੀਕ ਏ, ਅੱਠਵੀਂ ਪਾਸ ਬਾਪੂ 'ਰੇਸ਼ਮ ਸਿੰਘ ਬਰਾੜ', ਸਰਕਾਰੀ ਵਿਭਾਗ 'ਚ ਪੰਪ ਡਰਾਈਵਰ ਏ ਤੇ ਮਾਤਾ 'ਸੁਖਦੀਪ ਕੌਰ' ਅਨਪੜ੍ਹ ਏ, ਬਾਪੂ ਹੁਰਾਂ ਦਾ ਚਾਰ ਭਰਾਵਾਂ ਦਾ ਸਾਂਝਾ ਕਿਸਾਨ ਪਰਿਵਾਰ ਹੋਣ ਕਾਰਨ ਘਰ 'ਚ ਪੜ੍ਹਾਈ ਦਾ ਖ਼ਾਸ ਮਾਹੌਲ ਨਹੀਂ ਸੀ, ਪਰ ਘਰਦਿਆਂ ਨੇ ਦਲਵੀਰ ਦਾ ਪੂਰਾ ਸਾਥ ਦਿੱਤਾ। ਦਲਵੀਰ ਨੇ ਅੱਠਵੀਂ ਪਿੰਡੋਂ ਈ ਪ੍ਰਾਈਵੇਟ ਸਕੂਲ ਦੀ ਬ੍ਰਾਂਚ, ਜਿੱਥੇ ਇਕ ਹੀ ਅਧਿਆਪਕ ਸੀ, ਪਾਸ ਕੀਤੀ ਤੇ ਫੇਰ ਗੋਲੂਵਾਲਾ ਮੰਡੀ ਦੇ 'ਸਰਸਵਤੀ ਮਾਡਲ' ਸਕੂਲ ਤੋਂ 12 ਪਾਸ ਕੀਤੀ, ਜਿਸ ਲਈ ਉਹ ਰੋਜ ਕਈ 24 ਕਿਲੋਮੀਟਰ ਸਾਈਕਲ ਚਲਾਉਂਦਾ। ਫੇਰ ਉਸਨੂੰ ਬੀਏ 'ਚ 'ਰਾਜਸਥਾਨ ਯੂਨੀਵਰਸਿਟੀ' ਦੇ 'ਜੈਪੁਰ' ਸਥਿਤ 'ਪਰਿਸ਼ਕਾਰ ਕਾਲਜ' 'ਚ ਦਾਖਲਾ ਮਿਲ ਗਿਆ, ਹੁਣ ਦਲਵੀਰ ਨੇ ਮਨ ਲਾ ਕੇ ਪੜ੍ਹਨਾ ਸ਼ੁਰੂ ਕੀਤਾ ਤੇ ਯੂਨੀਵਰਸਿਟੀ 'ਚੋਂ ਗੋਲਡ ਮੈਡਲ ਹਾਸਲ ਕੀਤਾ।

ਉਸਨੂੰ ਰਾਜਸਥਾਨ ਯੂਨੀਵਰਸਿਟੀ ਕੈਂਪਸ 'ਚ ਭੂਗੋਲ ਐਮ ਏ ਵਿਚ ਦਾਖਲਾ ਮਿਲ ਗਿਆ। ਯੂਨੀਵਰਸਿਟੀ ਦਲਵੀਰ ਨੂੰ ਪੂਰੀ ਤਰ੍ਹਾਂ ਰਾਸ ਆਈ। ਫੇਰ ਤਾਂ ਦਲਵੀਰ ਨੇ ਪੜ੍ਹਾਈ ਆਲ਼ੇ ਚਿੱਭ ਈ ਕੱਢ ਦਿੱਤੇ। ਉਸਨੇ ਨੈੱਟ ਕਲੀਅਰ ਕੀਤਾ, ਉਹ ਵੀ ਜੇ ਆਰ ਐਫ ਸਣੇ। ਹੁਣ ਉਹ ਰਾਜਸਥਾਨ ਯੂਨੀਵਰਸਿਟੀ 'ਚ ਭੂਗੋਲ ਵਿਭਾਗ ਵਿਚ ਪੀ ਐਚ ਡੀ ਲਗਭਗ ਪੂਰੀ ਕਰ ਚੁੱਕਾ ਹੈ। ਪਿੱਛੇ ਜਿਹੇ ਪੰਜਾਬ 'ਚ 1158 ਅਸਿਸਟੈਂਟ ਪ੍ਰੋਫੈਸਰਾਂ ਦੀਆਂ ਅਸਾਮੀਆਂ ਵਿਚ ਇਸ ਮੁੰਡੇ ਨੇ ਚੌਥਾ ਰੈਂਕ ਹਾਸਲ ਕਰਕੇ ਸਭ ਦਾ ਧਿਆਨ ਖਿੱਚਿਆ ਸੀ ਪਰ ਇਹ ਪੋਸਟਾਂ ਰੱਦ ਹੋ ਗਈਆਂ। ਪਰ ਰਾਜਸਥਾਨ 'ਚ ਵੀ ਅਸਿਸਟੈਂਟ ਪ੍ਰੋਫੈਸਰਾਂ ਦੀਆਂ ਪੋਸਟਾਂ ਨਿਕਲੀਆਂ ਸਨ, ਜਿਸਦਾ ਰਿਜ਼ਲਟ ਬੀਤੇ ਦਿਨ ਆਇਆ, ਜਿਸ 'ਚ ਦਲਵੀਰ ਨੇ ਪੂਰੇ ਰਾਜਸਥਾਨ ਵਿਚ ਪਹਿਲਾ ਰੈਂਕ ਹਾਸਲ ਕਰਦੇ ਹੋਏ ਆਪਣੇ ਮਾਪਿਆਂ, ਅਧਿਆਪਕਾਂ ਤੇ ਪਿੰਡ ਵਾਸੀਆਂ ਦਾ ਮਾਣ ਵਧਾਇਆ ਹੈ। ਦਲਵੀਰ ਪੜ੍ਹਾਈ ਦੇ ਨਾਲ-ਨਾਲ ਚੰਗਾ ਕਵੀ ਵੀ ਹੈ। ਉਹ ਬਾਕਸਿੰਗ ਵਿਚ ਕਈ ਮੈਡਲ ਜਿੱਤ ਚੁੱਕਾ ਹੈ। ਉੱਥੇ ਹੀ ਮਿਸਟਰ 'ਘੂਮਰ' ਵੀ ਰਹਿ ਚੁੱਕਾ ਹੈ। ਦੂਰ-ਦੁਰਾਡੇ ਖੇਤਰ ਦੇ ਆਮ ਕਿਸਾਨ ਪਰਿਵਾਰ ਦਾ ਪੁੱਤਰ ਦਲਵੀਰ ਆਪਣੀ ਮਿਹਨਤ ਦੇ ਸਿਰ 'ਤੇ ਭੂਗੋਲ ਵਰਗੇ ਟੈਕਨੀਕਲ ਜਿਹੇ ਵਿਸ਼ੇ ਦਾ ਪ੍ਰੋਫੈਸਰ ਤੇ 'ਭੂਗੋਲ ਦਾ ਡਾਕਟਰ' ਬਣ ਚੁੱਕਾ ਹੈ। ਬਹੁਤ-ਬਹੁਤ ਮੁਬਾਰਕਬਾਦ, ਡਾਕਟਰ ਦਲਵੀਰ ਸਿੰਘ।

## ਪੁਸਤਕ ਰੀਵਿਊ

# ਦਲਿਤ ਸਰੋਕਾਰਾਂ ਨਾਲ ਸੰਬੰਧਿਤ ਨਾਵਲ 'ਰੋਹ ਵਿਦਰੋਹ'

ਡਾ. ਮੇਘਾ ਸਿੰਘ




ਰਘਬੀਰ ਸਿੰਘ ਮਾਨ ਦਾ ਪਲੇਠਾ ਨਾਵਲ 'ਰੋਹ ਵਿਦਰੋਹ' ਸਾਡੇ ਸਮਾਜ ਵਿੱਚ ਡੂੰਘੀਆਂ ਜੜ੍ਹਾਂ ਫੈਲਾ ਚੁੱਕੇ ਜਾਤੀ ਆਧਾਰਿਤ ਵਿਤਕਰਿਆਂ ਨੂੰ ਸੰਬੋਧਿਤ ਹੈ। ਇਸ ਨਾਵਲ ਦਾ ਘੇਰਾ ਪਿੰਡਾਂ ਤੋਂ ਲੈ ਕੇ ਸ਼ਹਿਰਾਂ ਅਤੇ ਅਨਪੜ੍ਹਾਂ ਤੋਂ ਲੈ ਕੇ ਪੜ੍ਹਿਆਂ-ਲਿਖਿਆਂ ਤੱਕ ਫੈਲਿਆ ਹੋਇਆ ਹੈ। ਸਾਹਿਤਕ ਲਿਖਤਾਂ ਵਿੱਚ ਆਮ ਤੌਰ 'ਤੇ ਅਖੌਤੀ ਉੱਚ ਜਾਤੀ ਦੇ ਮਰਦਾਂ-ਔਰਤਾਂ ਵੱਲੋਂ ਨੀਵੀਂਆਂ ਸਮਝੀਆਂ ਜਾਂਦੀਆਂ ਜਾਤਾਂ ਦੇ ਲੋਕਾਂ ਪ੍ਰਤੀ ਨਫ਼ਰਤ ਅਤੇ ਵਿਤਕਰੇ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ, ਪਰ ਇਸ ਨਾਵਲ ਵਿੱਚ ਉੱਚ ਜਾਤੀ ਦੇ ਲੋਕਾਂ ਵੱਲੋਂ ਨੀਵੀਂ ਜਾਤ ਦੇ ਲੋਕਾਂ ਨਾਲ ਕੀਤੇ ਜਾਂਦੇ ਵਿਤਕਰੇ ਤੋਂ ਇਲਾਵਾ ਇੱਕ ਦਲਿਤ ਔਰਤ ਦੇ ਪਾਤਰ ਰਾਹੀਂ ਨੀਵੀਂਆਂ ਜਾਤਾਂ ਦੇ ਦਿਲਾਂ ਵਿੱਚ ਵੀ ਉੱਚੀਆਂ ਜਾਤਾਂ ਪ੍ਰਤੀ ਘਰ ਕਰੀ ਬੈਠੀ ਨਫ਼ਰਤ ਨੂੰ ਬਾਖ਼ੂਬੀ ਚਿਤਰਿਆ ਗਿਆ ਹੈ। ਇਸ ਤੋਂ ਇਲਾਵਾ ਇਹ ਨਾਵਲ ਦਲਿਤ ਸਮਾਜ ਵਿੱਚ ਪਾਈਆਂ ਜਾ ਰਹੀਆਂ ਕਮਜ਼ੋਰੀਆਂ ਅਤੇ ਘਾਟਾਂ ਉੱਤੇ ਵੀ ਉਂਗਲ ਰੱਖਿਆਂ ਉਨ੍ਹਾਂ ਨੂੰ ਦੂਰ ਕਰਨ ਦੀ ਲੋੜ ਉੱਤੇ ਵੀ ਜ਼ੋਰ ਦਿੰਦਾ ਹੈ।

ਨਾਵਲ ਦਾ ਮੁੱਖ ਪਾਤਰ 'ਆਗੂ' ਇੱਕ ਦਲਿਤ ਪਰਿਵਾਰ ਦਾ ਪੜ੍ਹਿਆ ਲਿਖਿਆ ਅਗਾਂਹਵਧੂ ਵਿਚਾਰਾਂ ਦਾ ਧਾਰਨੀ ਨੌਜਵਾਨ ਹੈ। ਇਸ ਪਾਤਰ ਰਾਹੀਂ ਲੇਖਕ ਇੱਕ ਪਾਸੇ ਦਲਿਤ ਵਰਗ ਵਿੱਚ ਆ ਰਹੀ ਨਵੀਂ ਚੇਤਨਾ ਨੂੰ ਪੇਸ਼ ਕਰਦਾ ਹੈ, ਦੂਜੇ ਪਾਸੇ ਇਸ ਦੀ ਮਾਤਾ 'ਪਾਸ਼ੋ' ਜਿਸ ਦੇ ਮਨ ਵਿੱਚ ਉੱਚ ਜਾਤਾਂ ਪ੍ਰਤੀ ਬੇਹੱਦ ਨਫ਼ਰਤ ਭਰੀ ਹੋਈ ਹੈ, ਰਾਹੀਂ ਪਿਛਾਂਹਖਿੱਚੂ ਅਤੇ ਸੰਕੀਰਨ ਵਿਚਾਰਾਂ ਦੀ ਪੇਸ਼ਕਾਰੀ ਕਰਦਾ ਹੈ, ਹੋਰ ਤਾਂ ਹੋਰ, ਉਹ ਆਪਣੇ ਪੁੱਤਰ 'ਆਗੂ' ਦੀ ਪਤਨੀ 'ਕਿੰਨਦੀਪ' ਜੋ ਉੱਚ ਜਾਤੀ ਦੀ ਹੋਣ ਦੇ ਬਾਵਜੂਦ ਉਸ ਦੇ ਪੁੱਤਰ ਨਾਲ ਵਿਆਹ ਕਰਵਾ ਲੈਂਦੀ ਹੈ, ਪ੍ਰਤੀ ਵੀ ਨਫ਼ਰਤ ਦੀ ਭਾਵਨਾ ਨਹੀਂ ਤਿਆਗਦੀ ਅਤੇ ਹਰ ਵੇਲੇ ਉਸ ਨੂੰ ਮੰਦਾ-ਚੰਗਾ ਬੋਲਦੀ ਅਤੇ ਕੋਸਦੀ ਰਹਿੰਦੀ ਹੈ। ਦੂਜੇ ਪਾਸੇ ਉਸ ਦੀ ਨੂੰਹ ਕਿੰਨਦੀਪ ਆਪਣੀ ਸੱਸ ਦੇ ਮੰਦੇ ਚੰਗੇ ਬੋਲਾਂ ਅਤੇ ਕੋਝੀਆਂ ਹਰਕਤਾਂ ਪ੍ਰਤੀ ਕੋਈ ਗ਼ੁੱਸਾ-ਗਿਲਾ ਜਾਂ ਪ੍ਰਤੀਕਿਰਿਆ ਜ਼ਾਹਰ ਨਹੀਂ ਕਰਦੀ। ਮੁੱਖ ਪਾਤਰ 'ਆਗੂ' ਇਸ ਦਵੰਦ ਵਿੱਚ ਫਸਿਆ ਮਹਿਸੂਸ ਕਰਦਾ ਹੈ, ਪਰ ਉਸ ਦੀ ਪਤਨੀ, ਪਿਉ, ਭੈਣਾਂ ਅਤੇ ਯਾਰ-ਦੋਸਤ ਉਸ ਦਾ ਹੌਸਲਾ ਬਣਾਈ ਰੱਖਦੇ ਹਨ।

ਦਰਅਸਲ, ਲੇਖਕ ਮੁੱਖ ਪਾਤਰ 'ਆਗੂ' ਰਾਹੀਂ ਸਮਾਜ ਵਿੱਚ ਫੈਲੇ ਜਾਤ-ਪਾਤ ਦੇ ਕੋਹੜ ਦੀਆਂ ਕੁਰੀਤੀਆਂ ਨੂੰ ਬਿਆਨ ਕਰ ਕੇ ਉਨ੍ਹਾਂ ਨੂੰ ਸਿੱਖਿਆ ਅਤੇ ਚੇਤਨਾ ਦੇ ਮਾਧਿਅਮ ਰਾਹੀਂ ਖ਼ਤਮ ਕਰਨ ਦਾ ਸੰਦੇਸ਼ ਦੇਣਾ ਚਾਹੁੰਦਾ ਹੈ। ਨਾਵਲ ਦਲਿਤਾਂ ਨਾਲ ਹੋ ਰਹੇ ਵਿਤਕਰਿਆਂ ਅਤੇ ਭੈੜੇ ਵਰਤਾਉ ਨੂੰ ਪਿੰਡ ਵਿੱਚ ਜਾਤੀਗਤ ਪੱਧਰ ਉੱਤੇ ਬਣੇ ਗੁਰਦੁਆਰਿਆਂ, ਸ਼ਮਸ਼ਾਨਘਾਟਾਂ ਅਤੇ ਹੋਰ ਅਜਿਹੇ ਕਾਰਜਾਂ-ਘਟਨਾਵਾਂ ਰਾਹੀਂ ਪੇਸ਼ ਕਰਦਾ ਹੈ, ਪਰ ਨਾਲ ਹੀ ਦਲਿਤਾਂ ਵਿੱਚ ਆ ਰਹੀ ਨਵੀਂ ਚੇਤਨਾ ਨੂੰ ਵੀ ਖ਼ੂਬਸੂਰਤੀ ਨਾਲ ਪੇਸ਼ ਕਰਦਾ ਹੈ। 'ਆਗੂ' ਦੀ ਅਗਵਾਈ ਵਿੱਚ ਪਿੰਡ ਦੇ ਦਲਿਤ ਨੌਜਵਾਨ ਉਚ-ਨੀਚ ਖ਼ਤਮ ਕਰ ਕੇ ਬਰਾਬਰੀ ਵਾਲਾ ਸਮਾਜ ਉਸਾਰਨ ਦੇ ਰਾਹ ਪੈਂਦੇ ਦਿਸਦੇ ਹਨ। ਕੁਝ ਵਿਚਾਰਵਾਨਾਂ ਦੇ ਭਾਸ਼ਨ ਉਨ੍ਹਾਂ ਨੂੰ ਸਿਆਸੀ ਅਤੇ ਸਮਾਜਿਕ ਚੇਤਨਾ ਦੀ ਚਿਣਗ ਲਾਉਂਦੇ ਹਨ। ਸਿੱਟੇ ਵਜੋਂ ਉੱਚ ਜਾਤੀਆਂ ਦਾ ਦਾਬਾ ਘਟਦਾ ਜਾਂਦਾ ਹੈ। ਨਾਵਲ ਵਿੱਚ ਕਾਰਲ ਮਾਰਕਸ ਅਤੇ ਡਾ. ਭੀਮ ਰਾਓ ਅੰਬੇਦਕਰ ਦੇ ਵਿਚਾਰਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਰਾਹੀਂ ਦਲਿਤ ਨੌਜਵਾਨਾਂ ਨੂੰ ਚੇਤੰਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਕੁੱਲ ਮਿਲਾ ਕੇ ਇਹ ਨਾਵਲ ਜਾਤੀਗਤ ਪ੍ਰਬੰਧ ਉੱਤੇ ਸੱਟ ਮਾਰਨ ਦੀ ਇੱਕ ਕੋਸ਼ਿਸ਼ ਹੈ। ਇਹ ਯਤਨ ਹੋਰ ਵਧੇਰੇ ਸਫਲ ਹੋ ਸਕਦਾ ਸੀ, ਜੇਕਰ ਉੱਚ ਜਾਤੀ ਦਾ ਪੜ੍ਹਿਆ-ਲਿਖਿਆ ਨੌਜਵਾਨ ਪੜ੍ਹੀ ਲਿਖੀ ਦਲਿਤ ਕੁੜੀ ਨਾਲ ਅੰਤਰ-ਜਾਤੀ ਵਿਆਹ ਕਰਕੇ ਦਲਿਤਾਂ ਨਾਲ ਹੋ ਰਹੇ ਵਿਤਕਰੇ ਵਿਰੁੱਧ ਆਵਾਜ਼ ਉਠਾਉਂਦਾ ਅਤੇ ਦਲਿਤਾਂ ਦੀ ਦਸ਼ਾ ਸੁਧਾਰਨ ਲਈ ਉਨ੍ਹਾਂ ਦੀ ਸੂਝ ਨੂੰ ਸਹੀ ਦਿਸ਼ਾ ਦੇਣ ਵਿੱਚ ਅਗਵਾਈ ਕਰਦਾ। (ਬਾਕੀ ਸਫ਼ਾ 30 'ਤੇ)

## ਕਲਮਾਂ ਦੇ ਜਜ਼ਬਾਤ

# ਜ਼ਿੰਦਗੀ ਵਗਦਾ ਵਹਿਣ

ਰਾਜਵਿੰਦਰ ਕੌਰ



ਹਰ ਰੋਜ਼ ਦੀ ਤਰ੍ਹਾਂ ਉਸ ਦਿਨ ਵੀ ਇਨ੍ਹਾਂ ਮੈਨੂੰ ਹੌਲੀ ਜਿਹੇ ਉਠਾਇਆ ਲੰਚ ਬਣਾਉਣ ਲਈ.. ਮੈਂ ਹਰ ਰੋਜ਼ ਵਾਂਗ ਲੰਚ ਦੇ ਸਮਾਨ ਦੀ ਤਿਆਰੀ ਕਰ ਰਹੀ ਸਾਂ।

ਮੈਂ ਇਨ੍ਹਾਂ ਨੂੰ ਕਿਹਾ ਕਿ ਅੱਜ ਥੋੜ੍ਹੀ ਦੇਰ ਹੋ ਗਈ ਏ, ਤੁਸੀਂ ਚਾਹ ਰਹਿਣ ਦਿਓ.. ਰਸਤੇ 'ਚੋਂ ਕੌਫ਼ੀ ਹੀ ਲੈ ਲਿਓ ।ਅੱਗੋਂ ਹੱਸ ਕੇ ਕਹਿਣ ਲੱਗੇ ਕਿ ਕੌਫੀਆਂ ਕੂਫੀਆਂ ਕੀ ਮੁਕਾਬਲਾ ਕਰ ਲੈਣਗੀਆਂ ਤੇਰੇ ਹੱਥਾਂ ਦੀ ਚਾਹ ਦਾ, ਜੱਟ ਨੂੰ ਤੇਰੀ ਚਾਹ ਦਾ ਹੀ ਨਸ਼ਾ ਹੈ।

ਚੱਲ ਦਸ ਮਿੰਟ ਹੋਰ ਸਹੀ ਤੂੰ ਅੱਧਰਕ, ਗੁੜ ਪਾ ਕੇ ਵਧੀਆ ਜਿਹੀ ਚਾਹ ਬਣਾਦੇ। ਨਾਲੇ ਸਬਜ਼ੀ ਜ਼ਿਆਦਾ ਪਾ ਦੇਈਂ, ਮੈਨੂੰ ਸਵਾਦ ਬਹੁਤ ਲੱਗੀ ਸੀ ਰਾਤੀਂ। ਇਨ੍ਹਾਂ ਨੇ ਹਮੇਸ਼ਾ ਘਰ ਦੀਆਂ ਬਣੀਆਂ ਕੁਕੀਆ ਹੀ ਖਾਣੀਆਂ ਹੁੰਦੀਆਂ ਤੇ ਕੋਸ਼ਿਸ਼ ਇਹੀ ਹੁੰਦੀ ਸੀ ਕਿ ਹਰ ਚੀਜ਼ ਘਰੋਂ ਹੀ ਬਣੀ ਹੋਈ ਮਿਲੇ।

ਮੈਂ ਸਭ ਕੁਝ ਪਾ ਕੇ ਜਦੋਂ ਰਸੋਈ 'ਚੋਂ ਬਾਹਰ ਆਈ ਤਾਂ ਇਨ੍ਹਾਂ ਦੀ ਕੱਪੜੇ ਪਾਉਂਦਿਆਂ ਪੈਂਟ ਦੀ ਬੈਲਟ ਟੁੱਟ ਗਈ ਤੇ ਕਹਿੰਦੇ ਲਵੋ ਜੀ ਹੁਣ ਇਹ ਵੀ ਟੁੱਟ ਗਈ, ਮੈਂ ਕਿਹਾ ਕਿ ਦੂਜੀ ਲਿਆ ਦਿਆਂ..ਕਹਿੰਦੇ ਰਹਿਣਦੇ ਇਵੇਂ ਹੀ ਚੱਲੇ ਜਾਣਾ। ਲੰਚ ਬੈਗ ਚੁੱਕਿਆ ਤੇ ਤੁਰ ਪਏ ਤੇ ਤੁਰਦੇ ਤੁਰਦੇ ਕਹਿੰਦੇ ਕਿ ਅੱਜ ਠੰਡ ਬਹੁਤ ਜ਼ਿਆਦਾ ਏ, ਕਿਤੇ ਬਾਹਰ ਨਾ ਜਾਈਂ ਜੇ ਠੰਡ ਲੱਗ ਗਈ ਤਾਂ ਅਸੀਂ ਤਾਂ ਰੋਟੀ ਤੋਂ ਵੀ ਰਹਿ ਜਾਣਾ। ਮੈਂ ਕਿਹਾ ਅੱਛਾ ਤੇ ਰੋਟੀ ਕਰਕੇ ਹੀ ਫ਼ਿਕਰ ਏ ਮੇਰੀ,..ਅੱਗੋਂ ਹੱਸ ਕੇ ਕਹਿੰਦੇ ਕਿ ਨਹੀਂ ਫ਼ਿਕਰ ਤਾਂ ਹਰ ਵੇਲੇ ਰਹਿੰਦੀ ਏ ਤੇਰੀ, ਮੈਂ ਐਵੇ ਹੱਸਦਾ ਹਾਂ, ਤੇਰੇ ਬਿਨਾ ਸਾਡਾ ਕਿੱਥੇ ਸਰਦਾ।

ਮੇਨ ਡੋਰ ਦੀ ਚਾਬੀ ਹੱਥ 'ਚ ਹੁੰਦਿਆਂ ਹੋਇਆ ਵੀ ਹਮੇਸ਼ਾ ਇਹੀ ਕਹਿਣਾ.. ਆਈਂ ਆ ਡੋਰ ਲੌਕ ਕਰਲਾ.., ਮੈਂ ਕਹਿਣਾ ਕਿ ਚਾਬੀ ਹੱਥ 'ਚ ਤਾਂ ਹੈ, ਕਿੱਡਾ ਕੁ ਕੰਮ ਏ ਤਾਂ ਹੱਸ ਕੇ ਕਹਿ ਦੇਣਾ ਕਿ ਇਸੇ ਬਹਾਨੇ ਤੇਰੇ ਨਾਲ ਚਾਰ ਕਦਮ ਹੋਰ ਤੁਰਨ ਦਾ ਮੌਕਾ ਮਿਲ ਜਾਂਦਾ ਅਤੇ ਨਾਲੇ ਮੈਨੂੰ ਬਹੁਤ ਚੰਗਾ ਲੱਗਦਾ ਕਾਰ ਤੋਰਨ ਲੱਗਿਆ ਤੇਰਾ ਚਿਹਰਾ ਦੇਖ ਕੇ ਜਾਣਾ ਤੇ ਦੂਜੀ ਗੱਲ ਏ ਕਿ ਜਦੋਂ ਤੂੰ ਅੰਦਰੋਂ ਲੌਕ ਲਾ ਲੈਂਦੀ ਏ ਤਾਂ ਮਨ ਨੂੰ ਤਸੱਲੀ ਹੋ ਜਾਂਦੀ ਏ ਹੁਣ ਘਰ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਤੇਰੇ 'ਤੇ, ਤੂੰ ਮਾਲਕਣ ਏਂ। ਖ਼ੈਰ, ਮੈਂ ਹਰ ਰੋਜ਼ ਵਾਂਗ ਲੌਕ ਲਾ ਕੇ ਆਪਣੇ ਕੰਮਾਂ 'ਚ ਰੁੱਝ ਗਈ ਤੇ ਬੱਚਿਆਂ ਨੂੰ ਤਿਆਰ ਕਰਕੇ ਸਕੂਲ ਛੱਡ ਕੇ ਘਰੇ ਆਈ। ਘਰ ਆ ਅਜੇ ਮੈਂ ਸੋਚ ਰਹੀ ਸਾਂ ਕਿ ਅੱਜ ਇਨ੍ਹਾਂ ਦਾ ਫ਼ੋਨ ਨੀਂ ਆਇਆ। ਹਰ ਰੋਜ਼ ਤਾਂ ਇਹ ਕੰਮ 'ਤੇ ਪਹੁੰਚ ਕੇ ਫ਼ੋਨ ਕਰ ਦਿੰਦੇ ਨੇ, ਫਿਰ ਸੋਚਿਆ ਕਿ ਬੀਜੀ ਹੋ ਗਏ ਹੋਣੇ।

ਪੂਰੇ ਦਿਨ 'ਚ ਇਨ੍ਹਾਂ ਨੇ ਮੈਨੂੰ ਹਰ ਘੰਟੇ ਬਾਅਦ ਫ਼ੋਨ ਕਰਕੇ ਪੁੱਛਣਾ ਹੁੰਦਾ ਸੀ, ਕਿਵੇਂ ਹੋਰ ਕੀ ਕਰਦੇ ਆ। ਮੈਂ ਅਜੇ ਸੋਚ ਰਹੀ ਸਾਂ ਕੇ ਡੋਰ ਬੈੱਲ ਹੋਈ, ਮੈਂ ਹੈਰਾਨ ਕਿ ਕੌਣ ਹੋਵੇਗਾ..?

ਫਟਾਫਟ ਡੋਰ ਖੋਲ੍ਹੀ ਤੇ ਅੱਗੇ ਦੋ ਪੁਲਿਸ ਅਫ਼ਸਰ ਖੜ੍ਹੇ ਤੇ ਮੈਨੂੰ ਕਹਿੰਦੇ ਕਿ ਅਸੀਂ ਅੰਦਰ ਆ ਸਕਦੇ ਹਾਂ। ਮੈਂ ਸੋਚਿਆ ਸਟਰੀਟ 'ਤੇ ਕੁਝ ਹੋਇਆ ਹੋਣਾ ਤਾਂ ਕੁਝ ਪੁੱਛਣਾ ਹੋਵੇਗਾ। ਉਹ ਅੰਦਰ ਆ ਕੇ ਸੋਫ਼ੇ 'ਤੇ ਬੈਠ ਗਏ, ਇਕ ਪੰਜਾਬੀ ਤੇ ਇਕ ਗੋਰਾ ਸੀ, ਮੈਨੂੰ ਕਹਿੰਦੇ ਘਰੇ ਕੌਣ ਏ, ਮੈਂ ਕਿਹਾ ਮੈਂ ਹਾਂ ਅਤੇ ਮੇਰੇ ਸਹੁਰਾ ਸਾਹਿਬ ਹਨ। ਕਹਿੰਦੇ ਬੱਚੇ, ਉਹ ਸਕੂਲ ਗਏ ਹਨ ਤੇ ਤੁਹਾਡੇ ਪਤੀ ਉਹ ਕੰਮ 'ਤੇ ਗਏ ਨੇ, ਉਹ ਕਿੱਥੇ ਕੰਮ ਕਰਦੇ ਨੇ ਤੇ ਕਿੰਨੇ ਵਜੇ ਘਰੋਂ ਗਏ ਨੇ। ਉਹ ਸਵੇਰੇ ਪੰਜ ਵਜੇ ਗਏ ਨੇ ਅਤੇ ਉਨ੍ਹਾਂ ਦੀ ਸਿਹਤ ਕਿਵੇਂ ਸੀ? ਬਿਲਕੁਲ ਠੀਕ ਸਨ, ਉਹ ਤਾਂ ਕਦੀ ਡਾਕਟਰ ਦੇ ਵੀ ਨੀਂ ਗਏ, ਬਿਲਕੁਲ ਤੰਦਰੁਸਤ ਨੇ..।

ਤੇ ਫੇਰ ਉਨ੍ਹਾਂ ਮੇਰੀ ਸਿਹਤ ਬਾਰੇ ਪੁੱਛਿਆ, ਉਸ ਤੋਂ ਬਾਅਦ ਉਨ੍ਹਾਂ ਨੇ ਆਪਣੀਆਂ ਟੋਪੀਆਂ ਲਾਹ ਲਈਆਂ ਤੇ ਮੈਨੂੰ ਕਹਿੰਦੇ ਕਿ ਅੱਜ ਸਵੇਰੇ ਤੁਹਾਡੇ ਪਤੀ ਦਾ ਐਕਸੀਡੈਂਟ ਹੋ ਗਿਆ ਸੀ।

ਮੈਂ ਕਿਹਾ ਕਿ ਕਿਵੇਂ ਨੇ ਉਹ ਤੇ ਕਿੱਥੇ ਨੇ?

ਉਹ ਕਹਿੰਦੇ ਕਿ ਉਹ ਹੌਸਪੀਟਲ ਨੇ।

ਉਹ ਠੀਕ ਤੇ ਨੇ ਮੈਂ ਪੁੱਛਿਆ, ਫੇਰ ਉਹ ਚੁੱਪ ਕਰਗੇ ਅਤੇ ਫੇਰ ਹੌਲੀ ਜਿਹੇ ਕਿਹਾ, ਉਹ ਇਸ ਦੁਨੀਆ 'ਚ ਨਹੀਂ ਰਹੇ। ਮੈਨੂੰ ਸਮਝ ਨਾ ਲੱਗੀ ਕਿ ਇਹ ਕੀ ਕਹਿ ਰਹੇ ਨੇ ..., ਮੇਰੇ ਦਿਮਾਗ਼ ਨੇ ਬਿਲਕੁਲ ਸੁਣਨਾ ਤੇ ਸਮਝਣਾ ਬੰਦ ਕਰ ਦਿੱਤਾ, ਮੈਂ ਵਾਰ ਵਾਰ ਇਹੀ ਪੁੱਛੀ ਜਾਵਾਂ ਕਿ ਉਹ ਠੀਕ ਤਾਂ ਹਨ.. ਫੇਰ ਪੰਜਾਬੀ ਪੁਲਿਸ ਵਾਲੇ ਨੇ ਕਿਹਾ ਕਿ ਤੁਹਾਨੂੰ ਸੱਚੀ ਨੀਂ ਪਤਾ ਲੱਗ ਰਿਹਾ ਅਸੀਂ ਕੀ ਕਹਿੰਦੇ ਹਾਂ, ਮੈਂ ਕਿਹਾ ਨਹੀਂ, ਫੇਰ ਉਸਨੇ ਮੈਨੂੰ ਦੱਸਿਆ, ਪਰ ਮੈਂ ਮੰਨਣ ਨੂੰ ਤਿਆਰ ਨਹੀਂ ਸਾਂ ਕਿ ਇਕ ਬੰਦਾ ਘਰੋਂ ਹੱਸਦਾ ਖੇਡਦਾ ਜਾਂਦਾ ਹੈ ਤੇ ਕੁਝ ਕੁ ਮਿੰਟਾਂ ਬਾਅਦ ਇਵੇਂ ਕਿਵੇਂ ਦੁਨੀਆ ਤੋਂ ਜਾ ਸਕਦਾ ਹੈ ? ਮੈਂ ਇਨ੍ਹਾਂ ਦੇ ਫ਼ੋਨ 'ਤੇ ਬਹੁਤ ਫ਼ੋਨ ਕੀਤੇ ਪਰ ਜਬਾਬ ਕਿੱਥੋਂ ਆਉਣਾ ਸੀ, ਅੱਧੇ ਘੰਟੇ ਬਾਅਦ ਹੀ ਸਾਡਾ ਘਰ ਪੂਰਾ ਗਹਿਗਚ ਭਰ ਗਿਆ।

ਹਰ ਘੰਟੇ ਫ਼ੋਨ ਕਰਨ ਵਾਲੇ ਦਾ ਅੱਜ ਸਵੇਰ ਤੋਂ ਕੋਈ ਫ਼ੋਨ ਨਾ ਆਇਆ, ਸ਼ਾਮ ਨੂੰ ਪੰਜ ਵਜੇ ਹਮੇਸ਼ਾ ਫ਼ੋਨ ਕਰਕੇ ਪੁੱਛਦੇ ਹੁੰਦੇ ਸਨ ਕਿ ਘਰੇ ਕੀ ਬਣਿਆ ਹੋਇਆ ਤੇ ਨਾਲੇ ਇਹ ਦੱਸਣਾ ਹੁੰਦਾ ਸੀ ਕਿ ਮੈਂ ਕਿੰਨੇ ਟਾਈਮ 'ਤੇ ਘਰੇ ਆਉਣਾ ਹੈ।

ਪਰ ਉਸ ਦਿਨ ਪੰਜ ਵਜੇ ਵੀ ਨਾ ਫ਼ੋਨ ਆਇਆ, ਮੈਨੂੰ ਸਮਝ ਨਾ ਆਵੇ ਕਿ ਮੇਰੇ ਘਰ ਦੀਆਂ ਹਮੇਸ਼ਾ ਖ਼ੁਸ਼ ਰਹਿਣ ਵਾਲੀਆਂ ਕੰਧਾਂ ਮਾਤਮ 'ਚ ਕਿਵੇਂ ਤਬਦੀਲ ਹੋ ਗਈਆਂ।

ਅੱਖਾਂ ਇਵੇਂ ਸਨ ਜਿਵੇਂ ਕੋਈ ਫ਼ਿਲਮ ਦੇਖ ਰਹੀਆਂ ਹੋਣ, ਜ਼ਿੰਦਗੀ 'ਚ ਅਚਾਨਕ ਹੋਏ ਇਸ ਤਬਾਦਲੇ ਨੂੰ ਮੈਂ ਸਮਝਣ ਦੇ ਅਸਮਰੱਥ ਸਾਂ। ਜਿਸ ਇਨਸਾਨ ਨੇ ਪਰਿਵਾਰ ਦੇ ਹਰ ਦੁੱਖ, ਤਕਲੀਫ਼ ਤੇ ਮੁਸ਼ਕਿਲ ਨੂੰ ਆਪਣੇ ਤਨ 'ਤੇ ਹੰਢਾਇਆ ਹੋਵੇ ਤੇ ਪਰਿਵਾਰ ਨੂੰ ਕਦੀ ਤੱਤੀ ਵਾ ਨਾ ਲੱਗਣ ਦਿੱਤੀ ਹੋਵੇ, ਅੱਜ ਉਸ ਦਾ ਪਰਿਵਾਰ ਜਿਵੇਂ ਇਕਦਮ ਬਿਨਾ ਛੱਤ ਦੇ ਘਰ ਵਾਂਗ ਹੋ ਗਿਆ ਹੋਵੇ।

ਉਨ੍ਹਾਂ ਨੇ ਆਪਣੇ ਘਰ ਤੇ ਪਰਿਵਾਰ ਬਾਰੇ ਕਦੇ ਕਿਸੇ ਨੂੰ ਨਹੀਂ ਦੱਸਿਆ, ਉਸ ਦਿਨ ਵੀ ਕੰਪਨੀ ਵਾਲਿਆਂ ਨੂੰ ਪਤਾ ਨੀਂ ਸੀ ਲੱਗ ਰਿਹਾ ਕਿ ਕਿਵੇਂ ਪਤਾ ਕਰੀਏ.. ਸਵਾਏ ਬਹੁਤ ਖ਼ਾਸ ਦੋਸਤਾਂ ਦੇ, ਕਿਸੇ ਨੂੰ ਵੀ ਘਰ ਦੇ ਫ਼ੋਨ ਨੰਬਰ ਦਾ ਨਹੀਂ ਸੀ ਪਤਾ। ਇਨ੍ਹਾਂ ਨੇ ਹਮੇਸ਼ਾ ਸਾਨੂੰ (ਮੈਨੂੰ ਤੇ ਬੀਜੀ ਨੂੰ) ਕਹਿਣਾ ਕਿ ਤੁਹਾਨੂੰ ਮੇਰੀ ਕੀਮਤ ਤੇ ਕਮਾਈ ਘਰੋਂ ਬਾਹਰ ਨਿਕਲਣ 'ਤੇ ਹੀ ਪਤਾ ਲੱਗਣੀ ਏਂ, ਕਿਸੇ ਦਿਨ ਘਰੋਂ ਬਾਹਰ ਨਿਕਲ ਕੇ ਦੇਖਿਓ ਜੱਟ ਦਾ ਕਿੱਡਾ ਕੁ ਕੱਦ ਏ, ਜਿਹੜਾ ਵੀ ਆਵੇ ਹਰ ਕੋਈ ਸਿਫ਼ਤਾਂ ਕਰੇ, ਸੰਸਕਾਰ ਵਾਲੇ ਦਿਨ ਦੁਨੀਆ ਨੂੰ ਖੜ੍ਹਨ ਲਈ ਥਾਂ ਨੀਂ ਸੀ। ਬਾਹਰ ਤੱਕ ਲਾਈਨ ਲੱਗੀ ਹੋਈ ਸੀ, ਮੈਂ ਇਨ੍ਹਾਂ ਦੇ ਚਿਹਰੇ ਵੱਲ ਦੇਖ ਰਹੀ ਸਾਂ।

ਇਵੇਂ ਲੱਗਾ ਜਿਵੇਂ ਕਹਿ ਰਹੇ ਹੋਣ ਦੇਖ ਅੱਜ ਮੇਰਾ ਕੱਦ ਕਿੰਨਾ ਵੱਡਾ ਏ, ਇਸ ਇਕੱਠ ਨੂੰ ਦੇਖ ਤੇ ਮੈਂ ਹਿਰਖ ਕਰ ਰਹੀ ਸਾਂ ਕਿ ਮੈਨੂੰ ਨੀਂ ਚਾਹੀਦਾ ਸੀ ਤੁਹਾਡਾ ਇਹੋ ਜਿਹਾ ਇਕੱਠ ਵਾਲਾ ਕੱਦ ।ਹਰ ਅੱਖ ਰੋ ਰਹੀ ਸੀ, ਹਰ ਕੋਈ ਇਹੀ ਕਹਿ ਰਿਹਾ ਸੀ ਕਿ ਮੇਰੇ ਲਈ ਆਹ ਕੀਤਾ, ਮੇਰੇ ਲਈ ਉਹ ਕੀਤਾ, ਮੇਰੇ ਨਾਲ ਉਦੋਂ ਖੜ੍ਹਾ ਸੀ ਜਦੋਂ ਕਿਸੇ ਨੇ ਮੇਰੀ ਬਾਂਹ ਨਾ ਫੜੀ, ਹਰ ਪਾਸੇ ਸਿਫ਼ਤਾਂ ਹੀ ਸਿਫ਼ਤਾਂ।

ਗੁਰਦੁਆਰਾ ਸਾਹਿਬ ਆ ਕੇ ਬਾਬੇ ਨੂੰ ਤਰਲੇ ਨਾਲ ਮੈਂ ਇਹੀ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ, ਇਹ ਵਖਤ ਤੂੰ ਪਾਇਆ ਏ ਤੇ ਤੂੰ ਹੀ ਸਿੱਝੀ ਵੀ, ਮੇਰੇ 'ਚ ਹਿੰਮਤ ਨਹੀਂ ਇਨ੍ਹਾਂ ਹਲਾਤਾਂ ਨਾਲ ਲੜਨ ਦੀ, ਗੁਰੂਘਰ ਵਾਲੇ ਭਾਈ ਜੀ ਕਹਿੰਦੇ, ਭੈਣ ਜੀ ਬੜਾ ਔਖਾ ਇਮਤਿਹਾਨ ਪਾ ਦਿੱਤਾ ਰੱਬ ਨੇ। ਮੈਂ ਉਨ੍ਹਾਂ ਨੂੰ ਕਿਹਾ, ਬਾਬਾ ਉਸ ਨੂੰ ਹੀ ਇਮਤਿਹਾਨ 'ਚ ਬਿਠਾਏਗਾ ਜਿਹਨੂੰ ਉਹ ਇਸ ਜੋਗਾ ਸਮਝਦਾ ਏ। ਇਹੀ ਕਿਹਾ ਕਿ ਹੇ ਮਾਲਕਾ, ਇਹ ਹੱਥ ਤੇਰੇ ਅੱਗੇ ਸ਼ੁਕਰਾਨੇ 'ਚ ਜੁੜਨ ਇਨ੍ਹਾਂ ਨੂੰ ਕਿਸੇ ਅੱਗੇ ਅੱਡਣਾ ਨਾ ਪਵੇ। ਰੱਬ ਦੀ ਕ੍ਰਿਪਾ ਰਹੀ ਅੱਜ ਤੱਕ ਕਿਰਤ 'ਚ ਬਰਕਤ ਏ ਤੇ ਹੱਥ ਸ਼ੁਕਰਾਨੇ 'ਚ ਹੀ ਜੁੜਦੇ ਨੇ। ਮੇਰੇ ਕਮਰੇ ਦੀ ਖਿੜਕੀ 'ਚੋਂ ਬਹੁਤ ਸੋਹਣੇ ਪਹਾੜ ਤੇ ਸੋਹਣਾ ਦ੍ਰਿਸ਼ ਦਿਖਾਈ ਦਿੰਦਾ ਹੈ। ਇਹ ਅਕਸਰ ਕਹਿੰਦੇ ਹੁੰਦੇ ਸਨ ਕਿ ਤੂੰ ਖਿੜਕੀ 'ਚ ਖੜ੍ਹਕੇ ਕੁਦਰਤ ਦੇ ਬਦਲਦੇ ਨਜ਼ਾਰਿਆਂ ਨੂੰ ਵੇਖਿਆ ਕਰ, ਕਿਵੇਂ ਇਨ੍ਹਾਂ 'ਚ ਮੌਸਮ ਅਨੁਸਾਰ ਤਬਦੀਲੀ ਆਉਂਦੀ ਏ। ਮੈਂ ਹਰ ਰੋਜ਼ ਦੇਖਦੀ ਹਾਂ ਤੇ ਮੇਰੀਆਂ ਸੋਚਾਂ ਮੈਨੂੰ ਦੂਰ ਵਹਾ ਕੇ ਲੈ ਜਾਂਦੀਆਂ ਨੇ। ਸ਼ਾਮ ਨੂੰ ਜਦ (ਬਾਕੀ ਸਫ਼ਾ 29 'ਤੇ)

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035




# ਸਾਡੇ ਬ੍ਰਹਿਮੰਡ ਦੀ ਕਹਾਣੀ 13 .8 ਅਰਬ ਸਾਲਾਂ ਦੀ ਜ਼ੁਬਾਨੀ



ਹਰਜੀਤ ਸਿੰਘ
ਵਿਗਿਆਨੀ -ਇਸਰੋ, ਤ੍ਰਿਵੇਂਦ੍ਰਮ
ਮੋਬ: +91 9995765095

ਅੱਜ ਜੇ ਮੈਂ ਅਸਮਾਨ ਵੱਲ ਦੇਖਦਾ ਹਾਂ ਤਾਂ ਲਗਭਗ 5000 ਤਾਰੇ ਦੇਖ ਸਕਦਾ ਹਾਂ। ਮਨੁੱਖ ਨੇ ਜਦੋਂ ਤੋਂ ਇਨ੍ਹਾਂ ਨੂੰ ਦੇਖਣਾ ਸ਼ੁਰੂ ਕੀਤਾ ਹੈ, ਉਦੋਂ ਦੇ ਇਹ ਉੱਥੇ ਹੀ ਹਨ, ਓਨੇ ਹੀ ਹਨ। ਸਵਾਲ ਇਹ ਉੱਠਦਾ ਹੈ, ਕੀ ਇਹ ਹਮੇਸ਼ਾ ਅਜਿਹੇ ਸਨ ? ਕੀ ਅਸਮਾਨ ਸਦੀਵੀ ਸਥਿਰ ਹੈ ਜਾਂ ਬਦਲਦਾ ਹੈ ? ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਲਈ ਅੱਜ ਅਸੀਂ ਇੱਕ ਯਾਤਰਾ ਤੇ ਚੱਲਾਂਗੇ। ਰਾਹ ਵਾਸਤੇ ਰੋਟੀ ਪੋਣੇ ਚ ਲਪੇਟ ਲਿਓ ਕਿਉਂਕਿ ਵਾਟ ਲੰਬੀ ਹੈ, 13.8 ਅਰਬ ਸਾਲ ਲੰਬੀ। ਸਹੂਲੀਅਤ ਲਈ ਅਸੀਂ ਇਸ ਯਾਤਰਾ ਨੂੰ ਚਾਰ ਹਿੱਸਿਆਂ ਵਿੱਚ ਵੰਡਾਂਗੇ।

1) ਆਉ ਚਲਦੇ ਆਂ ਪਹਿਲੇ ਹਿੱਸੇ ਵੱਲ ਜਿਸ ਦਾ ਨਾਮ ਹੈ ਬਹੁਤ ਸ਼ੁਰੂਆਤੀ ਬ੍ਰਹਿਮੰਡ । ਇਸ ਹਿੱਸੇ ਦੀ ਮਿਆਦ ਸਿਰਫ਼ 1 ਪੀਕੋਸਕਿੰਟਜਾਂ 10-12 ਸਕਿੰਟ ਯਾਨੀ 0.00000000001 ਸਕਿੰਟ ਹੈ। ਬਹੁਤ ਛੋਟਾ ਹੈ ਨਾ!!! ਪਰ ਹੈ ਇਹ ਬਹੁਤ ਦਿਲਚਸਪ। ਸਮਾਂ 0 ਸਕਿੰਟ, ਬਿਗ ਬੈਂਗ ਨਾਲ ਸਫ਼ਰ ਦੀ ਸ਼ੁਰੂਆਤ। ਬਿਗ ਬੈਂਗ ਦਾ ਮਤਲਬ ਇਹ ਨਹੀਂ ਕਿ ਕੋਈ ਵੱਡਾ ਧਮਾਕਾ ਹੋਇਆ। ਇਸ ਦਾ ਮਤਲਬ ਸਿਰਫ਼ ਸਮਾਂ ਅਤੇ ਸਪੇਸ ਹੋਂਦ ਵਿੱਚ ਆਉਣ ਤੋਂ ਹੈ। ਇਸ ਤੋਂ ਪਹਿਲਾਂ ਸਮਾਂ ਮੌਜੂਦ ਨਹੀਂ ਸੀ, ਤੇ ਜੇ ਸੀ ਵੀ ਤਾਂ ਸ਼ਾਇਦ ਸਾਨੂੰ ਪ੍ਰਭਾਵਿਤ ਨਹੀਂ ਕਰਦਾ। 0 ਤੋਂ 10-43 ਸਕਿੰਟ ਤੱਕ ਦੇ ਸਮੇਂ ਨੂੰ ਪਲੈਂਕ ਯੁੱਗ ਕਿਹਾ ਜਾਂਦਾ ਹੈ। ਇਸ ਸਮੇਂ ਸਾਡੇ ਮੌਜੂਦਾ ਭੌਤਿਕ ਵਿਗਿਆਨ ਦੇ ਸਿਧਾਂਤ ਲਾਗੂ ਨਹੀਂ ਹੁੰਦੇ। ਅਸੀਂ ਅਸਲ ਵਿੱਚ ਨਹੀਂ ਜਾਣਦੇ ਕਿ ਇਸ ਸਮੇਂ ਦੌਰਾਨ ਕੀ ਹੋਇਆ ਸੀ। ਇਸ ਯੁੱਗ ਦੇ ਦੌਰਾਨ, ਤਾਪਮਾਨ ਅਤੇ ਊਰਜਾ ਇੰਨੀ ਜ਼ਿਆਦਾ ਸੀ ਕਿ ਆਮ ਮੁੱਢਲੇ ਕਣ ਵੀ ਨਹੀਂ ਬਣ ਸਕਦੇ ਸਨ ਅਤੇ ਚਾਰ ਬੁਨਿਆਦੀ ਬਲ - ਗੁਰੂਤਾ, ਇਲੈਕਟ੍ਰੋਮੈਗਨੇਟਿਜ਼ਮ, ਕਮਜ਼ੋਰ ਪ੍ਰਮਾਣੂ ਬਲ, ਅਤੇ ਮਜ਼ਬੂਤ ਪ੍ਰਮਾਣੂਬਲ ਮਿਲ ਕੇ ਇੱਕੋ ਬਲ ਵਜੋਂ ਵਿਚਰਦੇ ਸਨ।ਇਸ ਤੋਂ ਬਾਅਦ, ਜਿਵੇਂ-ਜਿਵੇਂ ਬ੍ਰਹਿਮੰਡ ਫੈਲਿਆ, ਠੰਢਾ ਹੁੰਦਾ ਗਿਆ।ਬਿਗ ਬੈਂਗ ਤੋਂ ਬਾਅਦ 10-43 ਸਕਿੰਟਾਂ ਅਤੇ 10-36 ਸਕਿੰਟਾਂ ਦੇ ਵਿਚਕਾਰ, ਗੁਰੂਤਾ ਬਾਕੀ ਬਲਾਂ ਤੋਂ ਵੱਖ ਹੋ ਗਈ।ਇਸ ਨੂੰ ਗ੍ਰੈਂਡ ਯੂਨੀਫਾਈਡ ਇੰਟਰੈਕਸ਼ਨ ਯੁੱਗ ਵਜੋਂ ਜਾਣਿਆ ਜਾਂਦਾ ਹੈ। ਇਸ ਤੋਂ ਬਾਅਦ ਮਜ਼ਬੂਤ ਪ੍ਰਮਾਣੂ ਬਲ 10-36 ਤੋਂ 10-32 ਸਕਿੰਟਾਂ ਦੇ ਵਿਚਕਾਰ ਇਲੈਕਟ੍ਰੋਵੀਕ ਬਲ ਨੂੰ ਛੱਡ ਕੇ ਵੱਖ ਹੋ ਜਾਂਦਾ ਹੈ। ਇਸ ਦੇ ਨਾਲ ਹੀ ਇੱਕ ਹੋਰ ਬਹੁਤ ਤੇਜ਼ ਵਰਤਾਰਾ ਵਾਪਰਦਾ ਹੈ ਜਿਸ ਨੂੰ ਅਸੀਂ ਫੈਲਾਓ (inflation) ਕਹਿੰਦੇ ਹਾਂ। ਬ੍ਰਹਿਮੰਡ, ਕਿਸੇ ਕਾਰਨ ਕਰਕੇ, ਬਿਗ ਬੈਂਗ ਤੋਂ ਬਾਅਦ ਲਗਭਗ 10-33 ਤੋਂ 10-32 ਸਕਿੰਟਾਂ ਵਿਚਕਾਰ ਆਕਾਰ ਵਿੱਚ 1026 ਗੁਣਾ ਫੈਲ ਗਿਆ। ਇਹ ਮੰਨਿਆ ਜਾਂਦਾ ਹੈ ਕਿ ਮਜ਼ਬੂਤ ਪ੍ਰਮਾਣੂ ਸ਼ਕਤੀ ਦਾ ਵੱਖ ਹੋਣਾ ਇਸ ਦਾ ਕਾਰਨ ਹੈ ਪਰ ਅਜੇ ਤੱਕ ਇਸ ਦਾ ਕੋਈ ਸਬੂਤ ਨਹੀਂ ਹੈ। ਇਸ ਪ੍ਰਕਿਰਿਆ ਵਿੱਚ ਬ੍ਰਹਿਮੰਡ ਲਗਭਗ 1027 ਤੋਂ 1022 ਕੈਲਵਿਨ ਤੱਕ ਠੰਢਾ ਹੁੰਦਾ ਹੈ ਅਤੇ ਮੁਢਲੇ ਕਣ ਹੁਣ ਗਰਮ ਆਇਨਾਈਜ਼ਡ ਗੈਸ ਦੇ ਸ਼ੋਰਬੇ ਦੇ ਰੂਪ ਵਿੱਚ ਬਣਦੇ ਹਨ ਜਿਸ ਨੂੰ ਕੁਆਰਕ-ਗਲੂਓਨ ਪਲਾਜ਼ਮਾ ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਇਲੈਕਟ੍ਰੋਵੀਕ ਯੁੱਗ ਆਉਂਦਾ ਹੈ, ਜਿੱਥੇ ਬਾਕੀ ਦੋ ਬੁਨਿਆਦੀ ਬਲ, ਕਮਜ਼ੋਰ ਪ੍ਰਮਾਣੂ ਬਲ ਅਤੇ ਇਲੈਕਟ੍ਰੋਮੈਗਨੈਟਿਕ ਬਲ ਵੀ ਵੱਖ ਹੋ ਜਾਂਦੇ ਹਨ। 1 ਪੀਕੋਸਕਿੰਟ ਖਤਮ ਹੋ ਗਿਆ ਹੈ ਅਤੇ ਸਾਡੀ ਯਾਤਰਾ ਦਾ ਪਹਿਲਾ ਹਿੱਸਾ ਵੀ।

2) ਸਾਡੀ ਯਾਤਰਾ ਦਾ ਅਗਲਾ ਪੜਾਅ ਵੀ ਬਹੁਤ ਛੋਟਾ ਹੈ, ਸਿਰਫ਼ 3,70,000 ਸਾਲ ਲੰਬਾ। ਜਦੋਂ ਸਮੁੱਚੀ ਯਾਤਰਾ 13.8 ਅਰਬ ਸਾਲਾਂ ਦੀ ਹੈ, ਤਾਂ 3,70,000 ਸਾਲ ਯਕੀਨੀ ਤੌਰ 'ਤੇ ਬਹੁਤ ਘੱਟ ਨੇ। ਅਸੀਂ ਇਸ ਨੂੰ ਸ਼ੁਰੂਆਤੀ ਬ੍ਰਹਿਮੰਡ ਕਹਿੰਦੇ ਹਾਂ। ਇਸ ਹਿੱਸੇ ਅਤੇ ਇਸ ਤੋਂ ਅੱਗੇ ਦੇ ਵਰਤਾਰਿਆਂ ਨੂੰ ਠੀਕ ਠਾਕ ਤਰ੍ਹਾਂ ਨਾਲ ਸਮਝ ਚੁੱਕੇ ਹਾਂ। 10-12 ਤੋਂ 10-5ਸਕਿੰਟ ਤੱਕ ਨੂੰ ਕੁਆਰਕ ਯੁੱਗ ਕਿਹਾ ਜਾਂਦਾ ਹੈ। ਹੁਣ ਤੱਕ ਵਿਚਰਨ ਵਾਲੇ ਮੁਢਲੇ ਕਣ ਪੁੰਜਹੀਣ ਸਨ, ਪਰ ਸਾਰੇ ਬੁਨਿਆਦੀ ਬਲਾਂ ਦੇ ਅਲੱਗ ਹੋਣ ਤੋਂ ਬਾਅਦ ਹੁਣ ਇਹ ਕਣ ਹਿਗਜ਼ ਫੀਲਡ ਨਾਲ ਮਿਲ ਕੇ ਪੁੰਜ ਪ੍ਰਾਪਤ ਕਰ ਸਕਦੇ ਹਨ। ਪਰ ਬ੍ਰਹਿਮੰਡ ਦਾ ਤਾਪਮਾਨ ਅਜੇ ਵੀ ਇੰਨਾ ਜ਼ਿਆਦਾ ਹੈ ਕਿ ਇਹ ਕੁਆਰਕ ਆਪਸ ਵਿੱਚ ਨਹੀਂ ਜੁੜ ਸਕਦੇ। ਬ੍ਰਹਿਮੰਡ ਅਜੇ ਵੀ ਸੰਘਣੇ ਗਰਮ ਕੁਆਰਕ-ਗਲੂਓਨ ਪਲਾਜ਼ਮਾ ਨਾਲ ਭਰਿਆ ਹੋਇਆ ਹੈ। 10-5 ਸਕਿੰਟਾਂ ਤੋਂ ਬਾਅਦ, ਜਿਵੇਂ ਬ੍ਰਹਿਮੰਡ ਹੋਰ ਠੰਢਾ ਹੁੰਦਾ ਹੈ, ਕੁਆਰਕ ਜੁੜ ਕੇ ਪ੍ਰੋਟੋਨ ਅਤੇ ਨਿਊਟ੍ਰੋਨ ਸਮੇਤ ਹੈਡਰੋਨ ਬਣਨਾ ਸ਼ੁਰੂ ਹੋ ਜਾਂਦੇ ਹਨ। ਤਾਪਮਾਨ ਹੋਰ ਡਿੱਗਣ ਤੇਨਵੇਂ ਹੈਡਰੋਨ/ਐਂਟੀ-ਹੈਡਰੋਨ ਜੋੜੇ ਬਣਨੇ ਬੰਦ ਹੋ ਜਾਂਦੇ ਨੇ। ਜ਼ਿਆਦਾਤਰ ਨਵੇਂ ਬਣੇ ਹੈਡਰੋਨ ਅਤੇ ਐਂਟੀ-ਹੈਡਰੋਨ ਇੱਕ ਦੂਜੇ ਨਾਲ ਟਕਰਾਅ ਕੇ ਖਤਮ ਹੋ ਜਾਂਦੇ ਨੇ ਅਤੇ ਉੱਚ-ਊਰਜਾ ਵਾਲੇ ਫੋਟੌਨਾਂ ਦੇ ਜੋੜਿਆਂ ਨੂੰ ਜਨਮ ਦਿੰਦੇ ਹਨ। ਹੈਡਰੋਨ ਯੁੱਗ 1 ਸਕਿੰਟ ਤੇ ਖਤਮ ਹੁੰਦਾ ਹੈ ਅਤੇ ਇਸ ਸਮੇਂ ਹੈਡਰੋਨ ਥੋੜ੍ਹੇ ਜ਼ਿਆਦਾ ਬਚ ਜਾਂਦੇ ਨੇ। 1 ਸਕਿੰਟ ਤੋਂ 10 ਸਕਿੰਟਾਂ ਵਿਚਕਾਰ, ਤਾਪਮਾਨ ਘਟ ਕੇ ਲੈਪਟੌਨ ਬਣਨ ਦੇ ਅਨੁਕੂਲ ਹੋ ਜਾਂਦਾ ਹੈ, ਅਤੇ ਇਸ ਨੂੰ ਲੈਪਟੌਨ ਯੁਗ ਕਿਹਾ ਜਾਂਦਾ ਹੈ। ਇਲੈਕਟ੍ਰੋਨ ਇੱਕ ਤਰ੍ਹਾਂ ਦਾਲੈਪਟੌਨ ਹੈ। ਹੈਡਰੋਨ ਦੀ ਤਰ੍ਹਾਂ, 10 ਸਕਿੰਟਾਂ 'ਤੇ, ਬ੍ਰਹਿਮੰਡ ਦਾ ਤਾਪਮਾਨ ਇੰਨਾ ਠੰਢਾ ਹੋ ਜਾਂਦਾ ਹੈ ਕਿ ਹੋਰ ਲੈਪਟੌਨ/ਐਂਟੀਲੈਪਟੌਨ ਨਹੀਂ ਬਣ ਸਕਦੇ। ਇਹ ਜੋੜੇ ਵੀ ਇੱਕ ਦੂਜੇ ਵਿੱਚ ਵਿਲੀਨ ਹੋ ਕੇ ਉੱਚ ਊਰਜਾ ਵਾਲੇ ਫੋਟੌਨ ਛੱਡਦੇ ਹਨ।ਇਸ ਯੁੱਗ ਦੇ ਅੰਤ ਤੇ ਵੀ ਕੁਝ ਲੈਪਟੌਨ ਬਚ ਜਾਂਦੇ ਨੇ। ਹੁਣ ਜਦੋਂ ਕਿ ਜ਼ਿਆਦਾਤਰ ਮਾਦਾ ਇੱਕ ਦੂਜੇ ਨੂੰ ਖਤਮ ਕਰ ਚੁੱਕਿਆ ਹੈ, ਬ੍ਰਹਿਮੰਡ ਵਿੱਚ ਫੋਟੌਨਾਂ ਦੀ ਬਹੁਤਾਤ ਬਚੀ ਹੈ। ਇਹਨਾਂ ਫੋਟੌਨਾਂ ਕੋਲ ਬਹੁਤ ਖਾਲੀ ਸਮਾਂ ਹੈ ਅਤੇ ਉਹ ਅਗਲੇ 3,70,000 ਸਾਲਾਂ ਤੱਕ ਪ੍ਰੋਟੋਨ, ਇਲੈਕਟ੍ਰੌਨ ਆਦਿ ਵਿੱਚ ਵੱਜਦੇ ਰਹਿੰਦੇ ਨੇ। ਬਿਗ ਬੈਂਗ ਤੋਂ 2 ਮਿੰਟ ਬਾਅਦ, ਬ੍ਰਹਿਮੰਡ ਐਨਾ ਕੁ ਠੰਢਾ ਹੋ ਗਿਆ ਹੈ ਕਿ ਪ੍ਰੋਟੋਨ ਅਤੇ ਨਿਊਟ੍ਰੋਨ ਜੁੜ ਸਕਦੇ ਹਨ ਅਤੇ ਪ੍ਰਮਾਣੂ ਨਾਭੀ (nucleus) ਬਣਾ ਸਕਦੇ ਹਨ। ਲਗਭਗ 25% ਪ੍ਰੋਟੋਨ ਅਤੇ ਸਾਰੇ ਨਿਊਟ੍ਰੋਨਆਪਸ ਵਿੱਚ ਜੁੜਕੇ ਡਿਊਟੀਰੀਅਮ (ਹਾਈਡ੍ਰੋਜਨ ਦਾ ਇੱਕ ਆਈਸੋਟੋਪ)ਬਣਾਉਂਦੇ ਨੇ ਜੋ ਫਿਰ ਜੁੜ ਕੇ ਤੇਜ਼ੀ ਨਾਲ ਹੀਲੀਅਮ-4ਬਣਾਉਂਦਾ ਹੈ। ਉੱਚ ਤਾਪਮਾਨ 'ਤੇ, ਪ੍ਰਮਾਣੂ ਆਸਾਨੀ ਨਾਲ ਟੁੱਟ-ਜੁੜ ਕੇ ਹਲਕੇ ਜਾਂ ਭਾਰੀ ਤੱਤ ਬਣਾਉਂਦੇ ਹਨ। ਪਰ ਲਗਭਗ 3 ਮਿੰਟ ਬਾਅਦ ਤਾਪਮਾਨ ਲੋੜੀਂਦੇ ਤਾਪਮਾਨ ਤੋਂ ਹੇਠਾਂ ਆ ਜਾਂਦਾ ਹੈ ਅਤੇ ਸਾਰੇ ਪ੍ਰਮਾਣੂ ਸਥਿਰ ਹੋ ਜਾਂਦੇ ਨੇ। ਸਮਾਂ ਥੋੜ੍ਹਾ ਮਿਲਣ ਕਰਕੇ ਇਸ ਦੌਰ ਚ ਸਿਰਫ਼ ਹਲਕੇ ਤੱਤ ਹੀ ਬਣ ਸਕੇ ਕਿਉਂਕਿ ਭਾਰੀ ਤੱਤਾਂ ਨੂੰ ਬਣਨ ਵਿੱਚ ਲੱਖਾਂ ਸਾਲ ਲੱਗ ਜਾਂਦੇ ਹਨ। ਇਸ ਯੁੱਗ ਦੇ ਅੰਤ ਤੱਕ 75%ਪ੍ਰਮਾਣੂ ਹਾਈਡ੍ਰੋਜਨ ਅਤੇ 25% ਹੀਲੀਅਮ ਦੇ ਬਣੇ ਅਤੇ ਬਹੁਤ ਥੋੜ੍ਹੇ ਲਿਥੀਅਮ ਦੇ। ਬਾਕੀ ਕੁਝ ਤੱਤ ਨਾਮਤਰ ਹੀ ਬਣੇ। ਇਹ ਪ੍ਰਕਿਰਿਆ ਬਿਗ ਬੈਂਗ ਤੋਂ 20 ਮਿੰਟ ਬਾਅਦ ਖਤਮ ਹੋ ਜਾਂਦੀ ਹੈ। ਹਾਲੇ ਬ੍ਰਹਿਮੰਡ ਵਿੱਚ ਕੋਈ ਉਦਾਸੀਨ ਪ੍ਰਮਾਣੂ ਨਹੀਂ ਹਨ ਕਿਉਂਕਿ ਤਾਪਮਾਨ ਇੰਨਾ ਠੰਢਾ ਨਹੀਂ ਹੈ ਕਿ ਇਲੈਕਟ੍ਰੌਨਾਂ ਨੂੰ ਪ੍ਰਮਾਣੂ ਨਾਭੀ ਫੜ੍ਹ ਜਾ ਸਕੇ। ਇਸ ਲਈ ਫੋਟੋਨ ਇਹਨਾਂ ਨਾਲ ਟਕਰਾਉਂਦੇ ਰਹਿੰਦੇ ਹਨ ਅਤੇ ਬ੍ਰਹਿਮੰਡ ਇੱਕ ਧੁੰਦਲੀ ਜਗ੍ਹਾ ਵਾਂਗ ਦਿਖਾਈ ਦਿੰਦਾ ਹੈ। ਪਰ ਬਿੱਗ ਬੈਂਗ ਤੋਂ ਲਗਭਗ 18,000 ਸਾਲਾਂ ਬਾਅਦ, ਬ੍ਰਹਿਮੰਡ ਕਾਫ਼ੀ ਠੰਢਾ ਹੋ ਜਾਂਦਾ ਹੈ ਅਤੇ ਹੀਲੀਅਮ ਨਾਭੀ ਲਈ ਇਲੈਕਟ੍ਰੌਨਾਂ ਨੂੰ ਫੜ੍ਹ ਸਕਣਾ ਸੰਭਵ ਹੋ ਜਾਂਦਾ ਹੈ। ਹੀਲੀਅਮ ਪ੍ਰਮਾਣੂ ਬਣਨਾ ਪਹਿਲਾਂ ਸ਼ੁਰੂ ਹੋਇਆ ਅਤੇ ਉਸ ਤੋਂ ਬਾਅਦ ਹਾਈਡ੍ਰੋਜਨ ਪ੍ਰਮਾਣੂ ਬਣਨਾ ਸ਼ੁਰੂ ਹੋਇਆ। ਲਗਭਗ 1,00,000 ਸਾਲਾਂ ਬਾਅਦ, ਬ੍ਰਹਿਮੰਡ ਏਨਾ ਕੁ ਠੰਢਾ ਹੋ ਗਿਆ ਕਿ ਸਭ ਤੋਂ ਪਹਿਲਾ ਅਣੂ ਹੀਲੀਅਮ ਹਾਈਡ੍ਰਾਈਡ ਬਣ ਸਕੇ।ਇਸੇ ਅਣੂ ਨਾਲ ਟਕਰਾ ਕੇਹਾਈਡ੍ਰੋਜਨ ਪ੍ਰਮਾਣੂ ਬਹੁਤ ਬਾਅਦ ਵਿੱਚ ਹਾਈਡ੍ਰੋਜਨ ਦਾ ਅਣੂ ਬਣਾਉਂਦਾ ਹੈ। ਇਸੇ ਸਮੇਂ ਦੌਰਾਨ ਹਾਈਡ੍ਰੋਜਨ ਦੇ ਇਲੈਕਟ੍ਰੋਨ ਵੱਧ ਤੋਂ ਘੱਟ ਊਰਜਾ ਵਾਲੀ ਸਥਿਤੀ ਵੱਲ ਆਉਂਦੇ ਨੇ ਅਤੇ ਉਸ ਊਰਜਾ ਨੂੰ ਪ੍ਰਕਾਸ਼ ਦੇ ਰੂਪ ਵਿੱਚ ਛੱਡਦੇ ਨੇ। ਉਸੇ ਪ੍ਰਕਾਸ਼ ਨੂੰ ਅਸੀਂ ਅੱਜ Cosmic Microwave Background (CMB)ਵਜੋਂ ਦੇਖਦੇ ਹਾਂ। ਫਿੱਕੇ ਪੀਲੇ ਰੰਗ ਦਾ ਇਹ ਪ੍ਰਕਾਸ਼,ਬ੍ਰਹਿਮੰਡ ਦੇ ਫੈਲਾਓ ਕਰਕੇ, ਮਾਈਕ੍ਰੋਵੇਵ ਵਿੱਚ ਬਦਲ ਗਿਆ ਅਤੇ ਹੁਣ ਮਾਈਕ੍ਰੋਵੇਵ ਦੂਰਬੀਨ ਦੀ ਵਰਤੋਂ ਕਰਕੇ ਦੇਖਿਆ ਜਾਂਦਾ ਹੈ। ਇਹ CMB ਸ਼ੁਰੂਆਤੀ ਬ੍ਰਹਿਮੰਡ ਅਤੇ ਇਸ ਦੇ ਵਿਕਾਸ ਬਾਰੇ ਕਈ ਅਹਿਮ ਸਬੂਤ ਦਿੰਦਾ ਹੈ। ਅਸੀਂ ਆਪਣੀ ਯਾਤਰਾ ਦਾ ਦੂਜਾ ਭਾਗ ਇੱਥੇ ਖਤਮ ਕਰਦੇ ਹਾਂ।

3) ਸਾਡੀ ਯਾਤਰਾ ਦਾ ਅਗਲਾ ਹਿੱਸਾ ਇੱਕ ਸੁਰੰਗ ਰਾਹੀਂ ਹੈ। ਇੱਕ ਲੰਬੀ ਹਨੇਰੀ ਸੁਰੰਗ। ਕਿੰਨੀ ਲੰਬੀ 3,70,000 ਸਾਲਾਂ ਤੋਂ 1 ਅਰਬ ਸਾਲਾਂ ਤੱਕ ਫੈਲੀ ਹੋਈ। ਅਤੇ ਹਨੇਰੀ ਕਿਉਂ ?ਆਓ ਦੇਖੀਏ। ਇੱਕ ਵਾਰ ਜਦੋਂ ਸਾਰੇ ਪ੍ਰੋਟੋਨ, ਨਿਊਟ੍ਰੌਨ ਅਤੇ ਇਲੈਕਟ੍ਰੌਨ ਜੁੜ ਕੇ ਉਦਾਸੀਨ ਅਣੂਆਂ ਵਿੱਚ ਬਦਲ ਗਏ ਤਾਂ ਬ੍ਰਹਿਮੰਡ ਪਾਰਦਰਸ਼ੀ ਹੋ ਗਿਆ। ਕਿਉਂਕਿ ਹਰ ਚੀਜ਼ ਸਭ ਤੋਂ ਘੱਟ ਊਰਜਾ ਅਵਸਥਾ 'ਤੇ ਸੀ, ਕੋਈ ਵੀ ਨਵੇਂ ਫੋਟੌਨ ਨਹੀਂ ਨਿਕਲ ਰਹੇ ਸਨ। ਇਸ ਦਾ ਮਤਲਬ ਹੈ ਕਿ ਕੋਈ ਰੋਸ਼ਨੀ ਪੈਦਾ ਨਹੀਂ ਹੋ ਰਹੀ ਸੀ ਅਤੇ ਬ੍ਰਹਿਮੰਡ ਇੱਕ ਹਨੇਰੇ ਯੁੱਗ ਵਿੱਚ ਦਾਖਲ ਹੋ ਗਿਆ। ਇਹ ਬਹੁਤ ਲੰਬੇ ਸਮੇਂ ਤੱਕ ਜਾਰੀ ਰਿਹਾ, ਜਦੋਂ ਤੱਕ ਗੁਰੂਤਾ ਨੇ ਆਪਣਾ ਕਮਾਲ ਨਹੀਂ ਦਿਖਾਇਆ। ਗੁਰੂਤਾ ਨੇ ਮਾਦੇ ਨੂੰ ਖਿੱਚ ਕੇ ਇਕੱਠੇ ਕਰਨਾ ਸ਼ੁਰੂ ਕੀਤਾ ਅਤੇ ਬਿਗ ਬੈਂਗ ਤੋਂ ਕਈ ਕਰੋੜ ਸਾਲਾਂ ਬਾਅਦ ਤਾਰਿਆਂ ਦੀ ਪਹਿਲੀ ਪੀੜ੍ਹੀ, ਜਿਸ ਨੂੰ ਆਬਾਦੀ 999 ਤਾਰੇ ਵਜੋਂ ਜਾਣਿਆ ਜਾਂਦਾ ਹੈ, ਬਣਨੀ ਸ਼ੁਰੂ ਹੋਈ ।ਤਾਰਿਆਂ ਦੀਆਂ ਮੁਢਲੀਆਂ ਢਾਣੀਆਂ ਲਗਭਗ 15 ਕਰੋੜ ਸਾਲਾਂ ਤੋਂ ਬਾਅਦ ਬਣਨੀਆਂ ਸ਼ੁਰੂ ਹੋ ਗਈਆਂ ਅਤੇ ਸ਼ੁਰੂਆਤੀ ਗਲੈਕਸੀਆਂ ਲਗਭਗ 38 ਤੋਂ 70ਕਰੋੜ ਸਾਲਾਂ ਵਿੱਚ ਬਣਨੀਆਂ ਸ਼ੁਰੂ ਹੋਈਆਂ। ਜਿਵੇਂ-ਜਿਵੇਂ ਇਹ ਸਭ ਬਣਿਆ, ਹਨੇਰਾ ਯੁੱਗ ਹੌਲੀ-ਹੌਲੀ ਖ਼ਤਮ ਹੋ ਗਿਆ। ਕਿਉਂਕਿ ਇਹ ਪ੍ਰਕਿਰਿਆ ਹੌਲੀ ਸੀ, ਹਨੇਰਾ ਯੁੱਗ ਲਗਭਗ 1ਅਰਬ ਸਾਲਾਂ ਬਾਅਦ ਹੀ ਪੂਰਾ ਖਤਮ ਹੋਇਆ ।ਸਭ ਤੋਂ ਪੁਰਾਣੇ ਤਾਰਿਆਂ ਨੂੰ ਆਬਾਦੀ 999 ਦੇ ਤਾਰਿਆਂ ਵਜੋਂ ਜਾਣਿਆ ਜਾਂਦਾ ਹੈ ਜਿਨ੍ਹਾਂ ਦੀ ਮੁੱਖ ਸਮੱਗਰੀ ਸਿਰਫ਼ ਹਾਈਡ੍ਰੋਜਨ, ਹੀਲੀਅਮ ਹੈ। ਇਹ ਤਾਰਿਆਂ ਦਾ ਭਾਰ 1000 ਸੂਰਜਾਂ ਦੇ ਭਾਰ ਬਰਾਬਰ ਵੀ ਹੋ ਸਕਦਾ ਸੀ। ਇਸੇ ਕਰਕੇ ਇਹ ਥੋੜ੍ਹੇ ਸਮੇਂ ਲਈ ਜਿਉਂਦੇ ਰਹੀ ਸਕਦੇ ਸਨ ਅਤੇ ਕੁਝ ਲੱਖਾਂ ਸਾਲਾਂ ਬਾਅਦ ਇੱਕ ਵਿਸ਼ਾਲ ਧਮਾਕੇ ਨਾਲ ਖਤਮ ਹੋ ਜਾਂਦੇ। ਇਨ੍ਹਾਂ ਧਮਾਕਿਆਂ ਨਾਲ ਉਨ੍ਹਾਂ ਨੇ ਬ੍ਰਹਿਮੰਡ ਨੂੰ ਉਹ ਭਾਰੀ ਤੱਤਾਂ ਨਾਲ ਭਰ ਦਿੱਤਾ ਜੋ ਉਹਨਾਂ ਨੇ ਆਪਣੇ ਕੋਰ ਦੇ ਅੰਦਰ ਬਣਾਏ ਸਨ। ਇਸੇ ਪਦਾਰਥ ਤੋਂ ਅੱਗੇ ਬਣੇ ਤਾਰਿਆਂ ਨੂੰ ਜਨ-ਸੰਖਿਆ 99 ਤਾਰਿਆਂ ਵਜੋਂ ਜਾਣਿਆ ਜਾਂਦਾ ਹੈ, ਅਤੇ ਉਸ ਤੋਂ ਬਾਅਦ ਵਾਲਿਆਂ ਨੂੰ ਜਨ-ਸੰਖਿਆ 9 ਤਾਰੇ ਕਿਹਾ ਜਾਂਦਾ ਹੈ। ਇਨ੍ਹਾਂ ਤਾਰਿਆਂ ਵਿੱਚੋਂ ਅੱਗੇ ਗਲੈਕਸੀਆਂ, ਉਸ ਤੋਂ ਅੱਗੇ ਗਲੈਕਸੀਆਂ ਦੀਆਂ ਢਾਣੀਆਂ ਅਤੇ ਫਿਰ ਉਨ੍ਹਾਂ ਦੇ ਅੱਗੇ ਸੁਪਰ ਸਮੂਹ ਬਣੇ ਅਤੇ ਬਣ ਰਹੇ ਨੇ।




4) ਹੁਣ ਅਸੀਂ ਆਪਣੀ ਯਾਤਰਾ ਦੇ ਆਖਰੀ ਪੜਾਅ ਵਿੱਚ ਦਾਖਲ ਹੁੰਦੇ ਹਾਂ। ਇਹ ਉਹ ਬ੍ਰਹਿਮੰਡ ਹੈ ਜੋ ਅਸੀਂ ਅੱਜ ਦੇਖਦੇ ਹਾਂ। ਤਾਰਿਆਂ ਦੇ ਜਨਮ/ਮੌਤ, ਗਲੈਕਸੀਆਂ ਦਾ ਜਨਮ/ਵਿਲੀਨਤਾ ਆਦਿ ਦਾ ਨਿਯਮਿਤ ਕਾਰੋਬਾਰ ਚੱਲ ਰਿਹਾ ਹੈ ਅਤੇ ਆਉਣ ਵਾਲੇ ਅਰਬਾਂ ਸਾਲਾਂ ਤੱਕ ਜਾਰੀ ਰਹੇਗਾ। ਪਰ ਬਿਗ ਬੈਂਗ ਤੋਂ ਬਾਅਦ ਲਗਭਗ 9.8ਅਰਬ ਸਾਲਾਂ ਵਿੱਚ ਇੱਕ ਚੀਜ਼ ਬਦਲ ਗਈ। ਬਿਗ ਬੈਂਗ ਤੋਂ 3,70,000 ਸਾਲਾਂ ਬਾਅਦ, ਗੁਰੂਤਾ ਖਿੱਚ ਕਰਕੇ ਬ੍ਰਹਿਮੰਡ ਦਾ ਫੈਲਾਓ ਹੌਲੀ ਹੋਣਾ ਸ਼ੁਰੂ ਹੋ ਗਿਆ ਸੀ। ਪਰ ਲਗਭਗ 9.8ਅਰਬ ਸਾਲਾਂ ਬਾਅਦ ਇਹ ਫੈਲਾਓ ਹੌਲੀ ਹੋਣ ਰੁਕ ਗਿਆ ਅਤੇ ਰੁਕਿਆ ਅਤੇ ਫਿਰ ਤੋਂ ਤੇਜ਼ ਹੋਣਾ ਸ਼ੁਰੂ ਹੋ ਗਿਆ। ਹਾਲਾਂਕਿ ਇਸ ਦਾ ਸਹੀ ਕਾਰਨ ਪਤਾ ਨਹੀਂ ਹੈ, ਪਰ ਮੰਨਿਆ ਇਹੀ ਜਾਂਦਾ ਹੈ ਕਿ ਇਹ 'ਹਨੇਰੀ (dark) ਊਰਜਾ' ਦੇ ਕਾਰਨ ਹੈ। 'ਹਨੇਰੀ ਦਾ ਮਤਲਬ ਹੈ ਕਿ ਇਹ ਸਿੱਧੇ ਤੌਰ 'ਤੇ ਨਹੀਂ ਦੇਖੀ ਗਈ ਪਰ ਅਸਿੱਧੇ ਤੌਰ ਤੇ ਇਸ ਦੇ ਪ੍ਰਭਾਵ ਦਿਖਦੇ ਹਨ।

ਸੱਚ ! ਆਪਣੇ ਘਰ ਦੀ ਗੱਲ ਕਰਨਾ ਤਾਂ ਭੁੱਲ ਈ ਗਏ। ਸਾਡੀ ਆਕਾਸ਼ ਗੰਗਾ ਦਾ ਨਿਰਮਾਣ ਬਿਗ ਬੈਂਗ ਤੋਂ ਲਗਭਗ 8.8ਅਰਬ ਸਾਲ ਬਾਅਦ ਹੋਇਆ, ਸੂਰਜ ਉਸ ਤੋਂ 40 ਕਰੋੜ ਸਾਲ ਬਾਅਦ ਅਤੇ ਸਾਡੀ ਪਿਆਰੀ ਧਰਤੀ ਉਸ ਤੋਂ 1 ਕਰੋੜ ਸਾਲ ਬਾਅਦ ਬਣੀ।

ਇਸ ਨਾਲ ਸਾਡੀ ਯਾਤਰਾ ਸਮਾਪਤ ਹੋ ਜਾਂਦੀ ਹੈ। ਬ੍ਰਹਿਮੰਡ ਦਾ ਭਵਿੱਖ ਕੀ ਹੋਵੇਗਾ, ਇਹ ਕਿਵੇਂ ਖਤਮ ਹੋਵੇਗਾ ? ਕੁਝ ਸਿਧਾਂਤ ਹਨ, ਪਰ ਅਜੇ ਤੱਕ ਕੁਝ ਵੀ ਸਾਬਤ ਨਹੀਂ ਹੋਇਆ ਹੈ। ਖੈਰ, ਇਸ ਬਾਰੇ ਕਿਸੇ ਹੋਰ ਦਿਨ ਗੱਲ ਕਰਾਂਗੇ। ਏਨਾ ਲੰਬਾ ਸਫ਼ਰ ਕਰਕੇ ਤੁਸੀਂ ਥੱਕ ਗਏ ਹੋਵੋਗੇ, ਥੋੜ੍ਹਾ ਅਰਾਮ ਕਰ ਲਓ।

ਨਾਵਲ ਕਿਸ਼ਤ-8

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ



ਹਰਦੇਵ ਗਰੇਵਾਲ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਿਪਾਹੀ ਨੂੰ ਘੁਰਕੀ ਲੈ ਕੇ ਪੈਂਦਿਆਂ ਸਰਦੂਲ ਸਿੰਘ ਬੋਲਿਆ, 'ਉਹਦੀ ਤਾਂ ਮੈਂ ਐਹੋ ਜਿਹੀ ਤਹਿ ਲਾਊਂ ਕਿ ਸੱਤ ਪੁਸ਼ਤਾਂ ਤੱਕ 'ਲਾਦਾਂ ਗੂੰਗੀਆਂ ਜੰਮਣਗੀਆਂ ਮੇਰੇ ਸਾਲ਼ੇ ਦੀਆਂ! ਸਰਦੂਲ ਸਿੰਘ ਏ.ਐੱਸ.ਆਈ. ਸਾਹਮਣੇ ਮੂੰਹ ਖੋਲ੍ਹਣ ਵਾਲ਼ਿਆਂ ਦੇ ਮੋਢਿਆਂ 'ਤੇ ਸਿਰ ਨੀਂ ਬਚਿਆ ਅੱਜ ਥਾਈਂ ਦੱਸਾਂ ਮੈਂ ਤੈਨੂੰ, ਤੂੰ ਦੇਖਦਾ ਜਾਹ ਕੇਰਾਂ ਹੁਣ ਬਣਦਾ ਕੀ ਆ ਮੇਰੇ ਸਾਲ਼ੇ ਦਾ।'

'ਆਜੋ ਜਨਾਬ, ਲਾਸ਼ ਲਹਾ ਲੋ ਥੱਲੇ। ਉਨ੍ਹਾਂ ਦਾ ਕੰਮ ਤਾਂ ਨਿੱਬੜ ਗਿਆ।' ਅੰਦਰੋਂ ਇੱਕ ਸਿਪਾਹੀ ਨੇ ਸਰਦੂਲ ਸਿੰਘ ਨੂੰ ਆਣ ਕਿਹਾ।

'ਉਏ ਖੜ੍ਹ ਜਾ, ਕਰਦਾਂ ਤੇਰਾ ਵੀ ਸਿਆਪਾ,' ਸਤੇ ਹੋਏ ਸਰਦੂਲ ਸਿੰਘ ਨੇ ਅੰਦਰੋਂ ਆਏ ਸਿਪਾਹੀ ਨੂੰ ਆਖਦਿਆਂ ਨਾਲ਼ ਖੜ੍ਹੇ ਸਿਪਾਹੀ ਨੂੰ ਕਿਹਾ, 'ਤੁਸੀਂ ਚੱਲੋ ਅੰਦਰ, ਮੈਂ ਆਇਆ ਇੱਕ ਮਿੰਟ 'ਚ।'

ਉਹ ਦੋਨੋਂ ਕਮਰੇ ਵੱਲ ਰਵਾਨਾ ਹੋ ਗਏ।

ਸਰਦੂਲ ਸਿੰਘ ਨੇ ਜੇਬ 'ਚੋਂ ਮੋਬਾਈਲ ਕੱਢਿਆ ਤੇ 'ਰੋਜ਼ਾਨਾ ਖ਼ਬਰਨਾਮਾ' ਦੇ ਅਸਿਸਟੈਂਟ ਐਡੀਟਰ-ਇਨ-ਚੀਫ਼ ਮੋਹਨ ਸਿੰਘ ਬੈਂਸ ਦਾ ਨੰਬਰ ਮਿਲਾਇਆ।

ਮੋਹਨ ਸਿੰਘ ਨਾਲ਼ ਉਸਦੀ ਸਹੁਰੇ ਵਾਲ਼ੇ ਪਾਸਿਓਂ ਰਿਸ਼ਤੇਦਾਰੀ ਪੈਂਦੀ ਸੀ। ਮੋਹਨ ਸਿੰਘ ਦੀ ਲੜਕੀ ਦੀ ਛੱਡ-ਛਡਾਈ ਦੇ ਮਾਮਲੇ 'ਚ ਸਰਦੂਲ ਸਿੰਘ ਨੇ ਉਸਦੀ ਕਾਫ਼ੀ ਮੱਦਦ ਕੀਤੀ ਸੀ। ਸਰਦੂਲ ਸਿੰਘ ਦੀ ਪਹੁੰਚ ਸਦਕਾ ਹੀ ਮੋਹਨ ਸਿੰਘ ਨੇ ਆਪਣੇ ਕੁੜਮਾਂ 'ਤੇ ਤਿੰਨ-ਚਾਰ ਝੂਠੇ ਕੇਸ ਪੁਆ ਕੇ ਮੋਟੀ ਰਕਮ ਵੀ ਕਢਵਾਈ ਸੀ ਤੇ ਕੁੜੀ ਨੂੰ ਤਲਾਕ ਅਤੇ ਬੱਚੇ ਦੀ ਕਸਟਡੀ ਵੀ ਦੁਆਈ ਸੀ। ਭਾਵੇਂ ਸਰਦੂਲ ਸਿੰਘ ਨੇ 'ਉੱਪਰਲੇ ਖ਼ਰਚੇ' ਦਾ ਹਵਾਲਾ ਦੇ ਕੇ ਚੋਖਾ ਹਿੱਸਾ ਝਟਕ ਲਿਆ ਸੀ, ਪਰ ਫੇਰ ਵੀ ਕੰਮ ਹੋਣ ਸਦਕਾ ਮੋਹਨ ਸਿੰਘ ਉਸਦਾ ਥੋੜ੍ਹਾ-ਬਹੁਤ ਅਹਿਸਾਨ ਵੀ ਮੰਨਦਾ ਸੀ।

'ਹਾਂ ਜੀ ਬੈਂਸ ਸਾਅਬ ਹਾਂ ਜੀ, ਆਰ-ਪਰਿਵਾਰ ਸਭ ਰਾਜ਼ੀ-ਬਾਜ਼ੀ, ਤੁਸੀਂ ਸੁਣਾਓ, ਕੀ ਹਾਲ-ਚਾਲ ਨੇ? ਬੱਸ ਹਾਲ ਨਾ ਪੁੱਛੋ ਬੈਂਸ ਸਾਅਬ, ਥੋਡੇ ਮੂੰਹੋਂ ਈ ਚੁੱਪ ਰਹਿ ਗਿਆ ਮੈਂ ਤਾਂ, ਹੋਣਾ ਕੀ ਆ ਜੀ, ਆਹ ਹੋਸਟਲ 'ਚ ਵਾਰਦਾਤ ਹੋਈ ਆ ਨਾ ਜਿਹੜੀ? ਹਾਂ ਜੀ, ਉਹ ਮਾਅਰਾਜ ਕੇਹੋ ਜਿਹੇ ਬੰਦੇ ਨੂੰ ਕਵਰ ਕਰਨ ਲਈ ਭੇਜਤਾ ਤੁਸੀਂ? ਨਈਂ-ਨਈਂ, ਉਹਦੀ ਗੱਲ ਨੀਂ ਕਰਦਾ ਮੈਂ। ਉਹਦੇ ਨਾਲ਼ ਆਇਆ ਸੀ ਨਾ ਨਵਾਂ ਰੰਗਰੂਟ ਹਾਂ ਜੀ ਉਹੀ ਤੇਜਵੀਰ ਕਰਕੇ ਉਹ ਮਾਅਰਾਜ ਦਸ ਬੰਦਿਆਂ ਦੇ ਸਾਹਮਣੇ ਅਵਾ-ਤਵਾ ਬੋਲ ਗਿਆ ਮੈਨੂੰ, ਹੋਣਾ ਕੀ ਆ ਜੀ ਪੱਤਰਕਾਰ ਸਾਲ਼ਾ ਬਾਅਦ 'ਚ ਬਣਿਆ, ਪੁਲ਼ਸ ਨੂੰ ਗਾਲ਼ਾਂ ਕੱਢਣ ਦਾ ਲਸੰਸ ਪਹਿਲਾਂ ਈ ਲੈ ਲਿਆ ਲੱਗਦਾ ਉਹਨੇ। ਆਹੀ ਤਾਂ ਮੈਂ ਹਰਾਨ ਆਂ ਬਈ ਥੋਡੇ ਅਖ਼ਬਾਰ 'ਚ ਤਾਂ ਇਉਂ ਨੀਂ ਹੁੰਦਾ, ਉਹ ਤਾਂ ਜੀ ਚੰਗੀ ਲਾਹ-ਪਾਹ ਕਰ ਗਿਆ ਮੇਰੀ, ਬੱਸ ਥੋਡਾ ਖਿਆਲ ਜਿਹਾ ਕਰਕੇ ਚੁੱਪ ਕਰ ਗਿਆ ਮੈਂ ਨਾ ਜੀ, ਉਹ ਗਗਨ ਵੀ ਕਾਹਤੋਂ ਬੋਲਿਆ ਨਈਂ, ਵੈਸੇ ਉਹਨੇ ਤਾਂ ਕੋਈ ਚੰਗੀ-ਮਾੜੀ ਨੀ ਕਹੀ, ਪਰ ਰੋਕਿਆ ਵੀ ਨਹੀਂ ਨਾ, ਸ਼ੈਅ ਦਿੱਤੀ ਹੋਣੀ ਆਂ ਉਹਨੇ ਵੀ, ਤਾਂ ਹੀ ਤਾਂ ਆਪਣੇ ਸੀਨੀਅਰ ਦੀ ਮੌਜੂਦਗੀ 'ਚ ਮੈਂ ਕਿਹਾ ਥੋਡੇ ਅਖ਼ਬਾਰ ਦੀ ਤਾਂ ਜਮਾਂ ਈ ਪੱਟੀ ਮੇਸ ਕਰ ਗਿਆ ਬੈਂਸ ਸਾਅਬ ਪੁੱਛੋ ਨਾ ਮਾਅਰਾਜ, ਧੇਲੇ ਦੀ ਅਕਲ ਨੀਂ ਬੋਲਣ ਦੀ, ਪਤਾ ਨੀਂ ਕਿਵੇਂ ਰੱਖ ਲਿਆ ਤੁਸੀਂ, ਅੱਛਾ? ਤਾਂ ਹੀ ਮੈਂ ਵੀ ਕਹਾਂ ਬਈ ਬੈਂਸ ਸਾਅਬ ਤਾਂ ਬੰਦਾ ਕੁ ਬੰਦਾ ਪਰਖੇ ਤੋਂ ਬਿਨਾਂ ਮੈਂ ਕਿਹਾ ਮਾਅਰਾਜ ਕੱਢ ਕੇ ਬਾਹਰ ਮਾਰੋ ਐਹੋ-ਜਿਹੇ ਬੰਦੇ ਨੂੰ। ਨਾਲ਼ੇ ਖ਼ਬਰਨਾਮੇ ਨੂੰ ਕਿਤੇ ਪੱਤਰਕਾਰਾਂ ਦਾ ਘਾਟੈ? ਬਿਲਕੁਲ ਠੀਕ ਬੈਂਸ ਸਾਅਬ, ਅੱਜ ਈ ਪੱਤਾ ਕੱਟੋ ਮਾਅਰਾਜ ਉਹਦਾ, ਹੋਰ ਸੁਣਾਓ ਕੁੜੀ ਤਾਂ ਖ਼ੁਸ਼ ਆ ਨਾ ਜੀ ਹੁਣ ਆਪਣੀ? ਹੁਣ ਤਾਂ ਨੀ ਕੋਈ ਤਕਲੀਫ਼-ਤਕਲੂਫ਼? ਹੁਣ ਤਾਂ ਨੀ ਕੀਤੀ ਕੋਈ ਤਿੰਨ-ਪੰਜ ਉਨ੍ਹਾਂ। ਲਓ ਮਾਅਰਾਜ ਜਿਹੋ ਜਿਹੀ ਥੋਡੀ ਧੀ ਉਹੋ ਜਿਹੀ ਮੇਰੀ। ਲਓ ਆਹ ਕੰਮ ਜਿਹਾ ਹੁਣ ਕਰ ਦਿਓ ਕੇਰਾਂ, ਦੇਖਿਓ ਕਿਤੇ ਮਾਣ ਜਿਹੇ ਨਾਲ਼ ਕਿਹਾ ਮੈਂ ਥੋਨੂੰ, ਨਹੀਂ ਤਾਂ ਥੋਨੂੰ ਪਤਾ ਈ ਆ ਬਈ ਠੀਕ ਤਾਂ ਮੈਂ ਆਪ ਈ ਕਰ ਲੈਣਾ ਸੀ, ਠੀਕ ਆ ਜੀ ਚੰਗਾ ਜੀ ਸਾਅਸਰੀ ਕਾਲ।'

'ਲੈ ਹੁਣ ਸਾਲ਼ੇ ਦੀ ਨੌਕਰੀ ਤਾਂ ਗਈ ਅੱਜ, ਬਾਕੀ ਮਾੜਾ ਜਿਹਾ ਵਿਹਲਾ ਹੋ ਲਾਂ ਏਸ ਝੰਜਟ ਤੋਂ, ਬਚ ਕੇ ਕਿੱਥੇ ਜਾਣਾ ਮੇਰੇ ਸਾਲ਼ੇ ਨੇ? ਭੁੱਕੀ ਦੀ ਬੋਰੀ ਪਈ ਆ ਚੌਂਕੀ, ਉਹੀ ਪਾ ਕੇ ਮੇਰੇ ਸਾਲ਼ੇ ਨੂੰ ਘੜੀਸਦਾ ਲਿਆਊਂ ਚੌਂਕੀ ਜਾਂ ਕੋਈ ਹੋਰ ਜੁਗਤ ਲੱਗ ਜੂ। ਫੇਰ ਲੱਭਿਆਂ ਨੀ ਲੱਭਣਾ ਮੇਰੇ ਸਾਲ਼ੇ ਦਾ ਵੱਡਾ ਪੱਤਰਕਾਰ। ਅਖੇ ਕਲਮ ਦੀ ਤਾਕਤ ਨੀਂ ਦੇਖੀ। ਤੂੰ ਸਾਲ਼ਿਆ ਸਰਦੂਲ ਸਿੰਘ ਦੇ ਡੰਡੇ ਦੀ ਤਾਕਤ ਨੀਂ ਦੇਖੀ ਅਜੇ। ਜਦੋਂ ਪਿਆ ਚਿੱਤੜਾਂ 'ਤੇ ਤਾਂ ਲੇਰਾਂ ਦੇਖੀਂ ਕਿਵੇਂ ਨਿੱਕਲਦੀਆਂ ਮੇਰੇ ਸਾਲ਼ੇ ਦੀਆਂ।'

ਮਨ ਹੀ ਮਨ ਆਪਣੇ ਆਪ ਨਾਲ਼ ਹੀ ਗੱਲਾਂ ਕਰਦਾ ਸਰਦੂਲ ਸਿੰਘ, ਅਨਮਨੇ ਜਿਹੇ ਢੰਗ ਨਾਲ਼ ਵਾਰਦਾਤ ਵਾਲ਼ੇ ਕਮਰੇ ਵੱਲ ਵਧ ਗਿਆ।

ਇੱਕ ਪੁਲਿਸ ਅਫ਼ਸਰ ਹੋਣ ਨਾਤੇ ਆਪਣੀ ਡਿਊਟੀ ਨਿਭਾਉਣ ਪ੍ਰਤੀ ਉਸਦੀ ਕੋਈ ਦਿਲਚਸਪੀ ਨਹੀਂ ਸੀ।

ਫਿਰ ਇਸ ਕੇਸ ਦਾ ਤਾਂ ਉਹ 'ਖ਼ੁਦਕੁਸ਼ੀ' ਕਹਿ ਕੇ ਪਹਿਲਾਂ ਹੀ ਭੋਗ ਪਾ ਚੁੱਕਾ ਸੀ।

ਤੇਜਵੀਰ ਤੇ ਗਗਨ ਦੇ ਦਫ਼ਤਰ ਪਹੁੰਚਦਿਆਂ-ਪਹੁੰਚਦਿਆਂ ਦੁਪਹਿਰ ਢਲ਼ ਗਈ ਸੀ।

ਰਿਸੈਪਸ਼ਨ 'ਤੇ ਸਾਰਿਕਾ ਫ਼ੋਨ ਸੁਣਨ 'ਚ ਰੁੱਝੀ ਸੀ।

ਤੇਜਵੀਰ 'ਤੇ ਨਿਗ੍ਹਾ ਪੈਂਦੇ ਸਾਰ ਹੀ ਸਾਰਿਕਾ ਦੀਆਂ ਵਾਛਾਂ ਖਿੜ ਗਈਆਂ।

'ਹਾਏ!'

ਚਿਹਰੇ 'ਤੇ ਸ਼ਰਮੀਲੀ ਜਿਹੀ ਮੁਸਕਰਾਹਟ ਲਿਆ ਕੇ ਸਾਰਿਕਾ ਨੇ ਕਿਹਾ, ਤਾਂ ਤੇਜਵੀਰ ਨੂੰ ਇਉਂ ਲੱਗਿਆ ਜਿਵੇਂ ਉਸਦੇ ਕੰਨਾਂ 'ਚ ਮਿਸ਼ਰੀ ਘੁਲ਼ ਗਈ ਹੋਵੇ। ਸਾਰਿਕਾ ਦੀ ਮੁਸਕਰਾਹਟ ਐਤਕੀਂ ਉਸਨੂੰ 'ਬ੍ਰੈਂਡਡ' ਜਿਹੀ ਨਾ ਲੱਗੀ। ਲਾਲ-ਲਾਲ ਗੱਲ੍ਹਾਂ ਸਗੋਂ ਹੋਰ ਲਾਲ ਹੋ ਗਈਆਂ ਸਨ। ਸਾਹਾਂ ਦੀ ਰਫ਼ਤਾਰ ਵੀ ਸਧਾਰਨ ਤੋਂ ਥੋੜ੍ਹੀ ਤੇਜ਼ ਹੋ ਗਈ ਸੀ।

ਤੇਜਵੀਰ ਨੂੰ ਸਾਰਿਕਾ ਪ੍ਰਤੀ ਅਜੀਬ ਜਿਹੀ ਖਿੱਚ ਪ੍ਰਤੀਤ ਹੋ ਰਹੀ ਸੀ। ਕੁੜੀ ਤਾਂ ਉਹ ਉਸਨੂੰ ਪਹਿਲੀ ਨਜ਼ਰੇ ਹੀ ਚੰਗੀ ਲੱਗੀ ਸੀ, ਪਰ ਐਤਕੀਂ ਪਤਾ ਨਹੀਂ ਕਿਉਂ ਉਸਦੀਆਂ ਨੀਮ-ਨਸ਼ੀਲੀਆਂ ਮਿਕਨਾਤੀਸੀ ਅੱਖਾਂ ਉਸਦੇ ਵਜੂਦ 'ਚ ਧਸੀਆਂ ਜਾ ਰਹੀਆਂ ਸਨ। ਕੁੜੀ ਦੀਆਂ ਨਜ਼ਰਾਂ 'ਚ ਪਤਾ ਨਹੀਂ ਕੀ ਚੁੰਬਕ ਜੜ ਗਿਆ ਸੀ ਕਿ ਤੇਜਵੀਰ ਚਾਹੁਣ ਦੇ ਬਾਵਜੂਦ ਵੀ, ਉਸ 'ਤੋਂ ਨਜ਼ਰਾਂ ਨਹੀਂ ਹਟਾ ਪਾ ਰਿਹਾ ਸੀ। ਉਸਦਾ ਸਾਰਾ ਵਜੂਦ ਓਸ ਕੁੜੀ ਦਿਆਂ ਨੈਣਾਂ 'ਚ ਗੁਆਚਦਾ ਜਾ ਰਿਹਾ ਸੀ। ਦਿਲੋ-ਦਿਮਾਗ਼ 'ਤੇ ਇੱਕ ਅਜੀਬ ਜਿਹਾ ਨਸ਼ਾ ਤਾਰੀ ਹੋ ਰਿਹਾ ਸੀ। ਇਹ ਤਾਂ ਨਹੀਂ ਸੀ ਕਿ ਉਹ ਕਦੇ ਕਿਸੇ ਸੋਹਣੀ ਕੁੜੀ ਦੇ ਰੂਬਰੂ ਨਹੀਂ ਹੋਇਆ ਸੀ, ਪਰ ਇਉਂ ਆਪਣੀ ਖ਼ੁਦੀ ਤੋਂ ਬੇਕਾਬੂ ਤਾਂ ਉਹ ਕਦੇ ਨਹੀਂ ਹੋਇਆ ਸੀ।

'ਹੈਲੋ!' ਤੇਜਵੀਰ ਨੇ ਵੀ ਮੁਸਕੁਰਾ ਕੇ ਉਸਦੀ 'ਹਾਏ' ਦਾ ਜਵਾਬ ਦਿੱਤਾ।

'ਉਏ! ਹਮ ਭੀ ਖੜੇ ਹੈਂ ਤੇਰੀ ਰਾਹੋਂ ਮੇਂ ਬੱਲੀਏ! ਨਾ ਯਾਰਾਂ ਦੇ ਹੈਲੋ ਬੋਲਣ 'ਤੇ ਤਾਂ ਤੋਪਾਂ ਦੇ ਮੂੰਹ ਖੋਲ੍ਹ ਦਿੰਨੀ ਆਂ, ਤੇ ਆਹ ਪਤੰਦਰ ਕਿੱਧਰੋਂ ਦਾ ਯੂਸਫ਼ ਆ ਬਈ ਪਹਿਲੋਂ ਈ ਕਾਲ਼ਜੇ 'ਤੇ ਹੱਥ ਰੱਖ ਕੇ 'ਹਾਏ-ਹਾਏ' ਨਿੱਕਲਗੀ ਤੇਰੀ?'

ਗਗਨ ਨੇ ਸ਼ਰਾਰਤ ਨਾਲ਼ ਨਕਲੀ ਜਿਹਾ ਗੁੱਸਾ ਜ਼ਾਹਰ ਕਰਦਿਆਂ ਟਪਲਾ ਛੱਡਿਆ, ਤਾਂ ਸਾਰਿਕਾ ਨੇ ਉਸ ਵੱਲ ਅੱਖਾਂ ਤਰੇਰ ਕੇ ਵੇਖਿਆ।

'ਠੀਕ ਆ ਬਈ ਠੀਕ ਆ! ਕਬੂਤਰ ਕਬੂਤਰੀ ਕਲੋਲਾਂ ਕਰਦੇ ਸੀ ਤੇ ਮੈਂ ਗੁਲੇਲ ਕੱਢ ਮਾਰੀ ਹੈਅ! ਤਾਂ ਹੀ ਐਡੇ-ਐਡੇ ਡੇਲੇ ਕੱਢ ਕੇ ਘੂਰਨ ਲੱਗੀਂ ਐਂ ਮਿੱਤਰਾਂ ਨੂੰ। ਨਾ ਮੈਂ ਕਿਹੜਾ ਤੇਰਾ ਕਿੰਨੂਆਂ ਦਾ ਬਾਗ਼ ਉਜਾੜਤਾ, ਤੇ ਏਸ ਪਤੰਦਰ ਨੇ ਕਿਹੜੇ ਬਾਗ਼ ਲੁਆਤੇ ਤੈਨੂੰ ਨਾਸ਼ਪਾਤੀਆਂ ਦੇ।'



'ਇਨਫ਼ ਇਜ਼ ਇਨਫ਼ ਗਗਨ, ਜਸਟ ਸ਼ੱਟ ਅੱਪ।'

'ਵਾਹ ਉਏ ਕਿਸਮਤ ਦਿਆ ਬਲੀਆ, ਰਿੱਝੀ ਖੀਰ ਤੇ ਬਣ ਗਿਆ ਦਲ਼ੀਆ। ਯਾਰ ਹੋਣੀਂ ਦੋਂਹ ਸਾਲਾਂ ਤੋਂ ਨਿਸ਼ਾਨੇ ਸਿੱਧਦੇ ਰਹਿ ਗਏ ਤੇ ਲਾ ਕੋਈ ਹੋਰ ਈ ਗਿਆ।'

ਗਗਨ ਨੇ ਬੜੇ ਡਰਾਮਾਈ ਅੰਦਾਜ਼ 'ਚ ਇਉਂ ਮੱਥੇ 'ਤੇ ਹੱਥ ਮਾਰ ਕੇ ਕਿਹਾ ਕਿ ਰੋਕਦਿਆਂ ਰੋਕਦਿਆਂ ਵੀ ਸਾਰਿਕਾ ਦਾ ਹਾਸਾ ਛੁੱਟ ਗਿਆ।

'ਦੇਖਿਆ! 'ਚਿੱਟੇ ਦੰਦ ਹੱਸਣੋ ਨੀਂ ਰਹਿੰਦੇ ਤੇ ਲੋਕੀ ਭੈੜੇ ਸ਼ੱਕ ਕਰਦੇ', ਪਰ ਲੋਕੀ ਐਵੇਂ ਈ ਨੀ ਸ਼ੱਕ ਕਰਦੇ ਹੁੰਦੇ ਮਾਂ ਦੀਏ ਮੋਮਬੱਤੀਏ।'

'ਬੱਸ ਕਰ ਯਾਰ ਗਗਨ।'

'ਲਉ ਦੇਖ ਲਉ! ਅਖੇ 'ਮੇਰੇ ਯਾਰ ਨੂੰ ਮੰਦਾ ਨਾ ਬੋਲੀਂ, ਮੇਰੀ ਭਾਵੇਂ ਜਿੰਦ ਕੱਢ ਲੈ'। ਗੱਲ ਕਿੱਥੇ ਵੱਜੀ ਤੇ ਚੀਕ ਕਿੱਥੋਂ ਨਿੱਕਲੀ! ਐਵੇਂ ਤਾਂ ਨੀ ਸਿਆਣੇ ਸੱਚ ਆਖਦੇ ਬਈ ਇਸ਼ਕ ਤੇ ਮੁਸ਼ਕ ਛੁਪਾਇਆਂ ਨਹੀਉਂ ਛੁਪਦੇ, ਇਹ ਜ਼ਾਹਰ ਹੋ ਈ ਜਾਂਦੇ ਆ ਵੀਰ ਮੇਰੇ।'

'ਉਏ ਬਖ਼ਸ਼ ਲਾ ਭਰਾਵਾ, ਬੱਸ ਕਰ ਹੁਣ।'

'ਚੰਗਾ ਫੇਰ ਕਰੋ ਕਲੋਲਾਂ ਤੁਸੀਂ, ਮੈਂ ਕਾਹਨੂੰ ਕਬਾਬ 'ਚ ਹੱਡੀ ਬਣਦਾ ਫਿਰਾਂ? ਮੈਂ ਚੱਲਦਾਂ ਆਪਣੇ ਕੈਬਿਨ 'ਚ, ਅਹੁ ਸਾਹਮਣੇ ਈ ਆਂ, ਓਥੇ ਈ ਆ ਜੀਂ ਹੀਰ ਦੀ ਚੂਰੀ ਖਾ ਕੇ ਰਾਂਝਿਆ।'

ਆਪਣੇ ਕੈਬਿਨ ਵੱਲ ਨੂੰ ਇਸ਼ਾਰਾ ਮਾਰਦਿਆਂ, ਗਗਨ ਹਾਲੇ ਤੁਰਿਆ ਹੀ ਸੀ ਕਿ ਸਾਰਿਕਾ ਨੇ ਉਸਨੂੰ ਪਿਛਿਉਂ ਆਵਾਜ਼ ਲਗਾ ਦਿੱਤੀ।

'ਹਾਂ ਸੱਚ ਗਗਨ!'

'ਉਏ ਦੇਖੀਂ ਭਾਈ! ਇਹ ਕੀ ਭਾਣਾ ਵਰਤ ਗਿਆ? ਰਾਂਝਾ ਚਾਕ ਸਾਹਮਣੇ ਖੜ੍ਹਾ ਤੇ ਵਾਜਾਂ ਸੈਦੇ ਕਾਣੇ ਨੂੰ ਮਾਰੀ ਜਾਨੀ ਐਂ।'

ਉਸਨੇ ਇੱਕ ਅੱਖ ਬੰਦ ਕਰਕੇ ਫਿਰ ਟਪਲਾ ਛੱਡਿਆ।

ਉਸਦੀ ਚੁਹਲਬਾਜ਼ੀ ਨੂੰ ਨਜ਼ਰਅੰਦਾਜ਼ ਕਰਦਿਆਂ, ਸਾਰਿਕਾ ਨੇ ਗੰਭੀਰਤਾ ਨਾਲ ਕਿਹਾ, 'ਗਗਨ! ਬੈਂਸ ਸਾਹਬ ਕਈ ਵਾਰੀ ਪੁੱਛ ਚੁੱਕੇ ਨੇ ਤੇਰੇ ਬਾਰੇ। ਉਨ੍ਹਾਂ ਨੂੰ ਮਿਲ ਲਈਂ, ਐਂਡ ਭੋਗਲ ਸਾਹਬ ਬਾਹਰ ਗਏ ਨੇ ਤੇ ਤੇਰੇ ਲਈ ਮੈਸੇਜ਼ ਦੇ ਕੇ ਗਏ ਨੇ ਕਿ ਅੱਜ ਦੀ ਰਿਪੋਰਟ ਤਿਆਰ ਕਰ ਕੇ ਉਨ੍ਹਾਂ ਦੇ ਆਉਂਦਿਆਂ ਹੀ ਪੇਸ਼ ਕਰ ਦੇਣੀ ਬੱਸ, ਅੱਧੇ-ਪੌਣੇ ਘੰਟੇ 'ਚ ਆਉਂਦੇ ਹੀ ਹੋਣਗੇ।'

'ਲੈ ਜਿਹੜੀ ਗੱਲ ਆਉਂਦੇ ਨੂੰ ਦੱਸਣੀ ਸੀ, ਉਹ ਹੁਣ ਦੱਸਦੀ ਆ। ਇਸ਼ਕ 'ਚ ਏਵੇਂ ਈ ਮੱਤ ਮਾਰੀ ਜਾਂਦੀ ਹੁੰਦੀ ਆ ਨਵੇਂ-ਨਵੇਂ ਆਸ਼ਕਾਂ ਦੀ। ਦੇਖੀਂ ਕਿਤੇ ਨੌਕਰੀ ਤੋਂ ਨਾ ਹੱਥ ਧੋ ਬੈਠੀਂ ਇਸ਼ਕ ਦੇ ਚੱਕਰਾਂ 'ਚ ਪੈ ਕੇ, ਦੱਸਾਂ ਮੈਂ ਤੈਨੂੰ।'

'ਓ ਹੋ ਯਾਰ ਗਗਨ, ਜੇ ਤੂੰ ਮਾਈਕ ਛੱਡੇਂ ਤਾਂ ਹੀ ਤਾਂ ਕੋਈ ਦੂਜਾ ਬੋਲੂ।' ਜਵਾਬ ਤੇਜਵੀਰ ਵੱਲੋਂ ਆਇਆ।

'ਲਉ, ਏਹਨੂੰ ਦੇਖ ਲਉ। ਅਖੇ 'ਟੱਬੇ ਦਾ ਗਵਾਹ ਡੱਡੂ', ਚੱਲ ਬਖ਼ਸ਼ਿਆ ਜਹਾਂ ਪਨਾਹ ਨੇ, ਐਸ਼ ਕਰੋ ਸ਼ਹਿਜ਼ਾਦੇ।'

'ਪ੍ਰਿਥਵੀ ਰਾਜ ਕਪੂਰ' ਦੀ ਨਕਲ ਲਾਹੁੰਦਾ, ਖ਼ਾਸ ਸ਼ਾਹਾਨਾ ਅੰਦਾਜ਼ 'ਚ ਉਹ ਦੋਹਾਂ ਨੂੰ ਪਿੱਛੇ ਮੁਸਕਰਾਉਂਦਾ ਛੱਡ, ਬੈਂਸ ਦੇ ਕੈਬਿਨ ਵੱਲ ਰਵਾਨਗੀ ਪਾ ਗਿਆ।

'ਸੋ ਹਾਉ ਵਾਜ਼ ਦ ਡੇ?'

ਮਿਸ਼ਰੀ ਘੁਲ਼ੀ ਆਵਾਜ਼ 'ਚ ਸਾਰਿਕਾ ਨੇ ਪੁੱਛਿਆ।

ਬੁੱਲ੍ਹਾਂ 'ਚੋਂ ਸਵਾਲ ਕੋਈ ਹੋਰ ਨਿਕਲਿਆ, ਪਰ ਅੱਖਾਂ ਹੀਰ ਦੀਆਂ ਕੋਈ ਹੋਰ ਈ ਸਵਾਲ ਪਾਈ ਜਾਂਦੀਆਂ ਸਨ।

'ਮਿਕਸਡ।'

ਐਧਰੋਂ ਰਾਂਝੇ ਦੇ ਮੂੰਹੋਂ ਵੀ ਜਵਾਬ ਕੁਝ ਹੋਰ ਨਿੱਕਲਿਆ, ਤੇ ਅੱਖਾਂ ਕੋਈ ਹੋਰ ਈ ਕਹਾਣੀ ਸੁਣਾ ਰਹੀਆਂ ਸਨ।

ਤੇਜਵੀਰ ਅੰਦਰੋਂ-ਅੰਦਰੀਂ ਆਪਣੀ ਇਸ ਹਾਲਤ ਤੇ ਹੈਰਾਨ ਹੋਈ ਜਾ ਰਿਹਾ ਸੀ ਕਿ ਇਹ ਕਿਹੜੀ ਤਾਕਤ ਹੈ, ਜੋ ਇਉਂ ਟੈਲੀਪੈਥੀ ਬਣੀ ਮਨਾਂ ਦਾ ਮੇਲ਼ ਕਰਾਈ ਜਾ ਰਹੀ ਸੀ। ਇਹ ਕਿਹੋ ਜਿਹੀ ਭਾਸ਼ਾ ਸੀ, ਜਿਸਦਾ ਸੰਚਾਰ ਅੱਖਾਂ ਰਾਹੀਂ ਹੋ ਰਿਹਾ ਸੀ। ਕਿਹਾ ਸੁਣਿਆ ਕੁਝ ਵੀ ਨਹੀਂ ਜਾ ਰਿਹਾ ਸੀ, ਬੱਸ ਸਮਝਿਆ ਜਾ ਰਿਹਾ ਸੀ, ਤੇ ਸਮਝਿਆ ਕੀ ਜਾ ਰਿਹਾ ਸੀ, ਇਸਦੀ ਸਮਝ ਵੀ ਨਹੀਂ ਆ ਰਹੀ ਸੀ, ਬੱਸ ਸਮਝਿਆ ਹੀ ਜਾ ਰਿਹਾ ਸੀ।

ਇਸ ਅਜੀਬ ਪਰ ਅੱਤ-ਸੁਆਦਲੇ ਤਜਰਬੇ ਨਾਲ ਦੋ-ਚਾਰ ਹੁੰਦਾ ਤੇਜਵੀਰ, ਉਹਨਾਂ ਪਲਾਂ 'ਚ ਜਿਵੇਂ ਹਵਾ 'ਚ ਤੈਰ ਰਿਹਾ ਸੀ। ਪੈਰਾਂ ਤਲੇ ਜਿਵੇਂ ਜ਼ਮੀਨ ਹੀ ਨਹੀਂ ਸੀ। ਇਉਂ ਲੱਗ ਰਿਹਾ ਸੀ ਜਿਵੇਂ ਉਹ ਮਣਾਂ-ਬੱਧੀ ਰੂੰ ਦੇ ਢੇਰ 'ਤੇ ਖੜ੍ਹਾ ਹੋਵੇ।

'ਐਨੀਵੇਜ਼, ਕੰਗਰੈਚੂਲੇਸ਼ਨਜ਼ ਐਂਡ ਹਰਟਲੀ ਵੈਲਕਮ ਹੇਅਰ ਤੇਜਵੀਰ। ਆਈ ਨੋ ਇਟਜ਼ ਲੇਟ, ਬਟ ਇਟਸ ਬੈਟਰ ਲੇਟ ਦੈਨ ਨੈਵਰ ਯੂ ਨੋ।'

'ਮਾਈ ਪਲੇਜ਼ਰ, ਥੈਂਕਸ।'

ਐਨੇ ਨੂੰ ਰਿਸੈਪਸ਼ਨ ਟੇਬਲ 'ਤੇ ਪਏ ਫ਼ੋਨ ਦੀ ਘੰਟੀ ਵੱਜ ਪਈ।

'ਮਿਲਦੇ ਆਂ ਫਿਰ, ਬਾਏ।'

ਆਖ ਕੇ ਤੇਜਵੀਰ ਜਿਵੇਂ ਫੁੱਲਾਂ 'ਤੇ ਪੱਬ ਧਰਦਾ ਹੋਇਆ ਗਗਨ ਦੇ ਕੈਬਿਨ ਵੱਲ ਹੋ ਤੁਰਿਆ।

ਸਾਰਿਕਾ ਫ਼ੋਨ ਸੁਣਨ 'ਚ ਰੁੱਝ ਗਈ।

ਉਸਦੀਆਂ ਗੱਲ੍ਹਾਂ ਹਾਲੇ ਵੀ ਕਸ਼ਮੀਰੀ ਸੇਬ ਵਾਂਗੂੰ ਲਾਲ ਸੁਰਖ਼ ਹੋਈਆਂ ਪਈਆਂ ਸਨ। ਕੰਨਾਂ 'ਚੋਂ ਸੇਕ ਮਾਰ ਰਿਹਾ ਸੀ, ਤੇ ਬੁੱਲ੍ਹੀਆਂ ਕੰਬ ਰਹੀਆਂ ਸਨ।

ਤੇਜਵੀਰ ਨੂੰ ਸਮਝ ਨਹੀਂ ਆ ਰਿਹਾ ਸੀ, ਕਿ ਉਸਤੇ ਇਹ ਕੈਸੀ ਖ਼ੁਮਾਰੀ ਤਾਰੀ ਹੋ ਗਈ ਸੀ?

ਪਰ ਸਾਰਿਕਾ ਸਮਝ ਚੁੱਕੀ ਸੀ ਕਿ ਉਸਨੂੰ ਇਹ ਕੀ ਹੋ ਗਿਆ ਹੈ।

ਔਰਤ ਤੇ ਮਰਦ ਦੇ ਮਨਾਂ 'ਚ ਕੁਦਰਤੀ ਤੌਰ 'ਤੇ ਇਹ ਇੱਕ ਬੁਨਿਆਦੀ ਫ਼ਰਕ ਹੈ। ਆਦਮੀ ਮੁਹੱਬਤ ਦੇ ਅਹਿਸਾਸ ਨੂੰ ਪਛਾਣਦਿਆਂ-ਪਛਾਣਦਿਆਂ ਹੀ ਪਛਾਣਦਾ ਹੈ, ਤੇ ਜਦ ਪਛਾਣ ਜਾਏ ਤਾਂ ਉਸਨੂੰ ਇਜ਼ਹਾਰ ਕਰਦਿਆਂ ਦੇਰ ਨਹੀਂ ਲੱਗਦੀ। ਔਰਤ ਮੁਹੱਬਤ ਦੇ ਅਹਿਸਾਸ ਨੂੰ ਬੜੀ ਜਲਦੀ ਪਛਾਣ ਲੈਂਦੀ ਹੈ, ਪਰ ਇਜ਼ਹਾਰ, ਕਰਦਿਆਂ-ਕਰਦਿਆਂ ਹੀ ਕਰਦੀ ਹੈ। ਉਹ ਦੋਵੇਂ ਵੀ ਮੁਹੱਬਤ ਦੇ ਏਸੇ ਦੌਰ 'ਚੋਂ ਗੁਜ਼ਰ ਰਹੇ ਸਨ।

ਤੇਜਵੀਰ ਆਪਣੇ ਇਨ੍ਹਾਂ ਅਸਲੋਂ ਨਵੇਂ ਅਹਿਸਾਸਾਂ ਨੂੰ ਨਾਂ ਨਹੀਂ ਦੇ ਪਾ ਰਿਹਾ ਸੀ, ਤੇ ਸਾਰਿਕਾ ਇਜ਼ਹਾਰ ਨਹੀਂ ਕਰ ਪਾ ਰਹੀ ਸੀ। ਮੁਹੱਬਤ ਦੇ ਤਾਂ ਤੌਰ ਹੀ ਨਿਰਾਲੇ ਨੇ ਦੁਨੀਆਂਦਾਰੀ ਤੋਂ।

ਨਿੱਕੇ ਤੋਂ ਨਿੱਕੇ ਤੱਥਾਂ ਦਾ ਸਟੀਕ ਤੋਂ ਸਟੀਕ ਮੁੱਲਾਂਕਣ ਕਰਨ ਵਾਲਾ ਤੇਜਵੀਰ, ਆਪਣੀ ਜ਼ਿੰਦਗੀ ਦੇ ਸਭ ਤੋਂ ਹਸੀਨ ਅਹਿਸਾਸਾਂ ਦਾ ਮੁੱਲਾਂਕਣ ਕਰਨ ਵਿੱਚ ਗੱਚਾ ਖਾ ਰਿਹਾ ਸੀ। ਨਿੱਕੀ ਤੋਂ ਨਿੱਕੀ ਜਾਣਕਾਰੀ ਦਾ ਬਿਹਤਰ ਤੋਂ ਬਿਹਤਰ ਬਿਆਨ ਕਰਨ ਵਾਲੀ ਸਾਰਿਕਾ, ਆਪਣੀ ਜ਼ਿੰਦਗੀ ਦੇ ਸਭ ਤੋਂ ਹਸੀਨ ਅਹਿਸਾਸਾਂ ਦਾ ਬਿਆਨ ਕਰਨ 'ਚ ਗੱਚਾ ਖਾ ਰਹੀ ਸੀ। ਪਰ ਦਿਲ ਦੀਆਂ ਧੜਕਣਾਂ ਦੀ ਰਫ਼ਤਾਰ ਕਿਸੇ ਜਾਣਕਾਰੀ ਦੀ ਮੁਹਤਾਜ ਨਹੀਂ ਹੁੰਦੀ। ਅੱਖਾਂ ਅੱਖਰਾਂ ਦੀ ਉਡੀਕ ਨਹੀਂ ਕਰਦੀਆਂ। ਏਸੇ ਨੂੰ ਹੀ ਤਾਂ ਮੁਹੱਬਤ ਕਹਿੰਦੇ ਹਨ। ਤੇਜਵੀਰ ਸੋਚਾਂ ਦੇ ਸਮੁੰਦਰ 'ਚ ਗੋਤੇ ਖਾਂਦਾ ਹੋਇਆ, ਗਗਨ ਦੇ ਕੈਬਿਨ 'ਚ ਜਾ ਪੁੱਜਾ।

ਦਸਾਂ ਕੁ ਮਿੰਟਾਂ ਬਾਅਦ ਗਗਨ ਨੇ ਕੈਬਿਨ 'ਚ ਪ੍ਰਵੇਸ਼ ਕੀਤਾ। ਉਸਦੇ ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਸਾਫ਼ ਝਲਕ ਰਹੀਆਂ ਸਨ।

'ਮਿੱਤਰਾ ਓਹੀ ਗੱਲ ਹੋਈ, ਜੀਹਦਾ ਡਰ ਸੀ। ਤੈਨੂੰ ਕਿਹਾ ਸੀ ਨਾ ਬਈ ਤਾਰਾਂ ਖੜਕ ਪਈਆਂ ਹੋਣੀਆਂ। ਇੱਕ ਦੀਆਂ ਚਾਰ ਲਾ ਕੇ ਕਹੀਆਂ ਹੋਣੀਆਂ ਓਸ ਸਾਲ਼ੇ ਕਾਲ਼ੇ ਭੂਤ ਨੇ ਬੈਂਸ ਨੂੰ, ਤੇ ਉਹਨੇ ਵੀ ਗਾਂਹ ਇੱਕ ਦੀਆਂ ਅੱਠ ਲਾ ਕੇ ਸੁਣਾਈਆਂ ਹੋਣੀਆਂ ਹਿਟਲਰ ਨੂੰ। ਲੱਗਦਾ ਪੈ ਗਿਆ ਸਿਆਪਾ। ਤੇਰੀ ਨੌਕਰੀ ਤਾਂ ਲੱਗਦਾ ਪੈ ਗੀ ਖ਼ਤਰੇ 'ਚ ਵੀਰ ਮੇਰੇ।'

'ਮੈਂ ਜੋ ਵੀ ਕੀਤਾ ਗਗਨ, ਮੈਨੂੰ ਓਸਤੇ ਕੋਈ ਅਫ਼ਸੋਸ ਨਹੀਂ। ਹੁਣ ਅੰਜਾਮ ਜੋ ਵੀ ਹੋਵੇ, ਮੈਂ ਫ਼ੇਸ ਕਰਨ ਨੂੰ ਤਿਆਰ ਆਂ।'

'ਚੱਲ ਕੋਈ ਨਾ। ਤੂੰ ਫ਼ਿਕਰ ਨਾ ਕਰ ਯਾਰ। ਐਨੀ ਛੇਤੀ ਕਿਤੇ ਤਾਂ ਨੀਂ ਤੇਰਾ ਪੱਤਾ ਕੱਟਣ ਦਿੰਦਾ ਮੈਂ ਬੈਂਸ ਨੂੰ।'

'ਤੂੰ ਐਨੀ ਗੱਲ ਆਖਤੀ, ਮੇਰੇ ਲਈ ਐਨਾ ਈ ਬਹੁਤ ਆ ਗਗਨ।'

'ਪਰ ਯਾਰ ਇਹ ਬੈਂਸ ਖ਼ਿਲਾਫ਼ ਬਹੁਤ ਹੋਇਆ ਫਿਰਦਾ ਤੇਰੇ। ਸਾਲ਼ੇ ਨੇ ਮੈਨੂੰ ਵੀ ਚਾਰ ਸੁਣਾਤੀਆਂ। ਅਖੇ ਮੈਂ ਕਿਉਂ ਮੂੰਹ ਨੂੰ ਛਿੱਕੂ ਬੰਨ੍ਹੀ ਬੈਠਾ ਰਿਹਾਂ। ਤੈਨੂੰ ਰੋਕਿਆ ਕਿਉਂ ਨਹੀਂ।'

'ਸੌਰੀ ਯਾਰ ਗਗਨ। ਮੇਰੀ ਵਜ੍ਹਾ ਨਾਲ।'

'ਉਏ ਤੂੰ ਗੋਲ਼ੀ ਮਾਰ ਸੌਰੀ-ਸੂਰੀ ਨੂੰ, ਸੌਰੀ ਕਾਹਦੀ?

(ਚਲਦਾ)

ਕਹਾਣੀ

# ਜਿਊਣ ਜੋਗੇ

ਸੁਖਵੰਤ ਕੌਰ ਮਾਨ

ਸਾਰਾ ਆਲਾ ਦੁਆਲਾ ਰੁੰਡ ਮੁੰਡ ਹੋ ਗਿਆ ਏ। ਮੋਰ ਪਤਾ ਨਹੀਂ ਕਿਉਂ ਨਹੀਂ ਕੂਕਦੇ, ਪਰਸੋਂ ਜੰਗਲੀ ਮੁਰਗ਼ੇ ਦੇ ਖੰਭ ਸਾਰੀ ਸੜਕ 'ਤੇ ਖਿੱਲਰੇ ਪਏ ਸਨ, ਫੜ ਫੜ ਕਰਦਾ ਵੱਡੀ ਕਿੱਕਰ ਦੁਆਲੇ ਫੇਰੀਆਂ ਲਾਇਆ ਕਰਦਾ ਸੀ, ਰਾਤ ਕਿੱਕਰ 'ਤੇ ਹੀ ਰਹਿੰਦਾ ਸੀ, ਕਿੰਨੇ ਗਹਿਰੇ ਤੇ ਚਮਕੀਲੇ ਰੰਗ ਸਨ ਉਹਦੇ। ਸਵੇਰੇ ਸੜਕ 'ਤੇ ਖੰਭ ਖਿੱਲਰੇ ਪਏ ਸਨ। ਪਤਾ ਨਹੀਂ ਕਿਸੇ ਸ਼ਿਕਾਰੀ ਨੇ ਜਾਂ ਕਿਸੇ ਬਿੱਲੀ, ਕੁੱਤੇ ਦੇ ਕਾਬੂ ਆ ਗਿਆ ਸੀ। ਉਹ ਆਖ਼ਰੀ ਜੰਗਲੀ ਮੁਰਗ਼ਾ ਸੀ ਜੋ ਇਸ ਕਿੱਕਰ 'ਤੇ ਰਹਿੰਦਾ ਸੀ।

ਇਸ ਪਿੰਡ ਦੇ ਕਰਮਾਂ 'ਚ ਢਹਿਣਾ ਹੀ ਲਿਖਿਆ ਸੀ ਪਰ ਇੱਥੇ ਦੇ ਵਾਸੀ ਪਿੰਡ ਛੱਡਣ ਲਈ ਉੱਕਾ ਤਿਆਰ ਨਹੀਂ ਸਨ। ਸ਼ਹਿਰ ਵਧਦਾ ਵਧਦਾ ਐਨ ਪਿੰਡ ਦੇ ਨਾਲ ਆ ਲੱਗਾ ਸੀ। ਕਈ ਨੋਟਿਸ ਆ ਚੁੱਕੇ ਸਨ ਪਿੰਡ ਖ਼ਾਲੀ ਕਰਨ ਦੇ। ਪਰ ਬਹੁਤਿਆਂ ਨੂੰ ਅੱਗੋਂ ਕੋਈ ਭੋਇੰ ਨਹੀਂ ਸੀ ਮਿਲੀ। ਕਈਆਂ ਨੇ ਡੇਅਰੀਆਂ ਬਣਾ ਰੱਖੀਆਂ ਸਨ। ਕੁਝ ਇੱਕ ਨੇ ਸ਼ਹਿਰ 'ਚ ਧੰਦੇ ਖੋਲ੍ਹ ਰੱਖੇ ਸਨ। ਕੁਝ ਬਜ਼ੁਰਗਾਂ ਨੂੰ ਪਿੰਡ ਨਾਲ ਮੋਹ ਡਾਹਡਾ ਸੀ। ਹਾਈ ਕੋਰਟ ਤੇ ਫਿਰ ਸੁਪਰੀਮ ਕੋਰਟ ਅਖੀਰਲੇ ਨੋਟਿਸ ਤੋਂ ਬਾਅਦ ਦਨਦਨਾਉਂਦਾ ਹੋਇਆ ਬੁਲਡੋਜ਼ਰ ਪਿੰਡ ਦੀ ਫਿਰਨੀ 'ਤੇ ਆ ਖਲੋਤਾ ਸੀ। ਪਿੰਡ 'ਚ ਖਲਬਲੀ ਮਚ ਗਈ ਸੀ। ਤੀਵੀਆਂ ਬੰਦੇ ਘਰਾਂ 'ਚੋਂ ਸਮਾਨ ਕੱਢ-ਕੱਢ ਭੱਜਣ ਲੱਗੇ, ਪਸ਼ੂਆਂ ਨੂੰ ਡੰਡੇ ਮਾਰਦੇ ਹੋਏ ਖੁੱਡਿਆਂ ਦੀਆਂ ਤਾਕੀਆਂ ਖੋਲ੍ਹਦੇ ਹੋਏ, ਖੰਭ ਫੜ-ਫੜਾਉਂਦੀਆਂ ਕੈਂਅ ਕੈਂਅ ਕਰਦੀਆਂ ਮੁਰਗ਼ੀਆਂ, 'ਮੈਂ ਮੈਂ' ਕਰਦੀਆਂ ਬੱਕਰੀਆਂ, ਟਰੰਕ, ਭਾਂਡੇ, ਮੰਜੀਆਂ, ਧਰੂੰਹਦੇ, ਘਰਕਦੇ, ਹਫ਼ਦੇ, ਬੱਚੇ, ਬੁੱਢੇ, ਜਵਾਨ, ਗਾਲ਼ਾਂ ਕੱਢਦੇ, ਰੋਂਦੇ ਚੀਕਦੇ ਦੌੜਦੇ ਜਾ ਰਹੇ ਸਨ।

'ਤਵ੍ਹਾਡਾ ਕੱਖ ਨਾ ਰਹੇ ਵੇ ਤਵ੍ਹਾਡਾ, ਤਵ੍ਹਾਨੂੰ ਪਵੇ ਵੇ ਢਾਈਆਂ ਘੜੀਆਂ ਦੀ ਵੇ ਸਾਨੂੰ 'ਜਾੜਨ ਵਾਲਿਓ।' ਬੋਲਦੀ, ਬਕਦੀ, ਧ੍ਹੈਂਹ ਧ੍ਹੈਂਹ ਬੱਕਰੀਆਂ ਨੂੰ ਸੋਟਾ ਮਾਰਦੀ, ਧੱਕਦੀ, ਖੁਲ੍ਹੇ ਝਾਟੇ, ਝੱਗੋ ਝੱਗ ਹੋਈ, ਕਾਲ਼ੀ ਮਾਂ ਦਾ ਰੂਪ ਧਾਰੀ ਭੰਤੋ ਮਹਿਰੀ ਡਿੱਗਦੀ ਢਹਿੰਦੀ ਭੱਜੀ ਜਾ ਰਹੀ ਸੀ। ਬੜਬੋਲਿਆਂ ਦੀ ਬੁੱਢੀ ਸਾਹੋ ਸਾਹ ਹੋਈ ਆਪਣੀ ਮੰਜੀ ਧਰੂਹੀ ਜਾ ਰਹੀ ਸੀ। ਅੜਾਂਅ ਅੜਾਂਅ ਕਰਦੀਆਂ ਮੱਝਾਂ ਮੁੜ-ਮੁੜ ਓਥੇ ਹੀ ਗੇੜੇ ਕੱਢੀ ਜਾਂਦੀਆਂ। ਕੱਚੇ, ਅੱਧ ਪੱਕੇ ਕੋਠੇ, ਵੱਡੇ-ਵੱਡੇ ਤੂੜੀ ਦੇ ਕੁੱਪ, ਗਹੀਰੇ ਬੁਲਡੋਜ਼ਰ ਅੱਗੇ ਇੰਜ ਉੱਡ ਰਹੇ ਸਨ ਜਿਵੇਂ ਕੋਈ ਵੱਡਾ ਤੂਫ਼ਾਨ ਆ ਗਿਆ ਹੋਵੇ।

ਅਖੇ ਫਲੈਟ ਉੱਸਰਨਗੇ, ਵੱਡੇ ਵੱਡੇ ਸ਼ੋਅਰੂਮ ਬਣਨਗੇ, ਪੱਕੀਆਂ ਸੜਕਾਂ ਬਣਨਗੀਆਂ ਪਹਿਲਾਂ ਕੁਝ ਲੋਕਾਂ ਨੇ ਬੁਲਡੋਜ਼ਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ, ਫਿਰ ਲੜਦੇ ਝਗੜਦੇ ਸਰਕਾਰ ਨੂੰ ਕੋਸਦੇ ਘਰਾਂ 'ਚੋਂ ਸਮਾਨ ਕੱਢਣ ਲੱਗ ਪਏ ਸਨ। ਢੱਠਦੇ ਕੋਠੇ ਵੇਖ, ਇੱਕ ਦੂਜੇ ਵੱਲ ਵੇਖ, ਫਿਰ ਮਾਪਿਆਂ ਦੇ ਉਦਾਸ ਮੂੰਹਾਂ ਵੱਲ ਵੇਖਦੇ ਅੰਞਾਣੇ ਚੁੱਪ-ਚਾਪ ਜਿਹੇ ਲਾਗੇ ਫਿਰਦੇ ਸਨ। ਅਜੀਬ ਜਿਹੀ ਅੱਚਵੀਂ ਲੱਗੀ ਪਈ ਸੀ ਉਨ੍ਹਾਂ ਨੂੰ ਮਾਪਿਆਂ ਦੇ ਹਟਕਣ ਦੇ ਬਾਵਜੂਦ ਉਹ ਬੁਲਡੋਜ਼ਰ ਦੇ ਮਗਰ ਹੋ ਤੁਰੇ ਸਨ 'ਅਹੁ ਵੇਖੋ ਕਾਲੂ ਦੀ ਡਿਊੜੀ ਠਾਹ ਡਿੱਗੀ।' ਭਿੰਦਾ ਚੀਕ ਪਿਆ ਸੀ।

'ਫਿੱਟੇ ਮੂੰਹ ਤਵ੍ਹਾਡਾ ਵੇ ਬੇਸ਼ਰਮੋ।' ਕਰਤਾਰੋ ਨੇ ਛਿੰਦੇ ਨੂੰ ਝਿੜਕਿਆ ਸੀ।

'ਅਹੁ ਵੇਖ ਧੀਰੇ ਤੁਹਾਡੀ ਸਬ੍ਹਾਤ ਦੈੜ੍ਹ ਦੈੜ੍ਹ ਠਾਹ ਠਾਹ। ਮੁੰਡਿਆਂ ਦਾ ਬਦੋਬਦੀ ਹਾਸਾ ਨਿਕਲ ਗਿਆ ਸੀ।

'ਵੇ ਤਵ੍ਹਾਨੂੰ ਖੁਸ਼ੀ ਕਾਹਦੀ ਚੜ੍ਹ ਗਈ ਸਾਡਾ ਘਰ ਡਿੱਗਣ ਦੀ।' ਧੀਰੇ ਦੀ ਮਾਂ ਨੂੰ ਗੁੱਸਾ ਚੜ੍ਹ ਗਿਆ ਸੀ।

ਮੁੰਡੇ ਹੁਣ ਕਮਲਿਆਂ ਹਾਰ ਇੱਕ ਦੂਜੇ ਤੋਂ ਅੱਗੇ ਦੌੜਦੇ ਹੋਏ, ਅਗਲੇ ਘਰਾਂ ਦਾ ਸਮਾਨ ਕਢਾਉਂਦੇ, ਧਰੂੰਹਦੇ ਫਿਰਨੀ ਤੱਕ ਲਿਆਉਂਦੇ ਮੁੜ੍ਹਕੋ ਮੁੜ੍ਹਕੀ ਹੋਏ ਪਏ ਸਨ।

ਸਾਰੀ ਰਾਤ ਕੁੱਤੇ ਰੋਂਦੇ ਰਹੇ ਸਨ, ਮਲਬੇ ਦੇ ਢੇਰਾਂ 'ਤੇ ਬੈਠੇ ਅਜੀਬ 'ਵਾਜਾਂ ਕੱਢਦੇ, ਰੋਂਦੀਆਂ ਬਿੱਲੀਆਂ ਢੱਠੇ ਪਿੰਡਾਂ ਦੇ ਚੱਕਰ ਕੱਢਦੀਆਂ ਰਹੀਆਂ ਸਨ ਭੰਤੋ ਮਹਿਰੀ ਦੀ ਬਰੜਾਈ ਜਿਹੀ ਆਵਾਜ਼, ਕਦੀ ਜਾਪਦਾ ਚੀਕਾਂ ਮਾਰਦੀ ਏ, ਕਦੀ ਜਾਪਦਾ ਰੋਂਦੀ ਏ ਫਿਰ ਤਾੜੀ ਮਾਰ ਕੇ ਹਾਂ ਹਾਂ ਹਾਂ ਕਰਕੇ ਅਟਹਾਸ ਕਰਦੀ ਹੋਈ ਇੱਕ ਖ਼ੌਫਨਾਕ ਆਵਾਜ਼।

ਦਿਨ ਚੜ੍ਹਦਿਆਂ ਹੀ ਠੇਕੇਦਾਰ ਆ ਗਿਆ ਏ ਆਰੇ ਕੁਹਾੜੇ ਤੇ ਮਜ਼ਦੂਰ ਲੈ ਕੇ। ਪਿੰਡ ਦੇ ਪਿੱਪਲ, ਬੋਹੜ ਤੇ ਧਰੇਕਾਂ ਵੱਢਣ ਲਈ। ਇਹ ਇਸੇ ਪਿੰਡ ਦੇ ਲੋਕ ਨੇ ਜੋ ਸ਼ਹਿਰੀ ਮਜ਼ਦੂਰ ਬਣ ਗਏ ਨੇ। ਇਸ ਉੱਜੜੇ ਪਿੰਡ ਦੇ ਲੋਕਾਂ 'ਤੇ ਸਰਕਾਰ ਦੀ ਬੜੀ ਕ੍ਰਿਪਾ ਏ, ਕੱਚੀਆਂ ਨੌਕਰੀਆਂ 'ਤੇ ਰੱਖ ਲਏ ਗਏ ਨੇ।

'ਵੇ ਕੱਖ ਨਹੀਂ ਜੇ ਰਹਿਣਾ, ਪਿੱਪਲ ਨਾ ਵੱਢਿਓ।' ਭੰਤੋ ਮਹਿਰੀ ਬਾਹਵਾਂ ਖੜ੍ਹੀਆਂ ਕਰ ਦੁਹਾਈ ਪਾ ਰਹੀ ਏ। ਇੱਕ ਮਿੰਟ ਲਈ ਮਜ਼ਦੂਰ ਠਿਠਕ ਗਏ ਨੇ।

'ਕਿਉਂ ਕੀ ਹੋ ਗਿਆ?' ਠੇਕੇਦਾਰ ਨੇ ਰੋਅਬ ਨਾਲ ਪੁੱਛਿਆ ਏ।

ਇਕਦਮ ਉਨ੍ਹਾਂ ਇੱਕ ਦੂਜੇ ਵੱਲ ਵੇਖਿਆ ਏ। ਠੱਕ ਠੱਕ ਕੁਹਾੜੇ ਚੱਲ ਪਏ ਨੇ। 'ਤੇਰੀ ਮਾਂ।' ਕੋਈ ਤਣੇ ਦੇ ਚੀਹੜੇ ਹੋਣ ਨੂੰ ਗਾਲ਼ਾਂ ਕੱਢ ਰਿਹਾ ਏ।

ਕਹਿਰ ਭਰੀਆਂ ਨਜ਼ਰਾਂ ਨਾਲ, ਕਦੀ ਅਸਮਾਨ ਵੱਲ, ਕਦੀ ਇੱਕ-ਦੂਜੇ ਵੱਲ ਤੇ ਕਦੀ ਠੇਕੇਦਾਰ ਵੱਲ ਵਿੰਹਦੇ ਹੋਏ, ਅੱਟਣਾਂ ਭਰੀਆਂ ਤਲੀਆਂ 'ਤੇ ਥੁੱਕਦੇ ਉਨ੍ਹਾਂ ਨੂੰ ਸਹਿਲਾਉਂਦੇ, ਤਣੇ 'ਤੇ ਮੁੜ-ਮੁੜ ਵਾਰ ਕਰਕੇ ਮੁੜ੍ਹਕਾ ਪੂੰਝਦੇ ਸਾਹੋ ਸਾਹੀ ਹੋ ਰਹੇ ਨੇ।

ਹੁਣ ਉਹ ਪਾਣੀ ਦੇ ਘੜੇ ਦੁਆਲੇ ਹੋ ਗਏ ਨੇ। ਕਰਤਾਰਾ ਕਹਿ ਰਿਹਾ ਏ, 'ਅਹੁ ਸੀ ਸਾਡਾ ਘਰ, ਅਹੁ ਨਿੰਮ ਮੇਰੇ ਪੜਦਾਦੇ ਨੇ ਲਾਈ ਸੀ। ਦੇਖ ਲਓ-ਕੇਡਾ ਮੋਟਾ ਤਣਾ ਏ। ਏਸ ਥੱਲੇ ਮੇਰੀ ਮਾਂ ਚਰਖਾ ਕੱਤਿਆ ਕਰਦੀ ਸੀ। ਦਾਦੀ ਅਟੇਰਨ ਨਾਲ ਸੂਤ ਅਟੇਰਿਆ ਕਰਦੀ ਸੀ।'

'ਚਲੋ ਵੱਢੋ ਬਈ।' ਠੇਕੇਦਾਰ ਨੇ ਹੋਕਰਾ ਮਾਰਿਆ ਏ।

'ਤੇਰੀ ਓਏ।' ਕਰਤਾਰੇ ਨੇ ਮੂੰਹ ਹੀ ਮੂੰਹ 'ਚ ਗਾਲ਼ ਕੱਢੀ ਏ।

ਭਿੰਦਰ ਤੇ ਸ਼ੀਸ਼ੂ ਠਾਹ ਠਾਹ ਕਰਕੇ ਹੱਸ ਪਏ ਨੇ। ਉਨ੍ਹਾਂ ਨੇ ਕੁਹਾੜੇ ਸੂਤ ਲਏ ਨੇ। ਪੁਰਾਣੇ ਪਿੱਪਲ ਦੇ ਤਣੇ ਨੂੰ ਪਿੱਪਲ ਬਹੁਤ ਚੀਹੜਾ ਏ, ਕਰਤਾਰ ਨੂੰ, ਭਿੰਦਰ ਨੂੰ, ਸ਼ੀਸ਼ੂ ਨੂੰ, ਸਾਹ ਚੜ੍ਹਿਆ ਹੋਇਆ ਏ।

'ਵੇ ਜਦ-ਮੁਨਿਆਦ ਨਹੀਂ ਰਹਿੰਦੀ, ਨਾ ਵੱਢੋ ਵੇ ਪਿੱਪਲ, ਦੇਵਤਾ ਹੁੰਦਾ ਏ।' ਭੰਤੋ ਮਹਿਰੀ ਦੁਹਾਈ ਦੇਂਦੀ ਲੰਘ ਗਈ ਏ। ਸੁਣਿਆ ਏ ਕਮਲੀ ਹੋ ਗਈ ਏ, ਪਹਿਲਾਂ ਖੂਹ ਬੰਦ ਹੋ ਗਏ, ਫਿਰ ਹੋਟਲਾਂ ਨੇ ਮਹਿਰਿਆਂ ਦਾ ਕੰਮ ਬੰਦ ਕਰਵਾ ਦਿੱਤਾ। ਮੁੰਡਾ ਹੋਟਲ 'ਚ ਈ ਨੌਕਰ ਹੋ ਗਿਆ। ਹੁਣ ਚੰਡੀਗੜ੍ਹ ਰਹਿੰਦਾ ਏ। ਭੰਤੋ ਓਥੇ ਨਹੀਂ ਗਈ, ਸ਼ਾਇਦ ਗਈ ਸੀ ਪਰ ਆ ਗਈ ਏ, ਉਹਦਾ ਦਿਲ ਨਹੀਂ ਲੱਗਾ ਓਥੇ। ਉਹ ਆਪਣੇ ਪਿੰਡ ਵਾਲੇ ਕੱਚੇ ਕੋਠੇ 'ਚ ਹੀ ਰਹਿੰਦੀ ਸੀ, ਅੱਧ ਕਮਲੀ ਜਿਹੀ, ਕਦੀ ਕਦੀ ਭੱਠੀ ਤਾਅ ਬਹਿੰਦੀ, ਦਾਣੇ ਭਨਾਉਣ ਕੋਈ ਆਉਂਦਾ ਈ ਨਾ, ਲੋਕ ਹੱਸਦੇ, ਉਹ ਫਿਰ ਵੀ ਬਾਲਣ ਝੋਕੀ ਜਾਂਦੀ ਭੱਠੀ ਹੇਠ। ਕਈ ਵੇਰ ਕੜਾਹੀ 'ਚ ਕੁੱਜਾ ਮਾਰ ਰਹੀ ਹੁੰਦੀ, ਜਿਵੇਂ ਛੋਲਿਆਂ ਦੀਆਂ ਖਿੱਲਾਂ ਕੱਢ ਰਹੀ ਹੋਵੇ।

'ਹਾਅ ਵੇ ਲੱਛੂ ਆਹ ਵੇਖ ਮੱਕੀ ਕਿੰਨੀ ਖਿੜੀ ਏ' ਉਹ ਰੇਤ ਛਾਣੀ ਜਾਂਦੀ।

'ਤਾਈ ਲਿਆ ਦਾਣੇ 'ਤੇ ਚਬਾਅ।' ਲੰਘਦੇ ਆਉਂਦੇ ਭੰਤੋ ਨੂੰ ਮਖ਼ੌਲ ਕਰਦੇ, ਟਿਚਕਰਾਂ ਕਰਦੇ।

ਉਹਦਾ ਘਰ-ਵਾਲਾ ਲੱਛੂ ਮਹਿਰਾ ਬੱਕਰੀਆਂ ਦਾ ਇੱਜੜ ਸੀ ਉਹਦਾ, ਪਹਿਲਾਂ ਪਿੰਡ ਦਾ ਪਾਣੀ ਭਰਦਾ ਖੂਹ ਤੋਂ, ਫਿਰ ਇੱਜੜ ਛੇੜ ਲੈਂਦਾ, ਕਿੱਕਰਾਂ ਦੀ ਝੰਗੀ ਵੱਲ ਹੋ ਤੁਰਦਾ, ਬੱਕਰੀਆਂ, ਕਿੱਕਰੀਆਂ ਨਾਲ ਪਲਮ ਪਲਮ ਜਾਂਦੀਆਂ, ਮੁਰਕ ਮੁਰਕ ਕਿੱਕਰੀਆਂ ਦੇ ਲੂੰਗ ਚਰਦੀਆਂ ਲੱਛੂ ਮਾਤਾ ਦੀਆਂ ਭੇਟਾਂ ਛੁਹ ਲੈਂਦਾ ਤੇ ਫਿਰ ਬੇਗੋ ਨਾਰ, ਕੋਈ ਡੱਕਣ ਵਾਲਾ ਹੁੰਦਾ ਨਾ ਹੋੜਨ ਵਾਲਾ, ਪਿੰਡ ਦੀ ਸਾਂਝੀ ਭੋਂ, ਸ਼ਾਮਲਾਟ ਕਈ ਮੱਝਾਂ ਦੇ ਛੇੜੂ ਵੀ ਉਥੇ ਆ ਜਾਂਦੇ, ਕਿੱਕਰੀਆਂ ਹੇਠ ਲੰਮਾ ਲੰਮਾ ਘਾਹ। ਮੱਝਾਂ ਚਰਦੀਆਂ ਮੁੰਡੇ ਬਿਦ ਬਿਦ ਕੇ ਘੋਲ ਕਰਦੇ, ਕੌਡੀ ਖੇਡਦੇ ਇਕ ਦੋ ਜਣੇ ਵਾਰੀ ਨਾਲ ਸਾਰੀਆਂ ਮੱਝਾਂ ਸੰਭਾਲ ਲੈਂਦੇ।'

'ਕਿਉਂ ਤਾਏ, ਬੁੜ੍ਹਾ ਹੋ ਗਿਆ, ਲੱਲ੍ਹ ਨਾ ਗਏ' ਮਿਰਜ਼ਾ ਗਾਉਂਦੇ ਨੂੰ ਮੁੰਡੇ ਟਾਂਚ ਕਰਦੇ। ਪਰ ਜਦ ਉਹ ਦੇਵੀ ਦੀਆਂ ਭੇਟਾਂ ਗਾਉਂਦਾ ਤਾਂ ਗਾਉਂਦਾ ਗਾਉਂਦਾ ਸ਼ੁਦਾਈ ਹੋ ਜਾਂਦਾ, ਵਜਦ 'ਚ ਨੱਚਣ ਲੱਗਦਾ, ਦੁਲੱਤੀਆਂ ਮਾਰਨ ਲੱਗਦਾ।

'ਓਇ ਬੌਂਗਿਆ, ਆਹ ਤੇਰੀਆਂ ਸਾਲੀਆਂ। ਨਾਲ ਦੀ ਪੈਲੀ ਵਿਚਲਾ ਜੱਟ ਉਸਦੀਆਂ ਬੱਕਰੀਆਂ ਨੂੰ ਧ੍ਹੈਂਹ ਧ੍ਹੈਂਹ ਕੁੱਟਦਾ, ਇੱਜੜ ਲਈ ਆਉਂਦਾ। ਲੱਛੂ ਵੇਖਦਾ, ਡੈਂਬਰੀਆਂ ਜਿਹੀਆਂ ਬੱਕਰੀਆਂ



ਮਮਿਆਉਂਦੀਆਂ ਹੋਈਆਂ ਉਹਦੇ ਦੁਆਲੇ ਕੱਠੀਆਂ ਹੋਣ ਲੱਗਦੀਆਂ। ਇੱਕ ਇੱਕ ਦੇ ਮੂੰਹ 'ਤੇ ਉਹ ਹੱਥ ਫੇਰਦਾ, ਸਹਿਲਾਉਂਦਾ, ਪਿਆਰ ਕਰਦਾ ਵੇਖਦਾ ਕਿਸੇ ਦੀ ਲੱਤ ਵੱਢੀ ਹੁੰਦੀ, ਕਿਸੇ ਦੇ ਪਿੰਡੇ 'ਤੇ ਟੱਕ ਲੱਗਿਆ ਹੁੰਦਾ ਉਹਦੇ ਅੱਥਰੂ ਪਲਮ ਆਉਂਦੇ, ਉਹਦੀ ਘਿੱਗੀ ਬੱਝ ਜਾਂਦੀ, ਘਰ ਜਾਂਦਾ ਤਾਂ ਭੰਤੋ ਬੱਕਰੀਆਂ ਗਿਣਦੀ ਇੱਕ ਬੱਕਰੀ ਜਾਂ ਲੇਲਾ ਗੁੰਮ ਹੋਇਆ ਹੁੰਦਾ, ਮੁੜ ਮੁੜ ਗਿਣਦੇ ਗਿਣਦੇ ਗਿਣਦੇ ਫਿਰ ਭੁੱਲ ਜਾਂਦੇ, ਆਪੋ 'ਚ ਲੜ ਪੈਂਦੇ ਉਹ ਭੰਤੋ ਨੂੰ ਕੁੱਟਦਾ ਮਾਰਦਾ, ਉਹਦੀ ਗੁੱਤ ਪੁੱਟਦਾ, ਘਰ 'ਚ ਕੁਹਰਾਮ ਮਚ ਜਾਂਦਾ।

'ਤੇਰਾ ਕੱਖ ਨਾ ਰਹੇ ਵੇ, ਗਹਿਲੂ ਵੇ ਤਈਨੂੰ ਆਵੇ ਢਾਈਆਂ ਘੜੀਆਂ ਦੀ ਵੇ, ਮੇਰੀ ਬੱਕਰੀ ਚੁਰਾਉਣ ਵਾਲਿਆ।'

'ਸੁਣ ਲੈ ਵੇ ਪਿੰਡ, ਅੱਜ ਚੁਰਾਈ ਇਹਨੇ ਮੇਰੀ ਬੱਕਰੀ, ਕੱਲ੍ਹ ਨੂੰ ਮੇਰੀ ਕੁੜੀ ਨੂੰ ਹੱਥ ਪਾਊ, ਮੈਂ ਟੋਟੇ ਨਾ ਕਰ ਦਿੱਤਾ ਤਾਂ ਬਣਿਆ ਫਿਰਦਾ ਏ, ਕੁੱਤਾ ਜੱਟ।' ਭੰਤੋ ਹੱਥ ਵਿਚ ਬੱਕਰੀਆਂ ਵਾਲਾ ਢਾਂਗਾ ਲਈ, ਗਹਿਲੂ ਦੀ ਅਹੀ ਤਹੀ ਫੇਰੀ ਜਾਂਦੀ।

'ਵੱਢ ਦਊਂ ਕਿੱਕਰੀ ਦੇ ਲੂੰਗਾਂ ਵਾਂਗੂੰ' ਗਾਲ਼ਾਂ ਕੱਢਦੀ ਕੱਢਦੀ ਉਹ ਦੌੜਨ ਲੱਗਦੀ। ਲੱਛੂ ਮਗਰੇ ਦੌੜਨ ਲੱਗਦਾ। ਉਹ ਭੰਤੋ ਦੇ ਮਗਰ ਦੌੜਦਾ ਗੰਦ ਬਕਦਾ ਭੰਤੋ ਹੋਰ ਅੱਗੇ ਦੌੜ ਜਾਂਦੀ।

ਰਾਤੀਂ ਗਹਿਲੂ ਦੇ ਘਰ ਮਾਸ ਰਿੱਝਦਾ, ਪਤੀਲਾ ਗੜ੍ਹਕਦਾ, ਤੜਕੇ ਦੀ ਖੁਸ਼ਬੋ ਅੱਧੇ ਪਿੰਡ ਵਿਚ ਫੈਲ ਜਾਂਦੀ। ਕਈ ਘਰੀਂ ਮਾਸ ਦੇ ਕੌਲੇ ਵਰਤਦੇ, ਸ਼ਰਾਬ ਪੀ ਗਹਿਲੂ ਭੰਤੋ ਦੇ ਘਰ ਵੱਲ ਭੱਜ ਲੈਂਦਾ।

'ਤੇਰੀ ਓਏ, ਮੈਂ ਤੇਰੀ ਧੀ ਦੀ', ਉਹ ਗੰਦੀਆਂ ਗਾਲ੍ਹਾਂ ਕੱਢਦਾ, ਉਹਦੀ ਧੀ ਨੂੰ ਚੁਕਣ ਦੇ ਡਰਾਵੇ ਦਿੰਦਾ। ਭੰਤੋ ਵੱਢ ਵੱਢ ਉਹਨੂੰ ਪੈਂਦੀ, ਲੱਛੂ ਉਹਨੂੰ ਗੁੱਤੋਂ ਫੜ ਘੜੀਸ ਅੰਦਰ ਡੱਕ ਦਿੰਦਾ।

ਸਵੇਰੇ ਘਰ ਜਾ ਕੇ ਲੱਛੂ ਪਿੱਟਦਾ ਜਜਮਾਨਾਂ ਦੇ ਅੱਗੇ ਲੇਲਕੜੀਆਂ ਕੱਢਦਾ, ਰੋਂਦਾ ਮਮਿਆਂਦਾ, ਪੰਚਾਇਤ ਜੁੜਦੀ।

'ਨਹੀਂ' ਇੰਜ ਤਾਂ ਗਰੀਬ ਦਾ ਗਲ਼ ਵੱਢਣ ਵਾਲੀ ਗੱਲ ਹੋਈ।' ਗਹਿਲੂ ਦਾ ਕੋਈ ਸ਼ਰੀਕ ਲੱਛੂ ਲਈ ਹਾਅ ਦਾ ਨਾਅਰਾ ਮਾਰਦਾ।

'ਮਾਈ ਬਾਪ ਆਹ 'ਤੇ ਹੋਈ ਹੱਕ ਦੀ ਗੱਲ, ਮੋਤੀਆਂ ਆਲਿਓ।'

'ਇਹਦੀਆਂ ਬੱਕਰੀਆਂ ਮੇਰਾ ਤੋਰੀਏ ਦਾ ਖੇਤ ਉਜਾੜ ਗਈਆਂ ਨੇ ਮੈਂ ਹਰਜਾਨਾ ਲਵਾਂਗਾ।' ਗਹਿਲੂ ਪਾਸਾ ਸੁਟਦਾ।

'ਹਾਂ ਬਈ, ਮਾਤਾ ਦਾ ਭਗਤ ਏ ਜਦ ਭੇਟਾਂ ਗਾਉਂਦੇ ਨੂੰ ਹਾਲ ਚੜ੍ਹ ਜਾਂਦਾ ਏ ਤਾਂ ਇਹ ਨੂੰ ਹੋਸ਼ ਨਹੀਂ ਰਹਿੰਦੀ।'

'ਇਹ ਤਾਂ ਮੰਨਿਆ, ਆਪਣਾ ਲੱਛੂ ਭਗਤ ਤਾਂ ਪੂਰਾ ਏ।'

'ਪਰਸੋਂ ਜਗਰਾਤੇ 'ਤੇ ਦੇਖਿਆ ਮੈਂ ਤਾਂ, ਬੱਸ ਪੁੱਠਾ ਹੋ ਹੋ ਨੱਚਿਆ।' ਸਾਰੇ ਹੱਸ ਪਏ ਸਨ।

'ਹਾਂ ਬਈ ਲੱਛੂ ਆਪਣੀਆਂ ਬੱਕਰੀਆਂ ਸਾਂਭ ਕੇ ਰੱਖਿਆ ਕਰ।' ਸਰਪੰਚ ਤਣਬੀਹ ਕਰਦਾ। ਲੱਛੂ ਨੂੰ ਮਸ਼ਕਰੀਆਂ ਕਰਦੀ ਪੰਚਾਇਤ ਨਿੱਖੜ ਜਾਂਦੀ।

ਲੱਛੂ ਹਰ ਵਿਆਹ 'ਤੇ ਬੱਕਰੇ ਵੱਢਦਾ, ਮੀਟ ਬੜੀ ਰੀਝ ਨਾਲ ਬਣਾਉਂਦਾ, ਮੇਲੀ ਗੇਲੀ ਸਭ ਉਂਗਲੀਆਂ ਚੱਟਦੇ ਰਹਿ ਜਾਂਦੇ, ਕਈ ਪਿੰਡਾਂ 'ਚ ਉਹਦੇ ਮਹਾਂ-ਪ੍ਰਸਾਦ ਦੀ ਧੁੰਮ ਪਈ ਹੋਈ ਸੀ।

ਪਰ ਹੌਲੀ-ਹੌਲੀ ਸ਼ਹਿਰ ਵਿਚਲੇ ਹੋਟਲਾਂ ਨੇ ਉਹਦਾ ਧੰਦਾ ਵੀ ਠੱਪ ਕਰਾ ਦਿੱਤਾ ਸੀ।

ਲੱਛੂ ਦੀਆਂ ਬੱਕਰੀਆਂ ਹੌਲੀ-ਹੌਲੀ ਗੁਆਚਦੀਆਂ ਹੋਈਆਂ ਸਾਰੀਆਂ ਹੀ ਗੁਆਚ ਗਈਆਂ ਸਨ, ਫਿਰ ਇੱਕ ਰਾਤ ਉਹਨੇ ਆਪਣੇ ਆਪ ਨੂੰ ਅੱਧੀ ਰਾਤੀਂ ਸਾਹਮਣੇ ਕਿੱਕਰ ਦੇ ਟਾਹਣ ਤੇ ਟੰਗ ਕੇ ਫਾਹਾ ਲੈ ਲਿਆ ਸੀ।

'ਹਈ ਸ਼ਾਵਾ, ਜ਼ਰਾ ਜ਼ੋਰ ਨਾਲ।' ਠੇਕੇਦਾਰ ਨੇ ਮਜ਼ਦੂਰਾਂ ਨੂੰ ਹੱਲਾ ਸ਼ੇਰੀ ਦਿੱਤੀ ਏ।

'ਸ਼ਾਬਾ, ਵੱਢੋ ਬਈ ਕਿੱਕਰੀਆਂ, ਆਹ ਇੱਕ ਦੋ ਈ ਤਾਂ ਰਹਿ ਗਈਆਂ ਨੇ।'

ਨਿੱਕੇ ਨਿੱਕੇ ਫੁਰਤੀਲੇ ਜਾਨਵਰ, ਚੀਂ-ਚੀਂ ਕਰਦੇ ਹਵਾ 'ਚ ਉਲਟ-ਬਾਜ਼ੀਆਂ ਲਾ ਰਹੇ ਹਨ, ਕਿੱਕਰੀਆਂ ਦੁਆਲੇ ਮੰਡਰਾ ਰਹੇ ਹਨ, ਜਿਨ੍ਹਾਂ ਨਾਲ ਉਨ੍ਹਾਂ ਦੇ ਆਲ੍ਹਣੇ ਟੰਗੇ ਹੋਏ ਨੇ ਵਿਚ ਵਿਚ ਨੰਨ੍ਹੇ ਬੋਟ ਨੇ, ਜੋ ਚੁੰਝਾਂ ਅੱਡਦੇ ਤੇ ਮੀਟਦੇ ਡਾਢੇ ਨਿਮਾਣੇ ਲੱਗ ਰਹੇ ਨੇ।

'ਸਰਦਾਰ ਜੀ ਤਰਸ ਜਿਹਾ ਆਉਂਦਾ ਏ ਇਹਨਾਂ ਬਚੜਿਆਂ ਤੇ।' ਸ਼ੇਰੂ ਨੇ ਕੁਹਾੜਾ ਰੋਕਦਿਆਂ ਕਿਹਾ।

ਠੇਕੇਦਾਰ ਸੁਣਿਆਂ ਅਣਸੁਣਿਆ ਕਰ ਕੇ ਪਰ੍ਹਾਂ ਚਲਿਆ ਗਿਆ ਹੈ।

'ਧੱਤ, ਇਹੋ ਜੀ ਨੌਕਰੀ ਦੇ ਜਮਾਂ ਜੀਅ ਮਾਰ ਕਿਹੜੇ ਜੁਗ ਭਲਾ ਹੋਊ।'

ਕਰਤਾਰੇ ਨੇ ਮੱਥੇ 'ਤੇ ਆਇਆ ਮੁੜ੍ਹਕਾ ਪੂੰਝਿਆ ਏ।

'ਆਹ ਦੇਖ ਬਿਜੜੇ ਰੋਂਦੇ ਆਹ ਦੇਖ ਕਕਿਆਹਟ ਪਾ ਰੱਖੀ, ਹੇ ਵਾਖਰੂ, ਕਿਹੜੇ ਕੰਮੇ ਲਾਇਆ,'

ਸ਼ਾਮਲਾਟ ਦੀਆਂ ਵੱਢੀਆਂ ਪਈਆਂ ਕਿੱਕਰੀਆਂ 'ਚ ਢੱਠੇ ਪਏ ਆਲ੍ਹਣੇ ਮਿੱਧੇ ਚਿੱਧੇ ਜਿਹੇ ਬੋਟ ਵਿਚੇ ਆਂਡੇ ਟੁੱਟੇ ਹੋਏ ਉੱਪਰ ਬਿਜੜਿਆਂ ਦੀ ਚਿਚਿਆਟ।

'ਬਈ ਗਦਰ ਏ ਨਿਰਾ।'

ਮੱਝਾਂ ਲਈ ਘਾਹ ਲੈਣ ਆਈਆਂ ਤੀਵੀਆਂ ਵਿਚਾਰੀਆਂ ਜਿਹੀਆਂ ਹੋ ਕੇ ਖਲੋਅ ਗਈਆਂ ਨੇ ਬਾਬਾ ਲੱਖਾ ਤੇ ਚੇਤੂ ਦੋਵੇਂ ਆਪਣੀਆਂ ਸੋਟੀਆਂ ਟੇਕਦੇ ਇਸ ਉੱਜੜੀ ਵੱਢੀ ਸ਼ਾਮਲਾਟ ਵੱਲੇ ਵੇਖਦੇ ਕੁੱਬੇ ਜਿਹੇ ਤੁਰਦੇ ਢੱਠੇ ਪਿੰਡ ਵੱਲ ਹੋ ਗਏ ਨੇ।'

ਨਿੱਕੇ ਅੰਞਾਣੇ ਬਿਜੜਿਆਂ ਦੇ ਆਲ੍ਹਣੇ 'ਕੱਠੇ ਕਰ ਰਹੇ ਨੇ।

ਭੰਤੋ ਮਹਿਰੀ ਫਿਰ ਆ ਗਈ ਏ, ਉਹ ਆਈ ਹੀ ਰਹਿੰਦੀ ਏ ਉਹ ਕਿਤੇ ਵੀ ਨਹੀਂ ਜਾਂਦੀ।

'ਹਾਏ ਵੇ ਰੱਬਾ ਇਨ੍ਹਾਂ ਦਾ ਰਹੇ ਕੱਖ ਨਾ ਵੇ।' ਉਹ ਟੁੱਟੇ ਆਹਲਣਿਆਂ 'ਤੇ ਵੱਢੀਆਂ ਕਿੱਕਰੀਆਂ ਕੋਲ ਬਹਿ ਜਿਵੇਂ ਵੈਣ ਪਾਣ ਲੱਗ ਪਈ ਏ।

'ਮਖ ਤਾਰੇ ਹੁਣੀਂ ਤਾਂ ਟਰੱਕ ਲੈ ਆਏ ਨੇ।' ਕਿਸੇ ਭੱਜੇ ਆਉਂਦੇ ਨੇ ਖ਼ਬਰ ਦਿੱਤੀ ਏ। ਕਾਲੂ, ਗੋਲੂ ਤੇ ਮੰਨਾ ਸਭ ਭੱਜ ਭੱਜ ਕੇ ਚੀਜ਼ਾਂ ਟਰੱਕਾਂ 'ਤੇ ਰੱਖ ਰਹੇ ਹਨ ਪਿੰਡ ਦੇ ਕੁਝ ਲੋਕ ਉਨ੍ਹਾਂ ਕੋਲ ਖੜ੍ਹੇ ਹਨ ਜ਼ਮੀਨਾਂ ਦੀਆਂ ਗੱਲਾਂ ਕਰ ਰਹੇ ਹਨ, ਭਾਅ ਪੁੱਛ ਰਹੇ ਹਨ ਟਰੱਕ ਤੁਰਨ 'ਤੇ ਉਹ ਸਾਰੇ ਉਦਾਸ ਹੋ ਗਏ ਹਨ, ਕਈਆਂ ਦੀਆਂ ਅੱਖਾਂ ਵੀ ਛਲਕ ਆਈਆਂ ਹਨ।

ਭਿੰਦਾ, ਮਹਿਣਾ ਤੇ ਬਿੱਲੂ ਦੂਰੋਂ ਹਫ਼ੇ ਆ ਰਹੇ ਨੇ, ਅਖੇ ਅਸਟੇਟ ਆਫ਼ਿਸ ਵਾਲਿਆਂ ਨੇ ਮੱਝਾਂ ਡੱਕ ਲਈਆਂ ਨੇ, ਮਾਰ ਮਾਰ ਕੇ ਮੱਝਾਂ ਦੇ ਲੇਵੇ ਭੰਨ ਦਿੱਤੇ। ਅੜਾਂਅ ਅੜਾਂਅ ਕਰਦੀਆਂ ਮੱਝਾਂ ਪਿਛਾਂਹ ਨੂੰ ਭੱਜਦੀਆਂ ਉਨ੍ਹਾਂ ਡਾਂਗਾ ਮਾਰ ਮਾਰ ਕੇ ਉਨ੍ਹਾਂ ਦੇ ਖੁੰਨੇ ਭੰਨ ਦਿੱਤੇ ਕੋਈ ਸੱਤਰ ਅੱਸੀ ਮੱਝਾਂ ਉਹ ਵਲ ਕੇ ਲੈ ਗਏ ਨੇ ਆਹ ਵੇਖੋ ਜੰਗੀ ਦੇ ਸੱਟਾਂ ਲੱਗੀਆਂ, ਆਹ ਜ਼ੋਰੇ ਦੀ ਬਾਂਹ ਮਰੋੜ ਦਿੱਤੀ ਗਹਿਲੂ ਦੇ ਸਿਰ 'ਚ ਡਾਂਗ ਵੱਜੀ ਏ, ਹਸਪਤਾਲ 'ਚ ਏ ਅਸੀਂ ਤਾਂ ਖ਼ਬਰ ਦੇਣ ਆਏ ਆਂ ਕਿ ਮਰ ਨਾ ਜਾਏ, ਗਹਿਲੂ ਦੀ ਘਰ ਵਾਲੀ ਰੋਂਦੀ ਪਿੱਟਦੀ ਭੱਜੀ ਜਾ ਰਹੀ ਏ ਬੁੱਢੇ ਮਾਂ-ਬਾਪ ਡੰਗੋਰੀਆਂ ਟੇਕਦੇ ਪਤਾ ਨਹੀਂ ਕਿੱਧਰ ਨੂੰ ਹੋ ਤੁਰੇ ਨੇ ਭੰਤੋ ਮਹਿਰੀ, ਪਤਾ ਨਹੀਂ ਕਿਦ੍ਹੇ ਬੱਚੇ ਨੌਲਦੀ 'ਹੈਅ ਰੱਬਾ' ਕਰਦੀ, ਕਮਲਿਆਂ ਹਾਰ ਭੱਜੀ ਜਾ ਰਹੀ ਏ।

ਕਹਿੰਦੇ ਹੁਣ ਜੁਰਮਾਨਾ ਮੰਗਦੇ ਪਏ ਨੇ ਅਸਟੇਟ ਆਫ਼ਿਸ ਵਾਲੇ। ਭੁੱਖੀਆਂ ਭਾਣੀਆਂ ਮੱਝਾਂ, ਤ੍ਰਿਹਾਈਆਂ ਹੀ ਮਰ ਜਾਣਗੀਆਂ, ਦੁੱਧੋਂ ਸੁੱਕ ਜਾਣਗੀਆਂ ਮੁੜ੍ਹਕੋ ਮੁੜ੍ਹਕੀ ਹੋਏ, ਭੱਜਦੇ ਨੱਠਦੇ, ਛੇਤੀ ਛੇਤੀ ਕੋਈ ਟੂੰਮ-ਛੱਲਾ ਧਰਮੂ ਬਾਣੀਏ ਕੋਲ ਮੂੰਹੋਂ ਮੰਗੇ ਸੂਦ 'ਤੇ ਰਕਮਾਂ ਲੈ ਅਸਟੇਟ ਆਫ਼ਿਸ ਵੱਲ ਹੋ ਗਏ ਨੇ ਉਹਨਾਂ ਦੀ ਸਮਝ 'ਚ ਨਹੀਂ ਆਉਂਦਾ ਪਈ ਉਹ ਆਪਣੀ ਭੋਂਇੰ 'ਚ ਪਸ਼ੂ ਕਿਉਂ ਨਹੀਂ ਛੱਡ ਸਕਦੇ ਹਾਲੀ ਖ਼ਾਲੀ ਪਈ ਏ ਐਵੇਂ ਦੋ ਚਾਰ ਕੋਠੀਆਂ ਹੀ ਤਾਂ ਪਈਆਂ ਨੇ।

'ਇਹ ਤਾਂ ਲਹਿਣੀਆਂ ਦੀਆਂ ਦੇਣੀਆਂ ਆਹ ਦੇਖ ਲੈ ਗਹਿਲੂ, ਲੱਛੂ ਦੀ ਬੱਕਰੀ ਖਾ ਗਿਆ ਸੀ ਹੁਣ ਬਿਗਾਨੇ ਪੁੱਤਰਾਂ।'

ਵਾ-ਵਰੋਲੇ ਜਿਹੇ ਦਾ ਬੁੱਲ੍ਹਾ ਮਲਬੇ ਤੋਂ ਦੀ ਘੁੰਮਦਾ ਜਿਹਾ ਪੱਕੀ ਸੜਕ ਪਾਰ ਕਰ ਗਿਆ ਏ ਜੰਗਲੀ ਮੁਰਗ਼ੇ ਦੇ ਗਹਿਰੇ ਚਮਕੀਲੇ ਖੰਭ ਸੜਕ ਤੋਂ ਉੱਡ ਕੇ ਦੂਰ-ਦੂਰ ਤੱਕ ਫੈਲ ਗਏ ਨੇ।

'ਅਹੁ ਨਿੰਮ ਰਹਿ ਗਈ ਵੱਢਣ ਵਾਲੀ।' ਠੇਕੇਦਾਰ ਨੇ ਮਜ਼ਦੂਰਾਂ ਨੂੰ ਕਿਹਾ ਏ, 'ਚੱਲੋ ਵਈ ਚੱਲੋ।'

'ਹਾਂ ਜੀ।'

'ਸੂਤ ਲਓ ਕੁਹਾੜੇ ਫਿਰ।'

'ਚੱਲ ਬਈ ਪੜਪੋਤਿਆ ਜ਼ਰਾ ਵੱਢ ਖਾਂ ਆਪਣੀ ਜੱਦੀ ਪੁਸ਼ਤੀ ਨਿੰਮ' ਸ਼ੀਸ਼ੂ ਨੇ ਕਰਤਾਰੇ ਨੂੰ ਟਾਂਚ ਕੀਤੀ ਏ।

'ਬੜੀ ਮੋਟੀ ਏ ਵਈ।'

'ਕੁਝ ਨਹੀਂ ਰਹਿਣਾ ਏਥੇ ਸਾਬਤਾ।' ਕਸ਼ਮੀਰਾ ਠਾਹ ਠਾਹ ਹੱਸਿਆ ਏ।

'ਚਲੋ ਵਈ ਛੇਤੀ ਕਰੋ।' ਠੇਕੇਦਾਰ ਨੇ ਕਾਹਲ ਚਾੜ੍ਹੀ ਏ।

(ਬਾਕੀ ਸਫ਼ਾ 31 'ਤੇ)

# ਕਾਵਿ ਸੰਸਾਰ

## ਮੈਂ ਜੁਗਨੂੰ
ਵਿਰਕ ਪੁਸ਼ਪਿੰਦਰ



ਮੇਲਾ ਜਾਗਦੇ ਜੁਗਨੂੰਆਂ ਦਾ 'ਚ
ਆਪਣੇ ਆਪ ਨੂੰ ਇਕ ਜੁਗਨੂੰ ਮਹਿਸੂਸਦੇ
ਕੁਰਸੀ ਉੱਤੇ ਬੈਠੀ
ਆਪਣੀ ਵਾਰੀ ਦੀ ਉਡੀਕ ਕਰਦੀ
ਵਾਰ ਵਾਰ ਗੁੱਟ ਤੇ ਬੰਨ੍ਹੀ ਘੜੀ ਦੇਖਦੀ
ਮੇਰੀ ਵਾਰੀ ਸ਼ਾਮ ਨੂੰ 5 ਵਜੇ
ਮਨ ਵਿੱਚ ਇਕ ਕਾਹਲ ਜਿਹੀ ਮੱਚਦੀ
ਕੰਨਾਂ ਵਿਚ ਮਾਂ ਦਾਦੀ ਨਾਨੀ ਤੇ ਪੜਨਾਨੀ
ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ
ਸ਼ਰੀਫ਼ ਘਰਾਂ ਦੀਆਂ ਕੁੜੀਆਂ
'ਦਿਨ ਢਲੇ ਤੋਂ ਘਰੋਂ ਨਹੀਂ ਨਿਕਲਦੀਆਂ'
ਮਾਂ ਦਾਦੀ ਨਾਨੀ ਪੜਨਾਨੀ ਦੀਆਂ ਆਵਾਜ਼ਾਂ ਵਿਚ
ਕੁਝ ਧਮਕੀ ਭਰੀਆਂ ਭਾਰੀ ਆਵਾਜ਼ਾਂ
ਵੀ ਆ ਰਲ ਜਾਂਦੀਆਂ
ਹੱਥ ਕੰਬਦੇ
ਦਿਲ ਦੀ ਧੜਕਣ ਵਧਦੀ
ਮਨ ਹੀ ਮਨ
ਆਪਣੀ ਵਾਰੀ ਨੂੰ
ਖਿੱਚ ਕੇ ਤਿੰਨ ਕੁ ਵਜੇ ਕਰ ਲੈਂਦੀ ਹਾਂ
ਮੇਰੇ ਨਾਲ ਵਾਲੀ ਕੁਰਸੀ ਤੇ ਬੈਠਾ
ਮੇਰਾ ਲੇਖਕ ਦੋਸਤ ਦੱਸ ਰਿਹਾ
ਉਹ ਅੱਜ ਤੀਸਰੇ ਦਿਨ ਵੀ
ਮੇਲੇ ਦਾ ਆਨੰਦ ਲੈ ਰਿਹਾ
ਵਿਦਵਾਨਾਂ ਨੂੰ ਸੁਣ ਰਿਹਾ
ਮੱਥੇ ਨੂੰ ਰੁਸ਼ਨਾ ਰਿਹਾ
ਉਹਨੂੰ ਬੋਲਦੇ ਨੂੰ ਦੇਖ
ਉਹਦੇ ਸਿਰ ਉੱਤੋਂ
ਕਈ ਜੁਗਨੂੰ ਚਮਕਦੇ ਦਿਖਾਈ ਦਿੱਤੇ
ਜੋ ਆਸਮਾਨ ਨੂੰ ਭਰ ਦਿੰਦੇ
ਤੇ ਮੈਂ ਇੱਕ ਜੁਗਨੂੰ
ਹਨੇਰੇ ਦੇ ਡਰੋਂ
ਆਪਣੇ ਮਨ ਅੰਦਰ
ਕੁਝ ਭਰਨ ਦਾ ਯਤਨ ਕਰ ਰਹੀ
ਉਨ੍ਹਾਂ ਸ਼ਰੀਫ਼ ਘਰਾਂ ਦੀਆਂ
ਧਮਕੀਆਂ ਭਰੀਆਂ ਅੱਖਾਂ ਦਾ ਸਾਮ੍ਹਣਾ ਕਰਨ ਲਈ
ਜੋ ਮੈਨੂੰ ਵਾਪਸੀ ਉੱਤੇ ਘਰ ਜਾਂਦਿਆਂ
ਬੱਸ ਅਤੇ ਬਾਜ਼ਾਰ ਵਿਚ
ਸ਼ਰਾਫਤ ਦਾ ਪਾਠ ਪੜ੍ਹਾਉਣਗੀਆਂ
ਤੇ ਇਕ ਜਾਗਦੇ ਜੁਗਨੂੰ ਦੀਆਂ
ਅੱਖਾਂ ਨੂੰ ਅੱਜ ਫਿਰ ਝੁਕਾਉਣਗੀਆਂ
ਇੰਨੇ ਨੂੰ ਸਟੇਜ ਤੋਂ ਬੋਲ ਰਹੇ
ਵਿਦਵਾਨ ਦੀ ਆਵਾਜ਼ ਕੰਨਾਂ ਵਿਚ ਪੈਂਦੀ
ਜੇ ਹੱਕਾਂ ਦੀ ਗੱਲ ਕਰਦੇ ਹੋ
ਤਾਂ ਸਿਰ ਚੁੱਕ ਕੇ ਜਿਊਣਾ ਸਿੱਖੋ
ਬੋਲ ਰਹੇ ਵਿਦਵਾਨ ਦੇ ਪਿੱਛੇ
ਬੈਲ ਹੁਕਸ ,ਗੈਲੋਰੀਆ, ਸਿਮਨ
ਹੱਥ ਹਿਲਾਉਂਦਿਆਂ ਦਿਖਾਈ ਦਿੰਦੀਆਂ
ਮਨ ਅੰਦਰ ਕੁਝ ਭਰ ਜਾਂਦਾ
ਮੈਂ ਬੇਕਸੂਰ ਤੇ ਬੇਗੁਨਾਹ
ਕਈ ਸਾਲਾਂ ਤੋਂ
ਸ਼ਾਇਦ ਜਦੋਂ ਤੋਂ ਹੋਸ਼ ਸੰਭਾਲੀ
ਸਿਰ ਸੁੱਟ ਤੇ ਅੱਖਾਂ ਝੁਕਾਅ
ਸਜ਼ਾ ਕੱਟਦੀ ਆ ਰਹੀ ਹਾਂ
ਪਤਾ ਨਹੀਂ
ਕਿਹੜੇ ਗੁਨਾਹਾਂ ਦੀ
ਆਪਣੀ ਵਾਰੀ ਨੂੰ ਮੁੜ
ਤਿੰਨ ਤੋਂ ਵਾਪਸ ਪੰਜ ਵਜੇ ਹੀ ਕਰ ਲੈਂਦੀ ਹਾਂ
ਅੱਜ ਇਹ ਅੱਖਾਂ ਨਹੀਂ ਝੁਕਣਗੀਆਂ।

## ਗ਼ਜ਼ਲ
ਭਾਈ ਨੰਦ ਲਾਲ ਗੋਯਾ

ਕੰਨ ਜੇ ਕਰ ਸੁਣਨ ਵਾਲੇ ਹੋਣ ਤਾਂ,
ਰੱਬ ਦੇ ਨਾਮ ਬਿਨਾਂ ਕਦ ਕੁਝ ਹੋਰ ਸੁਣਦੇ ਹਨ ?
ਅਤੇ ਜੇ ਕਰ ਜੀਭਾ ਬੋਲਣ ਵਾਲੀ ਹੋਵੇ ਤਾਂ ਗੱਲ ਗੱਲ ਵਿਚ ਗੁੱਝੀ ਰਮਜ਼ ਹੋਵੇਗੀ ।
ਬ੍ਰਾਹਮਣ ਆਪਣੀ ਮੂਰਤੀ ਦਾ ਸ਼ਰਧਾਲੂ ਹੈ ਅਤੇ ਮੋਮਨ ਖ਼ਾਨਕਾਹ ਦਾ,
ਮੈਂ ਜਿੱਥੇ ਵੀ ਪ੍ਰੇਮ ਪਿਆਲਾ ਡਿੱਠਾ ਹੈ ਮਸਤ ਹੋ ਗਿਆ ਹਾਂ।
ਬੇਅਦਬੀ ਨਾਲ ਮਨਸੂਰ ਵਾਂਗ ਪ੍ਰੀਤ ਦੀ ਰਾਹ ਉਤੇ ਕਦਮ ਨਾ ਰਖੀਂ,
ਇਸ ਰਾਹ ਤੇ ਚਲਣ ਵਾਲੇ ਪਾਂਧੀ ਦਾ ਪਹਿਲਾ ਕਦਮ ਤਾਂ ਸੂਲੀ ਉੱਤੇ ਹੁੰਦਾ ਹੈ।
ਜੇ ਤੇਰੀ ਤਬੀਅਤ ਗੋਯਾ ਵਾਂਗ ਮੋਤੀ ਵਰ੍ਹਾਉਣ ਵਾਲੀ ਹੈ,
ਤਾਂ ਵੀ ਜੋ ਕੁਝ ਤੇਰੇ ਕੋਲ ਹੈ, ਆਪਣੇ ਸਜਨ ਤੋਂ ਵਾਰ ਦੇ।
ਤੇਰੀ ਗਲੀ ਦੇ ਮੰਗਤੇ ਨੂੰ ਬਾਦਸ਼ਾਹੀ ਦੀ ਇੱਛਾ ਨਹੀਂ।
ਉਸ ਨੂੰ ਨਾ ਤਾਂ ਰਾਜ ਦੀ ਚਾਹ ਹੈ, ਨਾ ਹੀ ਬਾਦਸ਼ਾਹੀ ਟੇਢੀ ਟੋਪੀ ਦੀ ।
ਜਿਸ ਕਿਸੇ ਨੇ ਦਿਲ ਦਾ ਮੁਲਕ ਜਿੱਤ ਲਿਆ, ਸਮਝੋ ਉਹ ਸੁਲਤਾਨ ਹੋ ਗਿਆ ।
ਜਿਸ ਕਿਸੇ ਨੇ ਤੈਨੂੰ ਲੱਭ ਲਿਆ, ਸਮਝੋ, ਉਸ ਵਰਗਾ ਹੋਰ ਕੋਈ ਸਿਪਾਹੀ ਨਹੀਂ ।
ਤੇਰੀ ਗਲੀ ਦਾ ਭਿਖ-ਮੰਗਾ ਦੋਹਾਂ ਜਹਾਨਾਂ ਦਾ ਬਾਦਸ਼ਾਹ ਹੈ,
ਤੇਰੇ ਫੁਟਦੇ ਵਾਲਾਂ ਦੇ ਕੈਦੀ ਨੂੰ ਲੋੜ ਛੁਟਕਾਰੇ ਦੀ ਨਹੀਂ।
ਕਿਹੜੀ ਹੈ ਉਹ ਅੱਖ, ਜਿਸ ਵਿਚ ਤੇਰੇ ਨੂਰ ਦੀ ਚਮਕ ਨਹੀਂ ?
ਕਿਹੜੀ ਹੈ ਉਹ ਛਾਤੀ, ਜਿਸ ਵਿਚ ਰੱਬੀ ਖ਼ਜ਼ਾਨੇ ਨਹੀਂ ?
ਉਸ ਤੋਂ ਕੁਰਬਾਨ ਹੋ ਜਾ, ਇਸ ਵਿਚ ਹੀਲ ਹੁੱਜਤ ਨਾ ਕਰ, ਐ ਗੋਯਾ,
ਕਿਉਂ ਜੋ ਸਾਡੀ ਗੀਤ ਵਿਚ ਹੀਲ ਹੁੱਜਤ ਦੀ ਕੋਈ ਥਾਂ ਨਹੀਂ।

## ਕਵਿਤਾ
ਸਰਬਜੀਤ ਕੌਰ ਸਰਬ

ਸਿੱਖੀ ਦਾ ਇਕ ਬੂਟਾ ਉੱਗੀਆਂ,
ਸ਼ਬਦ ਬਾਣੀ ਨਾਲ ਉਸਨੂੰ ਸਿੰਜਿਆ
ਰੂਹਾਨੀ ਰੂਹਾਂ ਨੇ ਨੂਰ ਵਰਸਾਇਆ
ਦੀਪ ਸਿੱਖੀ ਦਾ ਧਰਤੀ 'ਤੇ ਆਇਆ

ਸੱਚ ਨੇ ਜਦ ਪ੍ਰਕਾਸ਼ ਫੈਲਾਇਆ
ਅਗਮ ਅਪਾਰੁ ਸੀ ਨਜ਼ਰੀਂ ਆਇਆ
ਖ਼ਾਲਸੇ ਦਾ ਸੀ ਸਰੂਪ ਸਜਾਇਆ
ਦੀਪ ਸਿੱਖੀ ਦਾ ਧਰਤੀ 'ਤੇ ਆਇਆ

ਚੰਨ ਰਿਸ਼ਮਾਂ ਨਾਲ ਬ੍ਰਹਿਮੰਡ ਰੋਸ਼ਨਾਏ
ਚਾਰੇ ਜੁਗਾਂ ਦੇ ਬਸ਼ਰ ਸੀ ਆਏ
ਚੁੱਕ ਤਲਵਾਰ ਉਸ ਜਿਉਣਾ ਸਿਖਾਇਆ
ਦੀਪ ਸਿੱਖੀ ਦਾ ਧਰਤੀ 'ਤੇ ਆਇਆਂ

ਅਕਾਲ ਰੂਪ ਉਹ ਸੱਚ ਦਾ ਪ੍ਰਕਾਸ਼
ਨਾਦ ਧੁਨੀ ਵਿਚ ਉਸ ਦਾ ਵਾਸ
ਸ਼ਬਦ ਰੂਪ ਵਿਚ ਉਹ ਕਰੇ ਨਿਵਾਸ
ਦੀਨ ਦੁਨੀਆਂ ਦਾ ਮਾਲਕ ਅਖਵਾਇਆ
ਦੀਪ ਸਿੱਖੀ ਦਾ ਧਰਤੀ 'ਤੇ ਆਇਆ



## ਕਵਿਤਾ
ਮੁਨੀਰ ਨਿਆਜ਼ੀ

ਕਿਸੇ ਨੂੰ ਅਪਣੇ ਅਮਲ ਦਾ ਹਿਸਾਬ ਕੀ ਦਈਏ
ਕਿਸੇ ਨੂੰ ਅਪਣੇ ਅਮਲ ਦਾ ਹਿਸਾਬ ਕੀ ਦਈਏ।
ਸਵਾਲ ਸਾਰੇ ਗ਼ਲਤ ਨੇ ਜਵਾਬ ਕੀ ਦਈਏ।
ਉਨੀਂਦਰੇ ਕਈ ਸਦੀਆਂ ਦੇ ਖ਼ਾਲੀ ਅੱਖਾਂ ਵਿਚ,
ਇਨ੍ਹਾਂ ਬੇਅੰਤ ਖ਼ਲਾਵਾਂ 'ਚ ਖ਼ਾਬ ਕੀ ਦਈਏ।
ਹਵਾਵਾਂ ਵਾਂਗ ਮੁਸਾਫ਼ਿਰ ਨੇ ਦਿਲਬਰਾਂ ਦੇ ਦਿਲ,
ਇਨ੍ਹਾਂ ਨੂੰ ਇੱਕੋ ਜਗ੍ਹਾ ਅਜ਼ਾਬ ਕੀ ਦਈਏ।
ਅਜੇ ਸਮਝ ਨਹੀਂ ਹਰਫ਼ਾਂ ਦੀ ਰਮਜ਼ ਦੀ ਉਹਨੂੰ,
ਤੇ ਏਸ ਉਮਰੇ ਉਂਹਦੇ ਹੱਥ 'ਚ ਕਿਤਾਬ ਕੀ ਦਈਏ।
ਸ਼ਰਾਬ ਮੰਗਦਾ ਏ ਜੀ ਅਜ ਸ਼ਰਆ ਦੇ ਪਹਿਰੇ ਵਿਚ,
ਪਰ ਏਡੀ ਤੰਗੀ 'ਚ ਇਹਨੂੰ ਸ਼ਰਾਬ ਕੀ ਦਈਏ।

## ਜ਼ਿੰਦਗੀ ਦੇ ਰੰਗ
ਬਲਜੀਤ ਫਰਵਾਲੀ

ਉਦਾਸ ਰਾਹਾਂ
ਕਦੇ ਸ਼ਾਮ ਸਵੇਰੇ,
ਕਦੇ ਸੁੰਨੇ ਚੁਫੇਰੇ,
ਕਦੇ ਮੂੰਹ ਹਨੇਰੇ,
ਦਿਲ ਦੀ ਪਟਾਰੀ ਵਿਚੋਂ,
ਯਾਦਾਂ ਦੀ ਸੱਪਣੀ ਡੰਗਦੀ ਆ,
ਬਾਹਰੋਂ ਤਾਂ ਅੱਖਾਂ ਰੋਂਦੀਆਂ,
ਅੰਦਰੋ ਰੂਹ ਕੰਬਦੀ ਆ,
ਕਦੇ ਦਿਲ ਹੋਵੇ ਉਦਾਸ,
ਕਦੇ ਇੱਛਾ ਆਜੇ ਰਾਸ,
ਕਦੇ ਮਨ ਚ ਖਟਾਸ ਉਦੋਂ,
ਘੜੀ ਬੜੀ ਔਖੀ ਲੰਘਦੀ ਆ,
ਬਾਹਰੋਂ ਤਾਂ ਅੱਖਾਂ ਰੋਂਦੀਆਂ,
ਅੰਦਰੋ ਰੂਹ ਕੰਬਦੀ ਆ,
ਕਦੇ ਮਨ ਵਾਲਾ ਝੱਲ,
ਕਦੇ ਜਿਉਣ ਵਾਲਾ ਵੱਲ,
ਕਦੇ ਜ਼ੁੰਮੇਵਾਰੀ ਵਾਲਾ ਟੱਲ,
ਕਦੇ ਦਿਲ ਵਾਲੀ ਗੱਲ,
ਜਾਨ ਲੈਣੀ ਮੰਗਦੀ ਆ,
ਬਾਹਰੋਂ ਤਾਂ ਅੱਖਾਂ ਰੋਂਦੀਆਂ,
ਅੰਦਰੋ ਰੂਹ ਕੰਬਦੀ ਆ,
ਕਦੇ ਲੱਭਾਂ ਤੇਰਾ ਰਾਹ,
ਕਦੇ ਰੁਕਦੇ ਨੇ ਸਾਹ,
ਲੱਗੇ ਜੱਗ ਤਾ ਅਬਾਦ,
ਮੇਰੇ ਸਪਨੇ ਫ਼ਨਾਹ ਉਦੋਂ,
ਯਾਦ ਤੇਰੀ ਮੈਨੂੰ ਡੰਗਦੀ ਆ,
ਬਾਹਰੋਂ ਤਾਂ ਅੱਖਾਂ ਰੋਂਦੀਆਂ,
ਅੰਦਰੋ ਰੂਹ ਕੰਬਦੀ ਆ,
ਪਰ ਹੁਣ ਤੂੰ ਜਿੱਥੇ ਵੀ ਆ,
ਰਹਿ ਸਦਾ ਖੁਸ਼,
ਜਿਵੇ ਕੱਟੇ ਦਰੱਖਤ ਦੇ,
ਆਪੇ ਫੁੱਟ ਪੈਂਦੇ ਮੁੱਛ,
ਮੰਨ ਰੱਬ ਦਾ ਮੈ ਭਾਣਾ,
ਫਿਰ ਖੁਸ਼ੀ ਵੰਡਣੀ ਆ,
ਬਾਹਰੋਂ ਨਾਂ ਅੱਖਾਂ ਰੋਣੀਆਂ,
ਅੰਦਰੋ ਨਾਂ ਰੂਹ ਕੰਬਣੀ ਆ,

## ਨਜ਼ਰੀਆ
ਰਮਨਦੀਪ ਕੌਰ ਵਿਰਕ

ਉਹ ਪਿਆਰ ਨੂੰ,
ਹੋਰ ਨਜ਼ਰ ਨਾਲ ਦੇਖਦਾ ਹੈ।
ਦੱਸਦਾ ਹੈ ਕਦੇ ਕਦੇ,
ਕਿ,
ਬਦਾਮਾਂ ਦੇ ਦਰਖ਼ਤ ਹਮੇਸ਼ਾ,
ਇਕੱਠੇ ਉੱਗਦੇ ਹਨ।
ਮੇਲ ਫ਼ੀਮੇਲ,
ਨਹੀਂ ਤਾਂ ਸੁੱਕ ਸੜ ਜਾਂਦੇ ਹਨ।

## ਕਵਿਤਾ
ਸੁਰਜੀਤ ਪਾਤਰ

ਤੂੰ ਬੇਚੈਨ ਕਿਉਂ ਹੈਂ ਤੂੰ ਰੰਜੂਰ ਕਿਉਂ ਹੈਂ,
ਤੂੰ ਬੇਚੈਨ ਕਿਉਂ ਹੈਂ ਤੂੰ ਰੰਜੂਰ ਕਿਉਂ ਹੈਂ,
ਤੂੰ ਸੀਨੇ ਨੂੰ ਲੱਗ ਕੇ ਵੀ ਇਉਂ ਦੂਰ ਕਿਉਂ ਹੈਂ।
ਕਿਵੇਂ ਬਲ ਰਿਹੈਂ ਤੂੰ ਉਹ ਕੀ ਜਾਣਦੇ ਨੇ,
ਜੁ ਪੁੱਛਦੇ ਨੇ ਤੂੰ ਏਨਾ ਪੁਰਨੂਰ ਕਿਉਂ ਹੈਂ,
ਉਹ ਸੂਲੀ ਚੜ੍ਹਾ ਕੇ ਉਹਨੂੰ ਪੁੱਛਦੇ ਨੇ,
ਤੂੰ ਸਾਡੇ ਤੋਂ ਉੱਚਾ ਐਂ ਮਨਸੂਰ ਕਿਉਂ ਹੈਂ।
ਉਹ ਆਪਣੇ ਹੀ ਦਿਲ ਦੀ ਅਗਨ ਸੀ ਰੌਸ਼ਨ,
ਉਹ ਪੁੱਛਦੇ ਸੀ ਤੂੰ ਏਨਾ ਮਸ਼ਹੂਰ ਕਿਉਂ ਹੈਂ।
ਜੁ ਧਰਤੀ ਵੀ ਭੁੱਲਿਆ ਤੇ ਨੀਹਾਂ ਵੀ ਭੁੱਲਿਐ,
ਤੂੰ ਗੁੰਬਦ ਏਂ ਪਰ ਏਨਾ ਮਗਰੂਰ ਕਿਉਂ ਹੈਂ।
ਬਣਾ ਖੁਦ ਮੁਹੱਬਤ ਦਾ ਪੁਲ ਤੂੰ ਖੁਦਾ ਤਕ,
ਕਿ ਤੂੰ ਠੇਕੇਦਾਰਾਂ ਦਾ ਮਜ਼ਦੂਰ ਕਿਉਂ ਹੈਂ।
ਹਵਾਵਾਂ 'ਚ ਕਿਉਂ ਨਈਂ ਤੂੰ ਲਿਖਦਾ ਮੁਹੱਬਤ,
ਤੂੰ ਸ਼ਾਇਰ ਏਂ ਫਿਰ ਏਨਾ ਮਜ਼ਬੂਰ ਕਿਉਂ ਹੈਂ।

# ਭਾਰਤ ਵਿਚ ਕੌਮੀ ਖੇਡ ਹਾਕੀ ਨੂੰ ਮਾਣਯੋਗ ਸਥਾਨ ਕਿਉਂ ਨਹੀਂ ?

ਪ੍ਰੋ. ਪਰਮਜੀਤ ਸਿੰਘ

ਭਾਰਤੀ ਖੇਡ ਜਗਤ, ਪ੍ਰਣਾਲੀ, ਭਾਰਤੀ ਖੇਡ ਪ੍ਰੇਮੀਆਂ, ਭਾਰਤ ਦੇ ਮੀਡੀਏ ਨੇ ਤੇ ਭਾਰਤ ਦੀ ਕੇਂਦਰ ਤੇ ਰਾਜ ਸਰਕਾਰ ਨੇ ਸਾਨੂੰ ਹਮੇਸ਼ਾ ਹੈਰਾਨ ਤੇ ਪ੍ਰੇਸ਼ਾਨ ਕੀਤਾ ਹੈ। ਜਦੋਂ ਇਹ ਗੱਲ ਸਿਰਫ਼ ਭਾਰਤੀ ਕੌਮੀ ਖੇਡ ਹਾਕੀ ਨੂੰ ਲੈ ਕੇ ਕਰਦੇ ਹਾਂ। ਫੁੱਟਬਾਲ ਇਸ ਦੇਸ਼ ਦੀ ਕਦੇ ਵੀ ਲੋਕਪ੍ਰਿਯ ਖੇਡ ਨਹੀਂ ਰਹੀ, ਨਾ ਕੋਈ ਵੱਡੀਆਂ ਪ੍ਰਾਪਤੀਆਂ ਭਾਰਤੀਆਂ ਨੇ ਇਸ ਖੇਡ 'ਚ ਕੀਤੀਆਂ। ਅਸੀਂ ਹੈਰਾਨ ਹੁੰਦੇ ਹਾਂ ਕਿ ਫੀਫਾ ਰੈਂਕਿੰਗ ਵਿਚ ਵੀ ਭਾਰਤ 106ਵੇਂ ਸਥਾਨ 'ਤੇ ਹੈ ਤੇ ਕੌਮੀ ਖੇਡ ਹਾਕੀ ਅੰਤਰਰਾਸ਼ਟਰੀ ਰੈਂਕਿੰਗ ਵਿਚ ਭਾਰਤ ਹਮੇਸ਼ਾ 10 ਸਥਾਨਾਂ ਵਿਚ ਤਾਂ ਹਮੇਸ਼ਾ ਰਹੀ ਹੈ ਪਰ ਫਿਰ ਵੀ ਇਸ ਦੇ ਧਿਆਨ ਚੰਦ, ਬਲਬੀਰ ਸਿੰਘ, ਊਧਮ




ਸਿੰਘ ਦੀ ਹਾਕੀ ਨੂੰ ਦੇਸ਼ ਵਿਚ ਕਦੇ ਮਾਣ-ਸਨਮਾਨ ਵਾਲਾ ਸਥਾਨ ਨਹੀਂ ਮਿਲਿਆ। ਕੀ ਭਾਰਤ ਹਾਕੀ ਦਾ ਦੁਸ਼ਮਣ ਹੈ?

ਅਸੀਂ ਦਹਾਕਿਆਂ ਤੋਂ ਦੇਖਦੇ ਆਏ ਹਾਂ, ਜਿਨ੍ਹਾਂ ਦਿਨਾਂ 'ਚ ਫੁੱਟਬਾਲ ਦਾ ਵਿਸ਼ਵ ਕੱਪ ਹੁੰਦਾ ਹੈ। ਮੀਡੀਆ ਉਸ ਦੀ ਕਵਰੇਜ ਇੰਜ ਕਰ ਰਿਹਾ ਹੁੰਦਾ ਜਿਵੇਂ ਇਸ ਦੇਸ਼ ਦੇ ਸਾਰੇ ਖੇਡ ਪ੍ਰੇਮੀ, ਫੁੱਟਬਾਲ ਪ੍ਰੇਮੀ ਨੇ। ਜਿਵੇਂ ਭਾਰਤੀ ਟੀਮ ਸੈਮੀਫਾਈਨਲ ਵਿਚ ਪਹੁੰਚਣ ਦੀਆਂ ਸੰਭਾਵਨਾਵਾਂ ਪੈਦਾ ਕਰ ਰਹੀ ਹੋਵੇ ਅਤੇ ਭਾਰਤ ਲਈ 'ਕਰੋ ਜਾਂ ਮਰੋ' ਦੀ ਸਥਿਤੀ ਬਣੀ ਹੋਵੇ। ਜਿਨ੍ਹਾਂ ਦਿਨਾਂ ਵਿਚ ਹਾਕੀ ਦਾ ਵਿਸ਼ਵ ਕੱਪ ਹੁੰਦਾ ਹੈ, ਮੀਡੀਆ ਨੂੰ ਪਤਾ ਨਹੀਂ ਕੀ ਸੱਪ ਸੁੰਘ ਜਾਂਦਾ। ਤੁਸੀਂ ਦੇਖਣਾ 2023 'ਚ ਭਾਰਤ ਵਿਚ ਹਾਕੀ ਦਾ ਵਿਸ਼ਵ ਕੱਪ ਹੋ ਰਿਹਾ ਹੈ ਪਰ ਮੀਡੀਆ ਵਿਚ ਇਸ ਦੀ ਵਿਰਲੀ ਟਾਵੀਂ ਹੀ ਖ਼ਬਰ ਮਿਲਣੀ ਹੈ। ਜਿਸ ਖੇਡ 'ਚ ਆਪਣਾ ਦੇਸ਼ ਖੇਡ ਰਿਹਾ ਉਹ ਵੀ ਘਰੇਲੂ ਮੈਦਾਨ ਵਿਚ ਉਸ ਤੋਂ ਵੀ ਤੁਸੀਂ ਘੇਸਲ ਵੱਟਦੇ ਹੋ।

ਭਲਿਓ ਮਾਣਸੋ! ਇਹ ਰੁਝਾਨ ਆਖਿਰ ਕਦ ਤੱਕ ਚਲਦਾ ਰਹੇਗਾ? ਊਧਮ ਸਿੰਘ ਉਲੰਪੀਅਨ ਦੇ ਰਿਸ਼ਤੇਦਾਰ ਤੇ ਦੋਸਤ ਦੱਸਦੇ ਨੇ ਇਕ ਵਾਰ ਕੋਈ ਨੌਜਵਾਨ ਫੁੱਟਬਾਲ ਖੇਡਦਾ ਉਸ ਦੇ ਪਿੰਡ ਵਿਚ ਵੜ ਆਇਆ। ਊਧਮ ਸਿੰਘ ਨੇ ਉਸ ਕੋਲੋਂ ਫੁੱਟਬਾਲ ਖੋਹ ਲਿਆ ਤੇ ਜਾ ਕੇ ਖੂਹ ਵਿਚ ਸੁੱਟ ਆਏ ਤੇ ਕਹਿਣ ਲੱਗੇ, 'ਮੇਰੇ ਪਿੰਡ ਸੰਸਾਰਪੁਰ ਵਿਚ ਫੁੱਟਬਾਲ ਦਾ ਭਲਾ ਕੀ ਕੰਮ?' ਹੈਰਾਨੀ ਦੀ ਗੱਲ ਹੈ ਕਿ ਪਿਛਲੀਆਂ ਉਲੰਪਿਕ ਖੇਡਾਂ ਵਿਚ ਭਾਰਤੀ ਟੀਮ ਨੇ ਉਲੰਪਿਕ ਤਮਗ਼ਾ ਵੀ ਜਿੱਤਿਆ ਹੈ ਪਰ ਫਿਰ ਵੀ ਇਸ ਖੇਡ ਨੂੰ ਉਤਸ਼ਾਹਿਤ ਕਰਨ ਲਈ ਕੋਈ ਯਤਨ ਨਹੀਂ ਹੋ ਰਹੇ। ਫੁੱਟਬਾਲ ਵਿਚ ਭਾਰਤ ਕੁਆਲੀਫਾਈ ਵੀ ਨਹੀਂ ਕਰ ਸਕਦਾ, ਉਸ ਨਾਲ ਉਹ ਹੇਜ ਕਿਉਂ?

# ਸੋਨਮ ਬਾਜਵਾ ਫ਼ਿਲਮ 'ਗੋਡੇ ਗੋਡੇ ਚਾਅ' ਵਿਚ ਨਿਭਾਏਗੀ ਠੇਠ ਪੰਜਾਬਣ ਕੁੜੀ ਦੀ ਭੂਮਿਕਾ

ਪੰਜਾਬੀ ਫ਼ਿਲਮਾਂ ਦੀ ਮਸ਼ਹੂਰ ਅਦਾਕਾਰਾ ਸੋਨਮ ਬਾਜਵਾ ਜਲਦ ਹੀ ਪੰਜਾਬੀ ਫ਼ਿਲਮ 'ਗੋਡੇ ਗੋਡੇ ਚਾਅ' ਵਿਚ ਨਜ਼ਰ ਆਵੇਗੀ। ਇਸ ਫ਼ਿਲਮ ਵਿਚ ਉਹ ਬਹੁਤ ਹੀ ਦੇਸੀ ਅੰਦਾਜ਼ 'ਚ ਨਜ਼ਰ ਆਵੇਗੀ। ਇਸ ਫ਼ਿਲਮ ਵਿਚ ਉਸ ਦੇ ਕਿਰਦਾਰ ਦਾ ਨਾਂ 'ਰਾਣੀ' ਹੈ।ਇਸ ਬਾਰੇ ਸੋਨਮ ਬਾਜਵਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇਕ ਤਸਵੀਰ ਸ਼ੇਅਰ ਕਰਦਿਆਂ ਜਾਣਕਾਰੀ ਦਿੱਤੀ ਹੈ। ਆਪਣੇ ਕਿਰਦਾਰ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਅਦਾਕਾਰਾ ਨੇ ਲਿਖਿਆ ਕਿ ਮੈਂ ਤੁਹਾਨੂੰ ਜਾਣੂ ਕਰਵਾਉਣ ਜਾ ਰਹੀ ਹਾਂ 'ਗੋਡੇ ਗੋਡੇ ਚਾਅ' ਦੀ 'ਰਾਣੀ' ਦੇ ਨਾਲ। ਇਹ ਸਿਨੇਮਾ ਘਰਾਂ ਵਿਚ ਜਲਦ ਆ ਰਹੀ ਹੈ। ਦੱਸ ਦਈਏ ਕਿ ਸੋਨਮ ਬਾਜਵਾ ਦੇ ਦੇਸੀ ਅੰਦਾਜ਼ ਨੂੰ ਬਹੁਤ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ। ਉਸ ਨੇ ਪਿੰਡ ਦੀ ਕੁੜੀ ਦੇ ਕਈ ਕਿਰਦਾਰ ਨਿਭਾਏ ਹਨ ਅਤੇ ਦਰਸ਼ਕਾਂ ਦੇ ਵੱਲੋਂ ਵੀ ਰਜਵਾਂ ਪਿਆਰ ਮਿਲਦਾ ਰਿਹਾ ਹੈ। ਦੱਸਣਯੋਗ ਹੈ ਕਿ 'ਪੰਜਾਬ 1984' ਵਿਚ ਉਹ ਦਿਲਜੀਤ ਦੋਸਾਂਝ ਨਾਲ ਨਜ਼ਰ ਆਈ ਸੀ। ਉਸ ਫ਼ਿਲਮ ਵਿਚ ਉਸ ਨੇ ਪਿੰਡ ਦੀ ਇੱਕ ਕੁੜੀ 'ਜੀਤੀ' ਨਾਂ ਦਾ ਕਿਰਦਾਰ ਨਿਭਾਇਆ ਸੀ। ਇਸ ਕਿਰਦਾਰ ਨੂੰ ਵੀ ਦਰਸ਼ਕਾਂ ਵੱਲੋਂ ਬਹੁਤ ਜ਼ਿਆਦਾ ਸਰਾਹਿਆ



ਗਿਆ ਸੀ। ਅਜੈ ਸਰਕਾਰੀਆ ਨਾਲ ਆਈ ਫ਼ਿਲਮ 'ਜਿੰਦ ਮਾਹੀ' ਵਿਚ ਵੀ ਉਸ ਨੇ ਸਧਾਰਨ ਜਿਹੀ ਪਿੰਡ ਦੀ ਕੁੜੀ ਦਾ ਕਿਰਦਾਰ ਨਿਭਾਇਆ ਸੀ।

# ਮੀਰਾਬਾਈ ਨੇ ਗੁੱਟ ਵਿਚ ਦਰਦ ਦੇ ਬਾਵਜੂਦ ਜਿੱਤਿਆ ਸਿਲਵਰ ਮੈਡਲ

## ਵਿਸ਼ਵ ਚੈਂਪੀਅਨਸ਼ਿਪ 'ਚ ਕੁੱਲ 200 ਕਿੱਲੋਗ੍ਰਾਮ ਭਾਰ ਚੁੱਕ ਕੇ ਦੂਜੇ ਸਥਾਨ 'ਤੇ ਰਹੀ ਚਾਨੂ

ਬੋਗੋਟਾ/ਏ.ਟੀ.ਨਿਊਜ਼ :- ਸਟਾਰ ਭਾਰਤੀ ਵੇਟਲਿਫਟਰ ਮੀਰਾਬਾਈ ਚਾਨੂ ਗੁੱਟ ਵਿਚ ਦਰਦ ਦੇ ਬਾਵਜੂਦ ਇੱਥੇ ਵਿਸ਼ਵ ਚੈਂਪੀਅਨਸ਼ਿਪ ਵਿਚ ਕੁੱਲ 200 ਕਿੱਲੋਗ੍ਰਾਮ ਭਾਰ ਚੁੱਕ ਕੇ ਸਿਲਵਰ ਮੈਡਲ ਜਿੱਤਣ ਵਿਚ ਕਾਮਯਾਬ ਰਹੀ। ਇਸ ਦੌਰਾਨ ਉਨ੍ਹਾਂ ਨੇ ਟੋਕੀਓ ਓਲੰਪਿਕ ਚੈਂਪੀਅਨ ਚੀਨ ਦੀ ਹੋਊ ਜ਼ੀਹੁਆ ਨੂੰ ਵੀ ਪਛਾੜਿਆ।



ਟੋਕੀਓ ਓਲੰਪਿਕ ਦੀ ਸਿਲਵਰ ਮੈਡਲ ਜੇਤੂ ਚਾਨੂ ਨੇ 49 ਕਿੱਲੋਗ੍ਰਾਮ ਭਾਰ ਵਰਗ ਵਿਚ ਮੁਕਾਬਲਾ ਪੇਸ਼ ਕਰਦੇ ਹੋਏ ਸਨੈਚ ਵਿਚ 87 ਕਿੱਲੋਗ੍ਰਾਮ, ਜਦਕਿ ਕਲੀਨ ਅਤੇ ਜਰਕ ਵਿਚ 113 ਕਿੱਲੋਗ੍ਰਾਮ ਭਾਰ ਚੁੱਕਿਆ। ਚੀਨ ਦੀ ਜਿਆਂਗ ਹੁਈਹੁਆ ਨੇ ਕੁੱਲ 206 ਕਿੱਲੋਗ੍ਰਾਮ ਭਾਰ ਚੁੱਕ ਗੋਲਡ ਮੈਡਲ ਆਪਣੇ ਨਾਂ ਕੀਤਾ। ਉਨ੍ਹਾਂ ਨੇ ਸਨੈਚ ਵਿਚ 93 ਜਦਕਿ ਕਲੀਨ ਅਤੇ ਜਰਕ ਵਿਚ 113 ਕਿੱਲੋਗ੍ਰਾਮ ਭਾਰ ਚੁੱਕਿਆ। ਉਨ੍ਹਾਂ ਦੀ ਹਮਵਤਨ ਜ਼ੀਹੁਆ ਨੇ ਕੁੱਲ 198 ਕਿੱਲੋਗ੍ਰਾਮ (89 ਤੇ 109 ਕਿੱਲੋਗ੍ਰਾਮ) ਭਾਰ ਚੁੱਕ ਕੇ ਕਾਂਸੇ ਦਾ ਮੈਡਲ ਜਿੱਤਿਆ। ਸਾਲ 2017 ਵਿਚ ਗੋਲਡ ਮੈਡਲ ਜਿੱਤਣ ਵਾਲੀ ਮਨੀਪੁਰ ਦੀ ਵੇਟਲਿਫਟਰ ਦਾ ਚੈਂਪੀਅਨਸ਼ਿਪ ਵਿਚ ਇਹ ਦੂਜਾ ਮੈਡਲ ਹੈ।

# ਪੰਜਾਬ ਸੰਤਾਪ 'ਤੇ ਆਧਾਰਿਤ ਹੈ ਫ਼ਿਲਮ 'ਕੈਟ'

## ਪੰਜਾਬ ਨੂੰ ਦਿਖਾਇਆ ਗਿਆ ਨਸ਼ਿਆਂ ਦਾ ਗੜ੍ਹ

ਬਾਲੀਵੁੱਡ ਅਦਾਕਾਰ ਰਣਦੀਪ ਹੁੱਡਾ ਦੀ ਫ਼ਿਲਮ 'ਕੈਟ' ਨੈੱਟਫਲਿਕਸ 'ਤੇ ਰਿਲੀਜ਼ ਹੋ ਚੁੱਕੀ ਹੈ। ਹੁੱਡਾ ਨੇ ਦੱਸਿਆ ਕਿ ਇਹ ਫ਼ਿਲਮ ਪੰਜਾਬ ਸੰਤਾਪ ਦੌਰ ਤੋਂ ਬਾਅਦ ਨੌਜਵਾਨਾਂ ਦੇ ਨਸ਼ਿਆਂ ਦੀ ਦਲਦਲ ਵਿੱਚ ਫਸਣ ਦੀ ਕਹਾਣੀ ਬਿਆਨ ਕਰੇਗੀ। ਰਣਦੀਪ ਹੁੱਡਾ ਦੀ ਇਸ ਸੀਰੀਜ਼ 'ਚ ਪੰਜਾਬ ਦੀ ਡਰੱਗ ਤਸਕਰੀ ਦੀ ਕਹਾਣੀ ਦਿਖਾਈ ਗਈ ਹੈ। ਰਣਦੀਪ ਹੁੱਡਾ ਦਾ ਛੋਟਾ ਭਰਾ ਇਸ ਨਸ਼ਾ ਤਸਕਰੀ ਵਿਚ ਫਸ ਜਾਂਦਾ ਹੈ ਅਤੇ ਪੁਲਿਸ ਉਸ ਨੂੰ ਗ੍ਰਿਫ਼ਤਾਰ ਕਰ ਲੈਂਦੀ ਹੈ। ਅਜਿਹੇ 'ਚ ਰਣਦੀਪ ਹੁੱਡਾ ਪੁਲਿਸ ਦਾ ਅੰਡਰ ਸਪੈਸ਼ਲ ਕੌਪ 'ਕੈਟ' ਬਣ ਕੇ ਪੰਜਾਬ 'ਚ ਨਸ਼ਿਆਂ ਦੀ ਤਸਕਰੀ ਨੂੰ ਕਿਵੇਂ ਬੇਨਕਾਬ ਕਰਦਾ ਹੈ, ਇਹ ਦੇਖਣ ਵਾਲੀ ਗੱਲ ਹੈ। ਸਰਦਾਰ ਦੇ ਲੁੱਕ ਵਿਚ ਰਣਦੀਪ ਹੁੱਡਾ ਕਾਫ਼ੀ ਖ਼ੂਬਸੂਰਤ ਲੱਗ ਰਹੇ ਹਨ। ਰਣਦੀਪ ਹੁੱਡਾ ਸੀਰੀਜ਼ ਕੈਟ 'ਚ ਗੁਰਨਾਮ ਸਿੰਘ ਦਾ ਕਿਰਦਾਰ ਨਿਭਾਅ ਰਹੇ ਹਨ। ਡਾਇਰੈਕਟਰ




ਬਲਵਿੰਦਰ ਸਿੰਘ ਜੰਜੂਆ ਨੇ ਕਿਹਾ ਕਿ 'ਕੈਟ' ਇੱਕ ਵਿਲੱਖਣ ਕਹਾਣੀ ਹੈ, ਜਿਸ ਵਿੱਚ ਅਪਰਾਧ, ਰਾਜਨੀਤੀ, ਪਰਿਵਾਰਕ ਮੋਹ ਸਭ ਕੁਝ ਦੇਖਣ ਨੂੰ ਮਿਲੇਗਾ।



## ਆਪ ਸਰਕਾਰ ਨੇ ਪਾਕਿਸਤਾਨੋਂ

ਉਸ ਦੀ ਪ੍ਰੀਖਿਆ ਸੀ ਉਹ ਨਹੀਂ ਦੇ ਸਕੀ। ਉਸ ਨੇ ਇਸ ਉਜਾੜੇ ਲਈ ਆਪ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਵਿਰਲਾਪ ਅਤੇ ਸ਼ਿਕਾਇਤਾਂ ਕਰ ਰਹੇ ਪੀੜਤ ਪਰਿਵਾਰਾਂ ਦੀਆਂ ਵੀਡੀਓ ਕਲਿੱਪ ਸੋਸ਼ਲ ਮੀਡੀਆ 'ਤੇ ਵੱਡੇ ਪੱਧਰ 'ਤੇ ਸ਼ੇਅਰ ਕੀਤੀਆਂ ਜਾ ਰਹੀਆਂ ਹਨ। ਟਰੱਸਟ ਅਧਿਕਾਰੀਆਂ ਨੇ ਕਿਹਾ ਕਿ ਸੁਪਰੀਮ ਕੋਰਟ ਨੇ 2012 ਵਿੱਚ ਕੇਸ ਦਾ ਫੈਸਲਾ ਉਹਨਾਂ ਦੇ ਹੱਕ ਵਿੱਚ ਸੁਣਾਇਆ ਸੀ, ਪਰ ਕਬਜ਼ਾ ਲੈਣ ਵਿੱਚ 10 ਸਾਲ ਹੋਰ ਲੱਗ ਗਏ।

ਇਸ ਕਾਰਵਾਈ ਤੋਂ ਬਾਅਦ ਲੋਕਾਂ ਨੇ ਮੁੜ ਪਲਾਟਾਂ ਉਪਰ ਕਬਜ਼ਾ ਕਰ ਲਿਆ ਹੈ। ਇਸ ਮਾਮਲੇ ਵਿਚ ਹੁਣ ਹਾਈਕੋਰਟ ਵਿਚ ਅਗਲੀ ਸੁਣਵਾਈ 9 ਜਨਵਰੀ ਨੂੰ ਹੋਏਗੀ ।ਅੰਤਰਰਾਸ਼ਟਰੀ ਪੱਧਰ ਦੀ ਜਥੇਬੰਦੀ ਖਾਲਸਾ ਏਡ ਤੋਂ ਇਲਾਵਾ ਕਈ ਲੋਕ ਬੇਘਰੇ ਲੋਕਾਂ ਲਈ ਖਾਣੇ,ਤੰਬੂਆਂ ,ਦਵਾਈਆਂ ਅਤੇ ਹੋਰ ਸਮਾਨ ਦਾ ਪ੍ਰਬੰਧ ਕਰ ਰਹੇ ਹਨ ।

ਲਤੀਫਪੁਰਾ ਦੀ ਜ਼ਮੀਨ ਨੂੰ ਲੈ ਕੇ ਪਿਛਲੇ ਕਈ ਸਾਲਾਂ ਤੋਂ ਵਿਵਾਦ ਚੱਲ ਰਿਹਾ ਹੈ। ਇਥੇ ਸਿਖ ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਤੋਂ ਉਜੜ ਕੇ ਆਏ ਸਨ। ਇਹ ਪਰਿਵਾਰ ਇੱਥੇ ਲਤੀਫਪੁਰਾ ਆ ਕੇ ਬੈਠੇ ਸਨ। ਗੁਰੂ ਤੇਗ ਬਹਾਦਰ ਨਗਰ ਦੀ ਸਕੀਮ ਬਣਨ ਸਮੇਂ 1972 ਤੋਂ ਲੈਕੇ ਇੱਥੇ ਨਾਜ਼ਾਇਜ਼ ਕਬਜ਼ੇ ਹੋਣ ਦੇ ਦਾਅਵੇ ਕੀਤੇ ਜਾ ਰਹੇ ਸਨ। ਸਵਾ ਏਕੜ ਦੇ ਕਰੀਬ ਇਸ ਥਾਂ ਦੀ ਕੀਮਤ 150 ਕਰੋੜ ਰੁਪਏ ਹੈ। ਇੱਥੇ ਪਹਿਲਾਂ ਡੇਅਰੀਆਂ ਹੁੰਦੀਆਂ ਸਨ। ਜਦੋਂ ਡੇਅਰੀਆਂ ਸ਼ਹਿਰ ਵਿੱਚੋਂ ਬਾਹਰ ਕੱਢੀਆਂ ਗਈਆਂ ਤਾਂ ਕਈ ਲੋਕਾਂ ਨੇ ਉਸ ਤੋਂ ਬਾਅਦ ਕਬਜ਼ੇ ਨਹੀਂ ਛੱਡੇ ਸਨ। ਜਲੰਧਰ ਇੰਪਰੂਵਮੈਂਟ ਟਰੱਸਟ ਨੇ ਲਤੀਫਪੁਰਾ ਦੀ ਜ਼ਮੀਨ ਦੀ ਮਾਲਕੀ ਸਾਬਤ ਕਰਨ ਲਈ ਸੁਪਰੀਮ ਕੋਰਟ ਤੱਕ ਲੜਾਈ ਲੜੀ ਅਤੇ ਜਿੱਤੀ ।ਇਸ ਕਾਰਵਾਈ ਨਾਲ ਕਈ ਲੋਕ ਬੇਘਰ ਹੋਏ ਹਨ ।ਜਿਹੜੇ ਕਿ ਮੁਆਵਜ਼ਾ ਦੇਣ ਦੀ ਮੰਗ ਕਰ ਰਹੇ ਹਨ॥ ਕਬਜ਼ੇ ਹਟਣ ਦੀ ਕਾਰਵਾਈ ਪੂਰੀ ਹੋਣ ਤੋਂ ਬਾਅਦ ਹੁਣ ਸਿਆਸੀ ਆਗੂਆਂ ਨੇ ਵੀ ਪੀੜਤਾਂ ਨੂੰ ਵਸਾਉਣ ਦੀ ਮੰਗ ਕੀਤੀ ਹੈ ।ਐਮ. ਪੀ. ਸੰਤੋਖ ਸਿੰਘ ਚੌਧਰੀ ਨੇ ਇਲਾਕੇ ਦਾ ਦੌਰਾ ਕਰਕੇ ਇਲਾਕਾ ਵਾਸੀਆਂ ਨਾਲ ਮੁਲਾਕਾਤ ਕੀਤੀ ਉਹਨਾਂ ਨਾਲ ਕੌਂਸਲਰ ਅਰੁਣਾ ਅਰੋੜਾ ਤੇ ਹੋਰ ਆਗੂ ਸਨ । ਐਮ.ਪੀ. ਸੰਤੋਖ ਸਿੰਘ ਚੌਧਰੀ ਨੇ ਕਿਹਾ ਕਿ ਸਰਕਾਰ ਗਰੀਬ ਸਿੱਖਾਂ ਦੇ ਪੁਨਰਵਾਸ ਦਾ ਪ੍ਰਬੰਧ ਕਰੇ।

ਐੱਸ. ਜੀ. ਪੀ. ਸੀ. ਮੈਂਬਰ ਜਥੇਦਾਰ ਕੁਲਵੰਤ ਸਿੰਘ ਮੰਨਣ ਤੇ ਬਸਪਾ ਦੇ ਨੇਤਾ ਬਲਵਿੰਦਰ ਅੰਬੇਡਕਰ ਨੇ ਲਤੀਫਪੁਰਾ ਵਿਚ ਉਜਾੜੇ ਗਏ ਲੋਕਾਂ ਨਾਲ ਮੁਲਾਕਾਤ ਕੀਤੀ ਹੈ ।ਉਹਨਾਂ ਨੇ ਇਸ ਮੌਕੇ ਟਰੱਸਟ ਵਲੋਂ ਕੀਤੀ ਗਈ ਕਾਰਵਾਈ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੀੜਤਾਂ ਨੂੰ ਰਾਹਤ ਦੁਆਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ ।

ਇਸ ਦੌਰਾਨ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਉਜੜੇ ਸਿਖਾਂ ਨੂੰ ਮਿਲਣ ਲਤੀਫਪੁਰਾ ਪੁੱਜੇ। ਭਾਈ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਤੁਹਾਨੂ ਆਪਣੀ ਲੜਾਈ ਆਪ ਲੜਨੀ ਪਵੇਗੀ। ਕਿਸੇ ਦੇ ਭਰੋਸੇ 'ਤੇ ਬੈਠ ਕੇ ਲੜਾਈ ਨਹੀਂ ਲੜੀ ਜਾ ਸਕਦੀ।ਉਹਨਾਂ ਕਿਹਾ ਕਿ ਸਰਕਾਰ ਤੇ ਪ੍ਰਸ਼ਾਸਨ ਨੇ ਜੋ ਕੁਝ ਵੀ ਕੀਤਾ ਹੈ, ਉਹ ਪੂਰੀ ਤਰਾਂ ਗਲਤ ਹੈ। ਭਾਈ ਅਮ੍ਰਿਤਪਾਲ ਸਿੰਘ ਨੇ ਕਿਹਾ ਲੋਕਾਂ ਨੂੰ ਉਹਨਾਂ ਦੇ ਘਰਾਂ ਤੋਂ ਬਾਹਰ ਨਹੀਂ ਕੱਢਣਾ ਚਾਹੀਦਾ ਸੀ। ਜੇਕਰ ਉਹਨਾਂ ਜਗ੍ਹਾ ਖਾਲੀ ਕਰਨੀ ਹੁੰਦੀ ਤਾਂ ਪਹਿਲਾਂ ਉਹਨਾਂ ਨੂੰ ਮਕਾਨ ਦਿੱਤੇ ਜਾਂਦੇ। ਉਹਨਾਂ ਕਿਹਾ ਕਿ ਸੁਪਰੀਮ ਕੋਰਟ ਨੇ ਵੀ ਬਹੁਤ ਸਪੱਸ਼ਟ ਦਿਸ਼ਾ-ਨਿਰਦੇਸ਼ ਦਿੱਤੇ ਹਨ ਕਿ ਜੇਕਰ ਸਰਕਾਰ ਸਾਲਾਂ ਤੋਂ ਉਥੇ ਰਹਿ ਰਹੇ ਲੋਕਾਂ ਨੂੰ ਉਥੋਂ ਕੱਢਣਾ ਚਾਹੁੰਦੀ ਹੈ ਤਾਂ ਉਸ ਤੋਂ ਪਹਿਲਾਂ ਉਹਨਾਂ ਨੂੰ ਨਵੀਂ ਥਾਂ 'ਤੇ ਵਸਾਉਣ ਦਾ ਪ੍ਰਬੰਧ ਕਰਨਾ ਹੋਵੇਗਾ ਪਰ ਲਤੀਫਪੁਰਾ ਵਿੱਚ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਕੇ ਰਾਤੋ-ਰਾਤ ਲੋਕਾਂ ਨੂੰ ਬੇਘਰ ਕਰ ਦਿੱਤਾ ਗਿਆ ਅਤੇ ਉਹਨਾਂ ਦੇ ਘਰ ਢਾਹ ਦਿੱਤੇ ਗਏ। ਲੋਕਾਂ ਦੀ ਗੱਲ ਵੀ ਨਹੀਂ ਸੁਣੀ ਗਈ। ਉਹਨਾਂ ਨੂੰ ਸੋਚਣ ਦਾ ਮੌਕਾ ਵੀ ਨਹੀਂ ਦਿੱਤਾ ਗਿਆ।

ਕਿਸਾਨ ਜਥੇਬੰਦੀਆਂ ਵਲੋਂ ਲਤੀਫਪੁਰਾ ਵਿਚ ਕੀਤੀ ਗਈ ਕਾਰਵਾਈ 'ਤੇ ਰੋਸ ਜ਼ਾਹਿਰ ਕਰਦੇ ਹੋਏ ਭਗਵੰਤ ਮਾਨ ਸਰਕਾਰ ਦਾ ਪੁਤਲਾ ਸਾੜਿਆ ਗਿਆ ।ਉਹਨਾਂ ਕਿਹਾ ਕਿ ਉਹ ਲੋਕਾਂ ਨੂੰ ਇਨਸਾਫ਼ ਦੁਆਉਣ ਤੱਕ ਆਪਣਾ ਸੰਘਰਸ਼ ਜਾਰੀ ਰੱਖਣਗੇ। ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦੇ ਨਿਰਦੇਸ਼ਾਂ 'ਤੇ ਜ਼ਿਲਾ ਪ੍ਰਧਾਨ ਕੁਲਵਿੰਦਰ ਸਿੰਘ ਮਸ਼ਿਆਣਾ ਨੇ ਪੀੜਤਾਂ ਦੇ ਦੁੱਖ ਵਿਚ ਸ਼ਾਮਲ ਹੁੰਦੇ ਹੋਏ ਕਿਹਾ ਕਿ ਸਰਕਾਰ ਵਲੋਂ ਕੀਤੀ ਗਈ ਇਹ ਕਾਰਵਾਈ ਘਿਣਾਉਣੀ ਅਤੇ ਸ਼ਰਮਨਾਕ ਹੈ । ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਹਰ ਤਰਾਂ ਨਾਲ ਉਹਨਾਂ ਦੇ ਨਾਲ ਹੈ ।ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਠੰਡ ਵਿਚ ਬੈਠੇ ਇਹਨਾਂ ਪਰਿਵਾਰਾਂ ਦੀ ਸਾਰ ਲੈਂਦਿਆਂ ਕਿਹਾ ਕਿ ਉਹ ਇਸ ਮਾਮਲੇ 'ਤੇ ਪਾਰਟੀ ਦੀ ਕੋਰ ਕਮੇਟੀ 'ਚ ਵਿਚਾਰ ਕਰਨਗੇ। ਉਹਨਾਂ ਕਿਹਾ ਕਿ ਅਕਾਲੀ ਦਲ ਦਾ ਸਾਰਾ ਸ਼ਹਿਰੀ ਢਾਂਚਾ ਤੁਹਾਡੇ ਦੁੱਖ-ਸੁੱਖ 'ਵਿਚ ਤੁਹਾਡੇ ਨਾਲ ਹੈ 'ਤੇ ਤੁਹਾਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰੇਗਾ। ਉਹਨਾਂ ਕਿਹਾ ਕਿ ਜੇ ਸਰਕਾਰ ਨੇ ਇਹਨਾਂ ਲੋਕਾਂ ਨੂੰ ਘਰੋਂ ਬੇਘਰ ਕਰਨਾ ਸੀ ਤਾਂ ਪਹਿਲਾਂ ਇਹਨਾਂ ਨੂੰ ਘਰ ਬਣਾ ਕੇ ਦਿੰਦੇ 'ਤੇ ਫਿਰ ਅੱਗੇ ਕੋਈ ਫੈਸਲਾ ਕਰਦੇ ।

***

## ਲਤੀਫ਼ਪੁਰਾ ਦੇ ਉਜਾੜੇ ਗਏ ਲੋਕਾਂ

ਦੱਸਿਆ ਜਾ ਰਿਹਾ ਹੈ ਕਿ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਨਾਲ ਮੀਟਿੰਗ ਕੀਤੀ ਜਿਸ ਵਿਚ ਈ. ਓ. ਤੋਂ ਇਲਾਵਾ ਐੱਸ. ਈ. ਵੀ ਮੌਜੂਦ ਸਨ ।ਇਸ ਬਾਰੇ ਅਜੇ ਫ਼ੈਸਲਾ ਕੀਤਾ ਜਾਣਾ ਹੈ ਕਿ ਪੀੜਤ ਲੋਕਾਂ ਨੂੰ ਪਲਾਟ ਦਿੱਤੇ ਜਾਣਗੇ ਜਾਂ ਫਿਰ ਉਹਨਾਂ ਨੂੰ ਫਲੈਟ ਦਿੱਤੇ ਜਾਣ ।ਇਸ ਮਾਮਲੇ ਦੇ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਹੋ ਜਾਣ ਤੋਂ ਬਾਅਦ ਹੁਣ ਅਧਿਕਾਰੀ ਕਿਸੇ ਨਾ ਕਿਸੇ ਤਰੀਕੇ ਇਸ ਮਾਮਲੇ ਵਿਚ ਲੋਕਾਂ ਨੂੰ ਰਾਹਤ ਦੇਣਾ ਚਾਹੁੰਦੇ ਹਨ ਪਰ ਫ਼ੌਰੀ ਤੌਰ 'ਤੇ ਉਜਾੜੇ ਗਏ ਲੋਕਾਂ ਨੂੰ ਜਲੰਧਰ ਵਿਚ ਬਣਾਏ ਗਏ ਰੈਣ ਬਸੇਰਿਆਂ ਵਿਚ ਰੱਖਿਆ ਜਾ ਸਕਦਾ ਹੈ ।ਇਸ ਲਈ ਰੈਣ ਬਸੇਰਿਆਂ ਵਿਚ ਸਫ਼ਾਈ ਤੇ ਹੋਰ ਪ੍ਰਬੰਧ ਕਰਨ ਲਈ ਈ. ਓ. ਦੀ ਡਿਊਟੀ ਲਗਾ ਦਿੱਤੀ ਗਈ ਹੈ ।

**

## ਭਾਰਤੀ-ਚੀਨੀ ਸਰਹੱਦ 'ਤੇ

ਦੀਆਂ ਝੜਪਾਂ ਉੱਤੇ ਸੰਸਦ ਵਿੱਚ ਸਰਕਾਰ ਦਾ ਅਧਿਕਾਰਤ ਪੱਖ਼ ਰੱਖਿਆ ।ਰਾਜਨਾਥ ਸਿੰਘ ਨੇ ਦੱਸਿਆ ਕਿ ਲੰਘੀ 9 ਦਸੰਬਰ ਨੂੰ ਚੀਨੀ ਫੌਜੀਆਂ ਨੇ ਤਵਾਂਗ ਸੈਕਟਰ ਦੇ ਯਾਂਗਤਸੇ ਇਲਾਕੇ ਵਿਚ ਅਸਲ ਕੰਟਰੋਲ ਰੇਖਾ ਉੱਤੇ ਕਬਜ਼ਾ ਕਰਕੇ ਮੌਜੂਦਾ ਸਥਿਤੀ ਨੂੰ ਬਦਲਣ ਦੀ ਇਕਤਰਫ਼ਾ ਕੋਸ਼ਿਸ਼ ਕੀਤੀ ਗਈ ਸੀ ।ਓਹਨਾ ਕਿਹਾ ਕਿ ਸਾਡੀ ਫੌਜ ਨੇ ਦ੍ਰਿੜਤਾ ਨਾਲ ਚੀਨ ਦੀ ਇਸ ਕੋਸ਼ਿਸ਼ ਦਾ ਸਾਹਮਣਾ ਕੀਤਾ ਜਿਸ ਦੌਰਾਨ ਹੱਥੋਪਾਈ ਹੋ ਗਈ 'ਤੇ ਭਾਰਤੀ ਫੌਜ ਨੇ ਬਹਾਦਰੀ ਨਾਲ ਚੀਨੀ ਫੌਜੀਆਂ ਨੂੰ ਭਾਰਤੀ ਖੇਤਰ ਘੇਰਨ ਤੋਂ ਰੋਕਣ ਅਤੇ ਉਨ੍ਹਾਂ ਨੂੰ ਵਾਪਸ ਆਪਣੀਆਂ ਚੌਕੀਆਂ 'ਤੇ ਭੇਜਣ ਵਿਚ ਸਫ਼ਲਤਾ ਹਾਸਿਲ ਕੀਤੀ।

ਰਾਜਨਾਥ ਸਿੰਘ ਨੇ ਅੱਗੇ ਕਿਹਾ, ਮੈਂ ਇਸ ਸਦਨ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਸਾਡੀਆਂ ਫੌਜਾਂ ਸਾਡੀ ਪ੍ਰਭੂਸੱਤਾ ਦੀ ਅਖੰਡਤਾ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹਨ ਅਤੇ ਇਸ ਵਿਰੁੱਧ ਕਿਸੇ ਵੀ ਕੋਸ਼ਿਸ਼ ਨੂੰ ਰੋਕਣ ਲਈ ਹਮੇਸ਼ਾ ਤਿਆਰ ਹਨ। ਮੈਨੂੰ ਯਕੀਨ ਹੈ ਕਿ ਇਹ ਸਦਨ ਸਰਬਸੰਮਤੀ ਨਾਲ ਸਾਡੀਆਂ ਫੌਜਾਂ ਦੀ ਬਹਾਦਰੀ ਅਤੇ ਸਾਹਸ ਦਾ ਸਮਰਥਨ ਕਰੇਗਾ।"

ਦੂਜੇ ਪਾਸੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਕਾਂਗਰਸ ਨੇ ਰਾਜੀਵ ਗਾਂਧੀ ਫਾਊਂਡੇਸ਼ਨ ਦੇ ਐੱਫ.ਸੀ.ਆਰ.ਏ. ਰੱਦ ਕਰਨ ਦੇ ਸਵਾਲ ਤੋਂ ਬਚਣ ਲਈ ਸੰਸਦ ਵਿੱਚ ਸਰਹੱਦੀ ਮੁੱਦਾ ਉਠਾਇਆ ਹੈ। ਉਨ੍ਹਾਂ ਕਿਹਾ ਕਿ ਰਾਜੀਵ ਗਾਂਧੀ ਫਾਊਂਡੇਸ਼ਨ ਨੂੰ ਚੀਨੀ ਸਫ਼ਾਰਤਖਾਨੇ ਤੋਂ 1.35 ਕਰੋੜ ਰੁਪਏ ਮਿਲੇ ਸਨ 'ਤੇ ਇਸ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਗਈ ਸੀ ਕਿਉਂਕਿ ਇਹ ਐੱਫ.ਸੀ.ਆਰ.ਏ. ਨਿਯਮਾਂ ਅਧੀਨ ਨਹੀਂ ਆਉਂਦੀਸੀ। ਉਨ੍ਹਾਂ ਕਿਹਾ,'ਮੈਂ ਸਪੱਸ਼ਟ ਤੌਰ 'ਤੇ ਕਹਿੰਦਾ ਹਾਂ ਕਿ ਜਦੋਂ ਤੱਕ ਮੋਦੀ ਸਰਕਾਰ ਸੱਤਾ ਵਿੱਚ ਹੈ, ਕੋਈ ਵੀ ਸਾਡੀ ਜ਼ਮੀਨ 'ਤੇ ਇੱਕ ਇੰਚ ਵੀ ਕਬਜ਼ਾ ਨਹੀਂ ਕਰ ਸਕਦਾ।'

ਵਿਰੋਧੀ ਧਿਰਾਂ ਦਾ ਪ੍ਰਤੀਕਰਮ ਤੇ ਝਗੜੇ

ਵਿਰੋਧੀ ਪਾਰਟੀਆਂ ਨੇ ਅਰੁਣਾਚਲ ਪ੍ਰਦੇਸ਼ ਵਿੱਚ ਅਸਲ ਕੰਟਰੋਲ ਰੇਖਾ (:13) ਦੇ ਨਾਲ ਭਾਰਤ-ਚੀਨ ਝੜਪ ਦਾ ਮੁੱਦਾ ਉਠਾਇਆ । ਭਾਰਤੀ ਸੰਸਦ ਵਿਚ ਵਿਰੋਧੀ ਧਿਰਾਂ ਨੇ ਫੌਜੀ ਝੜਪ ਦੇ ਮੁੱਦੇ ਉੱਤੇ ਸਰਕਾਰ ਨੂੰ ਘੇਰਿਆ ਅਤੇ ਕਈ ਦਿਨਾਂ ਤੱਕ ਮਸਲੇ ਨੂੰ ਲੁਕਾਉਣ ਦਾ ਇਲਜ਼ਾਮ ਲਾਇਆ। ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

ਉਹ ਸਪੀਕਰ ਤੋਂ ਮਸਲੇ ਉੱਤੇ ਸਦਨ ਵਿਚ ਬਹਿਸ ਕਰਵਾਉਣ ਦੀ ਮੰਗ ਕਰ ਰਹੇ ਸਨ ।ਕੁਝ ਦੇਰ ਬਾਅਦ ਰੱਖਿਆ ਮੰਤਰੀ ਸਦਨ ਵਿਚ ਆਏ ਅਤੇ ਆਪਣਾ ਬਿਆਨ ਦੇ ਚਲੇ ਗਏ। ਜਿਸ ਕਾਰਨ ਵਿਰੋਧੀ ਧਿਰ ਦੇ ਮੈਂਬਰ ਹੋਰ ਨਰਾਜ਼ ਹੋ ਗਏ। ਸੰਸਦ ਵਿੱਚ ਬੋਲਦੇ ਹੋਏ, ਕਾਂਗਰਸ ਪ੍ਰਧਾਨ ਮਲਿਕ ਅਰਜੁਨ ਖੜਗੇ ਨੇ 2020 ਵਿੱਚ ਗਲਵਾਨ ਘਟਨਾ ਤੋਂ ਬਾਅਦ ਪਹਿਲੀ ਵਾਰ ਤਾਜ਼ਾ ਝੜਪਾਂ ਦੇ ਮੱਦੇਨਜ਼ਰ ਸਖ਼ਤ ਕਾਰਵਾਈ ਦੀ ਮੰਗ ਕੀਤੀ। ਸੰਸਦ ਵਿੱਚ ਓਦੋਂ ਹੰਗਾਮਾ ਮਚ ਗਿਆ ਸੀ ਕਿਉਂਕਿ ਵਿਰੋਧੀ ਧਿਰਾਂ ਨੇ ਹਾਲ ਹੀ ਵਿੱਚ ਹੋਈਆਂ ਝੜਪਾਂ ਬਾਰੇ ਕੇਂਦਰ ਸਰਕਾਰ ਤੋਂ ਜਵਾਬ ਵੀ ਮੰਗਿਆ ਸੀ ।

ਇਸ ਤੋਂ ਪਹਿਲਾਂ ਖੜਗੇ ਨੇ ਟਵੀਟ ਕਰ ਕੇ ਕਿਹਾ ਕਿ ਇੱਕ ਵਾਰ ਫਿਰ ਤੋਂ ਚੀਨ ਨੇ ਸਾਡੀ ਫੌਜ ਦੇ ਜਵਾਨਾਂ ਨੂੰ ਉਕਸਾਇਆ ਹੈ। ਸਾਡੇ ਜਵਾਨ ਦ੍ਰਿੜਤਾ ਨਾਲ ਲੜੇ ਅਤੇ ਉਨ੍ਹਾਂ ਵਿੱਚੋਂ ਕੁਝ ਜ਼ਖਮੀ ਵੀ ਹੋਏ ਹਨ। ਅਸੀਂ ਰਾਸ਼ਟਰੀ ਸੁਰੱਖਿਆ ਦੇ ਮੁੱਦਿਆਂ 'ਤੇ ਰਾਸ਼ਟਰ ਦੇ ਨਾਲ ਹਾਂ ਅਤੇ ਰਹਾਂਗੇ। ਪਰ ਇਸ ਘਟਨਾ ਦਾ ਰਾਜਨੀਤੀਕਰਨ ਨਹੀਂ ਹੋਣਾ ਚਾਹੀਦਾ । ਪਰ ਮੋਦੀ ਸਰਕਾਰ ਨੂੰ ਅਪ੍ਰੈਲ 2020 ਤੋਂ ਚੀਨੀ ਅਪਰਾਧਾਂ ਅਤੇ ਐੱਲ.ਏ.ਸੀ. ਦੇ ਨੇੜੇ ਸਾਰੇ ਪੁਆਇੰਟਾਂ 'ਤੇ ਉਸਾਰੀ ਬਾਰੇ ਇਮਾਨਦਾਰ ਹੋਣਾ ਚਾਹੀਦਾ ਹੈ। ਸਰਕਾਰ ਨੂੰ ਸੰਸਦ ਵਿੱਚ ਇਸ ਮੁੱਦੇ 'ਤੇ ਚਰਚਾ ਕਰਕੇ ਦੇਸ਼ ਨੂੰ ਭਰੋਸੇ ਵਿੱਚ ਲੈਣ ਦੀ ਜ਼ਰੂਰਤ ਹੈ।

ਕਾਂਗਰਸ ਨੇ ਇਸ ਮੁੱਦੇ 'ਤੇ ਚਰਚਾ ਲਈ ਦੋਵਾਂ ਸਦਨਾਂ 'ਚ ਮੁਲਤਵੀ ਨੋਟਿਸ ਭੇਜੇ ਹਨ। ਪਾਰਟੀ ਨੇ ਦੋਸ਼ ਲਾਇਆ ਹੈ ਕਿ ਚੀਨ ਸਰਹੱਦੀ ਮੁੱਦੇ ਨੂੰ ਦਬਾਉਣ ਦੀ ਮੋਦੀ ਸਰਕਾਰ ਦੇ ਰੁਝਾਨ ਕਾਰਨ ਵਧਦੀ ਦਲੇਰੀ ਨਾਲ ਕੰਮ ਕਰ ਰਿਹਾ ਹੈ। ਕਾਂਗਰਸ ਦੇ ਸੰਸਦ ਮੈਂਬਰ ਰਣਦੀਪ ਸਿੰਘ ਸੂਰਜੇਵਾਲਾ ਨੇ ਭਾਰਤ-ਚੀਨ ਮੁੱਦੇ 'ਤੇ ਆਹਮੋ-ਸਾਹਮਣੇ ਚਰਚਾ ਕਰਨ ਲਈ ਰਾਜ ਸਭਾ 'ਚ ਨਿਯਮ 267 ਤਹਿਤ ਕਾਰੋਬਾਰੀ ਮੁਅੱਤਲੀ ਦਾ ਨੋਟਿਸ ਦਿੱਤਾ ਅਤੇ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਨੂੰ ਬਿਆਨ ਦੇਣ ਅਤੇ ਸਦਨ 'ਚ ਚਰਚਾ ਕਰਨ ਦੀ ਅਪੀਲ ਕੀਤੀ।

ਕਾਂਗਰਸ ਆਗੂ ਸ਼ਸ਼ੀ ਥਰੂਰ ਦਾ ਕਹਿਣਾ ਸੀ ਕਿ ਵਿਰੋਧੀ ਧਿਰ ਫੌਜ ਦੀ ਕਾਰਵਾਈ ਦਾ ਸਮਰਥਨ ਕਰਦੀ ਹੈ, ਅਤੇ ਅਜਿਹੇ ਸਮੇਂ ਵਿਚ ਦੇਸ ਨੂੰ ਇਕਜੁਟ ਨਜ਼ਰ ਆਉਣ ਚਾਹੀਦਾ ਹੈ। ਪਰ ਸਿਆਸੀ ਲੀਡਰਸ਼ਿਪ ਦਾ ਰਵੱਈਆ ਠੀਕ ਨਹੀਂ ਹੈ ।ਉਨ੍ਹਾਂ ਕਿਹਾ ਚੀਨ ਨਾਲ ਨਿਪਟਣ ਲਈ ਹੋਰ ਚੌਕਸ ਰਹਿਣ ਦੀ ਲੋੜ ਹੈ ।ਇਸ ਦੌਰਾਨ ਅਸਦਉਦੀਨ ਓਵੈਸੀ ਨੇ ਕਿਹਾ ਕਿ ਸਰਕਾਰ ਨੇ ਕਈ ਦਿਨ ਮਾਮਲੇ ਨੂੰ ਲੁਕੋਈ ਰੱਖਿਆ ਜਿਸ ਲਈ ਸਰਕਾਰ ਇਸ ਦਾ ਅਸਲ ਕਾਰਨ ਸ਼ਪੱਸ਼ਟ ਕਰੇ ।

ਭਾਰਤ ਤੋਂ ਬਾਅਦ ਚੀਨ ਨੇ ਝੜਪ ਸੰਬੰਧੀ ਬਿਆਨ ਜਾਰੀ ਕੀਤਾ

ਇਸ ਮੁੱਦੇ 'ਤੇ ਚੀਨੀ ਸਰਕਾਰ ਨੇ ਆਪਣਾ ਪੱਖ ਰੱਖਦਿਆਂ ਅਜਿਹੀ ਕਾਰਵਾਈ ਤੋਂ ਇਨਕਾਰ ਕੀਤਾ 'ਤੇ ਸਰਹੱਦ 'ਤੇ ਸ਼ਾਂਤੀ ਬਣਾਈ ਰੱਖਣ ਲਈ ਕਿਹਾ। ਇਹ ਮੁੱਦਾ ਚੀਨੀ ਪੱਖ ਨਾਲ ਕੂਟਨੀਤਕ ਪੱਧਰ 'ਤੇ ਵੀ ਉਠਾਇਆ ਗਿਆ ਹੈ। ਚੀਨ ਨੇ ਕਿਹਾ ਹੈ ਕਿ ਭਾਰਤ ਨਾਲ ਲੱਗਦੀ ਸਰਹੱਦ 'ਤੇ ਸਥਿਤੀ ਸਥਿਰ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ 'ਵਾਂਗ ਵੇਨਬਿਨ' ਨੇ ਕਿਹਾ ਕਿ ਭਾਰਤ ਨਾਲ ਫੌਜੀ ਅਤੇ ਕੂਟਨੀਤਕ ਪੱਧਰ 'ਤੇ ਗੱਲਬਾਤ ਚੱਲ ਰਹੀ ਹੈ।

ਭਾਰਤ ਚੀਨ ਤਣਾਅ ਦਾ ਕਾਰਨ ਕੀ ਹੈ?

ਦੋਵਾਂ ਦੇਸ਼ਾਂ ਵਿਚਾਲੇ ਵਿਵਾਦ ਦਾ ਕਾਰਨ 3440 ਕਿਲੋਮੀਟਰ ਲੰਬੀ ਸਰਹੱਦ ਹੈ। ਇਸ ਨੂੰ ਲੈ ਕੇ ਦੋਵਾਂ ਦੇਸ਼ਾਂ ਦੇ ਆਪੋ-ਆਪਣੇ ਦਾਅਵੇ ਹਨ ।ਇਸ ਇਲਾਕੇ ਦੀ ਸਥਿਤੀ ਅਜਿਹੀ ਹੈ ਕਿ ਦਰਿਆਵਾਂ, ਝੀਲਾਂ ਅਤੇ ਬਰਫ਼ ਨਾਲ ਘਿਰੇ ਪਹਾੜਾਂ ਕਾਰਨ ਅਸਲ ਕੰਟਰੋਲ ਰੇਖਾ (ਐੱਲਏਸੀ) ਨੂੰ ਲੈ ਕੇ ਕਈ ਵਾਰ ਝਗੜਾ ਹੁੰਦਾ ਹੈ ਅਤੇ ਕਈ ਵਾਰ ਦੋਵੇਂ ਦੇਸ਼ਾਂ ਦੇ ਫੌਜੀ ਆਹਮੋ-ਸਾਹਮਣੇ ਹੋ ਜਾਂਦੇ ਹਨ ।ਦੋਵੇਂ ਦੇਸ਼ ਸਰਹੱਦੀ ਇਲਾਕਿਆਂ ਵਿੱਚ ਬੁਨਿਆਦੀ ਢਾਂਚਾ ਵੀ ਵਿਕਸਿਤ ਕਰ ਰਹੇ ਹਨ। ਭਾਰਤ ਉਚਾਈ 'ਤੇ ਸਥਿਤ ਹਵਾਈ ਅੱਡੇ ਤੱਕ ਸੜਕ ਵੀ ਬਣਾ ਰਿਹਾ ਹੈ, ਜਿਸ ਲਈ ਚੀਨ ਕਈ ਵਾਰ ਇਤਰਾਜ਼ ਕਰ ਚੁੱਕਿਆ ਹੈ। ਜੂਨ 2020 ਵਿੱਚ, ਗਲਵਾਨ ਵਿੱਚ ਭਾਰਤ ਅਤੇ ਚੀਨ ਦਰਮਿਆਨ ਹੋਏ ਸੰਘਰਸ਼ ਵਿੱਚ ਭਾਰਤ ਦੇ 20 ਸੈਨਿਕ ਮਾਰੇ ਗਏ ਸਨ ।ਕਈ ਮਹੀਨਿਆਂ ਬਾਅਦ, ਚੀਨ ਨੇ ਇਸ ਸੰਘਰਸ਼ ਵਿੱਚ ਆਪਣੇ ਚਾਰ ਸੈਨਿਕਾਂ ਦੀ ਮੌਤ ਨੂੰ ਸਵੀਕਾਰ ਕੀਤਾ ਸੀ।

ਗਲਵਾਨ ਤੋਂ ਬਾਅਦ ਅਤੇ ਇਸ ਤੋਂ ਪਹਿਲਾਂ ਦੋਵਾਂ ਦੇਸ਼ਾਂ ਵਿਚਾਲੇ ਫੌਜੀ ਪੱਧਰ 'ਤੇ ਕਈ ਵਾਰ ਗੱਲਬਾਤ ਹੁੰਦੀ ਰਹੀ ਹੈ 'ਤੇ ਹਾਲੇ ਵੀ ਜਾਰੀ ਹੈ ਪਰ ਇਸ ਖੇਤਰ ਵਿਚ ਤਣਾਅ ਬਰਕਰਾਰ ਹੈ। ਸਭ ਤੋਂ ਤਾਜ਼ਾ ਵਿਵਾਦ 9 ਦਸੰਬਰ, 2022 ਦਾ ਹੀ ਹੈ, ਜਦੋਂ ਅਰੁਣਾਚਲ ਪ੍ਰਦੇਸ਼ ਦੇ ਤਵਾਂਗ ਵਿੱਚ ਦੋਵਾਂ ਦੇਸ਼ਾਂ ਦੇ ਸੈਨਿਕਾਂ ਵਿਚਕਾਰ ਝੜਪ ਹੋਈ ਸੀ। ਭਾਰਤੀ ਫੌਜ ਦਾ ਕਹਿਣਾ ਹੈ ਕਿ ਇਸ ਝੜਪ 'ਚ ਦੋਵਾਂ ਦੇਸ਼ਾਂ ਦੇ ਕੁਝ ਫੌਜੀ ਜ਼ਖਮੀ ਹੋਏ ਹਨ।

ਸਾਲ 2020 ਖਾਸ ਤੌਰ 'ਤੇ ਦੋਵਾਂ ਦੇਸ਼ਾਂ ਦਰਮਿਆਨ ਸੰਘਰਸ਼ ਕਾਫ਼ੀ ਹਿੰਸਕ ਰਿਹਾ। 1975 ਤੋਂ ਬਾਅਦ ਪਹਿਲੀ ਵਾਰ ਦੋਵਾਂ ਦੇਸ਼ਾਂ ਦੇ ਸੈਨਿਕਾਂ ਵਿਚਾਲੇ ਅਜਿਹਾ ਟਕਰਾਅ ਹੋਇਆ ਸੀ, ਜਿਸ 'ਚ ਕਈ ਫੌਜੀ ਮਾਰੇ ਗਏ ਸਨ ।ਭਾਵੇਂ ਇਸ ਸੰਘਰਸ਼ ਦੌਰਾਨ ਡੰਡਿਆਂ ਅਤੇ ਹੋਰ ਹਥਿਆਰਾਂ ਦੀ ਵਰਤੋਂ ਕਰਦਿਆਂ ਝੜਪ ਹੋਈ, ਪਰ ਬੰਦੂਕਾਂ ਦੀ ਵਰਤੋਂ ਨਹੀਂ ਕੀਤੀ ਗਈ।

1996 'ਚ ਦੋਵਾਂ ਦੇਸ਼ਾਂ ਦਰਮਿਆ ਇਸ ਗੱਲ 'ਤੇ ਸਹਿਮਤੀ ਬਣੀ ਸੀ ਕਿ ਸਰਹੱਦ 'ਤੇ ਬੰਦੂਕਾਂ ਜਾਂ ਵਿਸਫੋਟਕ ਸਮੱਗਰੀ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਭਾਰਤ ਨੇ ਆਪਣੇ ਫੌਜੀਆਂ ਦੀ ਮੌਤ ਨੂੰ ਸਵਿਕਾਰ ਕਰ ਲਿਆ ਸੀ, ਪਰ ਚੀਨ ਕਈ ਮਹੀਨਿਆਂ ਤੱਕ ਆਪਣੇ ਸੈਨਿਕਾਂ ਦੀ ਮੌਤ ਬਾਰੇ ਗੱਲ ਕਰਨ ਤੋਂ ਬਚਦਾ ਰਿਹਾ ।ਹਾਲਾਂਕਿ, ਚੀਨ ਨੇ ਆਪਣੇ ਬਿਆਨ ਵਿੱਚ ਭਾਰਤੀ ਸੈਨਿਕਾਂ ਨੂੰ ਸੰਘਰਸ਼ ਲਈ ਜ਼ਿੰਮੇਵਾਰ ਠਹਿਰਾਇਆ ਸੀ।

***

## ਖ਼ਾਲਿਸਤਾਨ ਲਹਿਰ ਤੇ ਅੰਮ੍ਰਿਤਪਾਲ

ਵਿਚ ਆਈਈਡੀ ਬਲਾਸਟ ਹੋਇਆ ਸੀ। ਇਸ ਬਲਾਸਟ ਤੋਂ ਠੀਕ ਪਹਿਲਾਂ 23 ਦਸੰਬਰ ਨੂੰ ਖ਼ੁਫ਼ੀਆ ਏਜੰਸੀਆਂ ਨੇ ਪੰਜਾਬ ਪੁਲਿਸ ਨੂੰ ਖਾੜਕੂ ਹਮਲੇ ਦਾ ਅਲਰਟ ਜਾਰੀ ਕਰ ਦਿੱਤਾ ਸੀ। ਇਸ ਬਲਾਸਟ ਵਿਚ ਇਕ ਦੀ ਮੌਤ ਹੋਈ ਸੀ ਤੇ 6 ਲੋਕ ਜ਼ਖ਼ਮੀ ਹੋਏ ਸਨ। ਬੀਤੇ ਫਰਵਰੀ ਮਹੀਨੇ 'ਚ ਖ਼ੁਫ਼ੀਆ ਏਜੰਸੀਆਂ ਨੇ ਸਾਬਕਾ ਚਰਨਜੀਤ ਚੰਨੀ ਸਰਕਾਰ ਨੂੰ ਖ਼ਾਲਿਸਤਾਨ ਸਮਰਥਕਾਂ ਦੀ ਗਤੀਵਿਧੀਆਂ ਦੇ ਬਾਰੇ ਵਿਚ ਅਲਰਟ ਭੇਜਿਆ ਗਿਆ ਸੀ। ਕੇਂਦਰੀ ਏਜੰਸੀਆਂ ਨੇ ਦੱਸਿਆ ਕਿ ਵਿਦੇਸ਼ ਵਿਚ ਬੈਠੇ ਖਾਲਿਸਤਾਨੀ ਸਮਰਥਕ ਤੇ ਧਰਮ ਦੀ ਆਡ ਵਿਚ ਕੁਝ ਆਗੂ ਗੁਪਤ ਤਰੀਕੇ ਨਾਲ ਪੰਜਾਬ ਤੋਂ ਨੌਜਵਾਨਾਂ ਨੂੰ ਲਾਮਬੰਦ ਕਰ ਰਹੇ ਹਨ।

ਬੀਤੇ ਮਈ 'ਚ ਮੋਹਾਲੀ ਸਥਿਤ ਪੁਲਿਸ ਦੇ ਖ਼ੁਫ਼ੀਆ ਮੁੱਖ ਦਫ਼ਤਰ 'ਤੇ ਆਰਪੀਜੀ ਹਮਲੇ ਦੇ ਬਾਰੇ ਵਿਚ ਵੀ ਖ਼ੁਫ਼ੀਆ ਏਜੰਸੀਆਂ ਨੇ ਪਹਿਲਾਂ ਹੀ ਇਨਪੁਟ ਦੇ ਦਿੱਤਾ ਸੀ, ਪਰ ਉਸ ਸਮੇਂ ਵੀ ਸੂਬਾ ਪੁਲਿਸ ਹੱਥ ਕੁਝ ਨਹੀਂ ਲੱਗਾ ਤੇ ਪਾਕਿਸਤਾਨ ਵਿਚ ਲੁਕੇ ਖਾੜਕੂਆਂ ਨੇ ਸਥਾਨਕ ਗੈਂਗਸਟਰਾਂ ਦੀ ਮਦਦ ਨਾਲ ਹਮਲੇ ਨੂੰ ਅੰਜਾਮ ਦੇ ਦਿੱਤਾ। ਇਸ ਮਹੀਨੇ ਦਿੱਲੀ ਪੁਲਿਸ ਦੀ ਸਪੈਸ਼ਲ ਸੈੱਲ ਨੇ ਲਾਰੈਂਸ ਗੈਂਗ ਦੇ ਗੈਂਗਸਟਰ ਕਾਬੂ ਕੀਤੇ ਸਨ, ਜਿਨ੍ਹਾਂ ਤੋਂ ਪੁੱਛਗਿੱਛ 'ਚ ਦੱਸਿਆ ਕਿ ਉਨ੍ਹਾਂ ਮੂਸੇਵਾਲਾ ਦੇ ਘਰ ਦੀ ਰੇਕੀ ਕਰ ਉਸਦੀ ਹੱਤਿਆ ਦੀ ਪਲਾਂਨਿੰਗ ਕੀਤੀ ਸੀ। ਸਿੱਧੂ ਮੂਸੇਵਾਲਾ ਦੀ ਹੱਤਿਆ ਤੋਂ ਠੀਕ ਪਹਿਲਾਂ ਪੰਜਾਬ ਪੁਲਿਸ ਨੂੰ ਇਨਪੁਟ ਭੇਜਿਆ ਗਿਆ ਪਰ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ। ਅਗਸਤ ਮਹੀਨੇ ਦੇ ਦੌਰਾਨ ਸੁਰੱਖਿਆ ਏਜੰਸੀਆਂ ਨੇ ਸੂਬੇ 'ਚ 10 ਸਿਆਸੀ ਆਗੂਆਂ 'ਤੇ ਹਮਲੇ ਦਾ ਅਲਰਟ ਜਾਰੀ ਕੀਤਾ। ਏਜੰਸੀਆਂ ਨੇ ਇਸ ਅਲਰਟ ਵਿਚ ਪੰਜਾਬ ਪੁਲਿਸ ਨੂੰ ਉਨ੍ਹਾਂ ਆਗੂਆਂ ਦੇ ਨਾਮ ਵੀ ਦਿੱਤੇ ਹਨ।

ਪੰਜਾਬ ਪੁਲਿਸ ਦੇ ਸਾਬਕਾ ਡੀ.ਜੀ.ਪੀ ਸ਼ਸ਼ੀਕਾਂਤ ਨੇ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਕਿਹਾ ਕਿ ਮੋਹਾਲੀ ਵਿਚ ਇੰਟੈਲੀਜੈਂਸ ਵਿੰਗ ਦੀ ਇਮਾਰਤ ਤੋਂ ਬਾਅਦ ਪੰਜਾਬ ਪੁਲਿਸ 'ਤੇ ਆਰ.ਪੀ.ਜੀ ਹਮਲੇ ਨੇ ਸਾਬਤ ਕਰ ਦਿੱਤਾ ਹੈ ਕਿ ਖਾੜਕੂ, ਗੈਂਗਸਟਰ ਅਤੇ ਨਸ਼ਾ ਤਸਕਰਾਂ ਦੀਆਂ ਵਿਦੇਸ਼ਾਂ ਵਿਚ ਸਥਿਤ ਲਾਬੀਆਂ ਨੇ ਗੱਠਜੋੜ ਕਰ ਲਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਲਾਬੀ ਨੇ ਆਪਣੇ ਸਥਾਨਕ ਸਲੀਪਰ ਸੈੱਲ ਦੀ ਮਦਦ ਨਾਲ ਸੂਬੇ ਦੀ ਸ਼ਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਹੈ। ਇੱਥੇ ਗੱਲਬਾਤ ਦੌਰਾਨ ਸਾਬਕਾ ਡੀ.ਜੀ.ਪੀ ਨੇ ਕਿਹਾ ਕਿ ਇਹ ਮੋਹਾਲੀ ਅਤੇ ਤਰਨਤਾਰਨ ਜ਼ਿਲ੍ਹਿਆਂ ਵਿਚ ਆਰ.ਪੀ.ਜੀ ਹਮਲੇ ਤੋਂ ਸਪੱਸ਼ਟ ਹੈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਪੁਲਿਸ ਨੇ ਕਦੇ ਵੀ ਲੋਕਲ 'ਸਲੀਪਰ ਸੈੱਲਾਂ' ਨੂੰ ਫੜਨ ਅਤੇ ਉਨ੍ਹਾਂ ਦੇ ਨੈੱਟਵਰਕ ਨੂੰ ਤੋੜਨ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਜੇਕਰ ਕੁਝ ਫੜੇ ਵੀ ਗਏ ਤਾਂ ਬਿਨਾਂ ਪੂਰੀ ਜਾਂਚ-ਪੜਤਾਲ ਕੀਤੇ ਉਨ੍ਹਾਂ ਦਾ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਗਿਆ ਜਦਕਿ ਇਸ ਦੀ ਡੂੰਘਾਈ ਵਿਚ ਜਾ ਕੇ ਜ਼ਿਆਦਾ ਤੋਂ ਜ਼ਿਆਦਾ ਖ਼ੁਫ਼ੀਆ ਜਾਣਕਾਰੀ ਲੈਣ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦੂਜੀ ਕਮਜ਼ੋਰੀ ਹੈ ਕਿ ਮੌਜੂਦਾ ਹਾਲਾਤ ਵਿਚ ਪੰਜਾਬ ਪੁਲਿਸ ਦਾ ਮਨੋਬਲ ਬੁਰੀ ਤਰ੍ਹਾਂ ਡਿੱਗਿਆ ਹੈ ਜਿਸ ਨੂੰ ਉੱਚਾ ਚੁੱਕਣ ਲਈ ਬੜਾ ਕੁਝ ਕਰਨਾ ਪਵੇਗਾ।

***

## 93 ਸਾਲਾ ਇੰਦਰ ਸਿੰਘ ਦੌੜਦੇ ਨੇ

ਸ਼ੌਕੀਨ ਹਨ। ਇੰਦਰ ਸਿੰਘ ਨੇ ਦੱਸਿਆ ਕਿ ਉਹਨਾਂ ਦੀ ਅੰਤਰਰਾਸ਼ਟਰੀ ਪ੍ਰਤੀਯੋਗਤਾ ਵਿੱਚ ਭਾਗ ਲੈਣ ਦੀ ਇੱਛਾ ਹੈ। ਉਹਨਾਂ ਨੇ ਦੱਸਿਆ ਕਿ ਹੁਣ ਉਹ ਬੰਗਲੌਰ ਅਤੇ ਪੰਚਕੂਲਾ ਵਿੱਚ ਹੋਣ ਵਾਲੀਆਂ ਨੈਸ਼ਨਲ ਵੈਟਰਨਜ਼ ਖੇਡਾਂ ਲਈ ਵੀ ਆਪਣੇ ਆਪ ਨੂੰ ਤਿਆਰ ਕਰ ਰਹੇ ਹਨ। ਬਾਬਾ ਇੰਦਰ ਸਿੰਘ ਨੇ 75 ਸਾਲ ਦੀ ਉਮਰ ਵਿੱਚ ਖੇਡਾਂ ਵਿੱਚ ਭਾਗ ਲੈ ਕੇ 3 ਗੋਲਡ ਮੈਡਲ ਜਿੱਤੇ ਸਨ। ਉਦੋਂ ਤੋਂ ਉਹ ਲਗਾਤਾਰ ਜਿੱਤ ਰਹੇ ਹਨ। ਪਿਛਲੇ ਸਾਲ ਨਵੰਬਰ ਵਿਚ ਵੀ ਉਹਨਾਂ ਨੇ ਮਸਤੂਆਣਾ ਵਿਚ ਖੇਡਾਂ ਵਿਚ ਹਿੱਸਾ ਲਿਆ ਸੀ ਅਤੇ ਸੋਨ ਤਗਮਾ ਜਿੱਤਿਆ ਸੀ।

***

## ਜ਼ਿੰਦਗੀ ਵਗਦਾ ਵਹਿਣ

ਪੰਛੀਆਂ ਨੂੰ ਅਸਮਾਨ 'ਚ ਡਾਰਾਂ ਬੰਨ੍ਹੀਂ ਆਪਣੇ ਘਰਾਂ ਵੱਲ ਪਰਤਦੇ ਦੇਖਦੀ ਹਾਂ ਤਾਂ ਆਪ ਮੁਹਾਰੇ ਅੰਦਰੋਂ ਲੰਮਾ ਜਿਹਾ ਹਉਕਾ ਡਿੰਗ ਭਰਕੇ ਪੁੱਛਦਾ ਏ ਕਿ ਤੁਸੀਂ ਕਦੋਂ ਵਾਪਿਸ ਆਉਣਾ, ਤੁਹਾਡਾ ਆਲ੍ਹਣਾ ਵੀ ਤੁਹਾਨੂੰ ਉਡੀਕ ਰਿਹਾ ਏ।

ਫੇਰ ਅਗਲੇ ਹੀ ਪਲ ਸਮਝ ਜਾਂਦੀ ਹਾਂ ਕਿ ਇਸ ਆਲ੍ਹਣੇ ਦਾ ਪੰਖੇਰੂ ਤੇ ਇਨ੍ਹਾਂ ਪਤਝੜ ਦੇ ਉੱਜੜੇ ਪੱਤਿਆਂ ਵਾਂਗ ਕਦੇ ਵੀ ਨਹੀਂ ਮੁੜਨਾ।

ਮੈਂ ਇਹ ਸੁਣਦੀ ਹੁੰਦੀ ਸਾਂ ਕਿ ਪਤਝੜ 'ਚ ਉੱਜੜਨ ਵਾਲਿਆਂ ਦਾ ਮੁੜ ਵਸੇਬਾ ਨਹੀਂ ਹੁੰਦਾ। ਠੀਕ ਹੀ ਹੈ, ਬਿਲਕੁਲ ਪਤਝੜ ਵਾਲਿਆਂ ਤੇ ਕਦੇ ਬਹਾਰ ਨਹੀਂ ਆਉਂਦੀ, ਨਵੇਂ ਉੱਗਦੇ ਨੇ ਆਪਣੀਆਂ ਸੋਚਾਂ ਲੈ ਕੇ ਪਰ ਉਹ ਨਹੀਂ ਵਾਪਿਸ ਲੱਗਦੇ ਜੋ ਇਕ ਵਾਰ ਝੜ ਜਾਂਦੇ ਨੇ। ਜ਼ਿੰਦਗੀ ਵਗਦਾ ਵਹਿਣ ਏ, ਇਹ ਖੜ੍ਹ ਨਹੀਂ ਸਕਦੀ, ਜਦੋਂ ਇਹ ਵਹਿਣ ਖ਼ੁਸ਼ੀ 'ਚ ਹੋਵੇ ਤਾਂ ਨੱਚਦਾ, ਟੱਪਦਾ ਤੇ ਮੁਸਕਰਾਉਂਦਾ ਹੈ ।ਪਰ ਜਦੋਂ ਇਹ ਵਹਿਣ ਅਧੂਰਾ ਜਾਂ ਦੁੱਖ 'ਚ ਵਗ ਰਿਹਾ ਹੁੰਦਾ ਤਾਂ ਇਹ ਬਹੁਤ ਸੰਕੋਚ ਕੇ ਤੇ ਸਿਮਟ ਕੇ ਸ਼ਾਂਤ ਤੁਰਿਆ ਜਾਂਦਾ ਏ, ਜਿਵੇਂ ਸਿਰਫ਼ ਪੰਧ ਹੀ ਮੁਕਾਉਣਾ ਹੋਵੇ , ਹੋਰ ਕੋਈ ਇੱਛਾ ਨਾ ਹੋਵੇ, ਇਵੇਂ ਹੀ ਇਹ ਸਫ਼ਰ ਗੁਜ਼ਰਦਾ ਹੈ, ...ਸ਼ਾਇਦ।

## ਸਿੱਖਾਂ ਦੇ ਜਮਹੂਰੀ ਅਧਿਕਾਰਾਂ

ਦਫ਼ਤਰ ਤੋਂ ਬਾਹਰ ਹੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਅਤੇ ਉੱਤਰ ਪ੍ਰਦੇਸ ਦੇ ਪੱਤਰਕਾਰ ਰਾਕੇਸ਼ ਸਿੰਘ ਨੂੰ 28 ਨਵੰਬਰ 2020 ਨੂੰ ਉਹਦੇ ਘਰ ਵਿਚ ਦਾਖਲ ਹੋ ਕੇ ਇੱਕ ਦੋਸਤ ਦੇ ਨਾਲ ਜਿੰਦਾ ਜਲਾ ਦਿੱਤਾ ਗਿਆ। ਇੱਕ ਅਧਿਐਨ ਮੁਤਾਬਿਕ 2014 ਤੋ 2019 ਤੱਕ 200 ਤੋਂ ਵੱਧ ਪੱਤਰਕਾਰਾਂ ਤੇ ਹਮਲੇ ਹੋਏ। ਇਸ ਸਮੇਂ ਦੌਰਾਨ 40 ਪੱਤਰਕਾਰਾਂ ਦੀ ਮੌਤ ਹੋਈ, ਜਿਸ ਵਿੱਚ 21 ਪੱਤਰਕਾਰਾਂ ਦਾ ਕਤਲ ਉਹਨਾਂ ਦੀ ਪੱਤਰਕਾਰੀ ਦੀ ਵਜਾ ਕਰਕੇ ਹੋਇਆ। ਉਪਰੋਕਤ ਤੋਂ ਇਲਾਵਾ ਮਈ 2020 ਵਿੱਚ ਮੋਹਾਲੀ ਤੋ ਇੱਕ ਸੀਨੀਅਰ ਪੱਤਰਕਾਰ ਮੇਜਰ ਸਿੰਘ ਪੰਜਾਬੀ ‘ਤੇ ਪੁਲਿਸ ਧੱਕੇਸ਼ਾਹੀ, ਅਣਮਨੁੱਖੀ ਤਸ਼ੱਦਦ ਤੋਂ ਇਲਾਵਾ ਉਹਦੇ ਕਕਾਰਾਂ ਦੀ ਬੇਅਦਬੀ ਦਾ ਮਾਮਲਾ ਅੱਜ ਤੱਕ ਵੀ ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਮੇਜਰ ਸਿੰਘ ਵੱਲੋਂ ਪ੍ਰੈਸ ਕੌਂਸਲ ਆਫ਼ ਇੰਡੀਆ ਨੂੰ 4 ਅਕਤੂਬਰ 2022 ਨੂੰ ਦੁਬਾਰਾ ਭੇਜੀ ਲਿਖਤੀ ਸ਼ਿਕਾਇਤ ਰਾਹੀਂ ਧਿਆਨ ਦਿਵਾਇਆ ਕਿ ਪ੍ਰੈਸ ਕੌਂਸਲ ਵੱਲੋਂ 27 ਮਈ 2021 ਨੂੰ ਪੰਜਾਬ ਦੇ ਉਕਤ ਉੱਚ ਐਡੀਸ਼ਨਲ ਚੀਫ਼ ਸਕੱਤਰ (ਗ੍ਰਹਿ) ਅਤੇ ਡੀਜੀਪੀ ਪੰਜਾਬ ਨੂੰ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਸਨ ਪਰ ਅੱਜ ਤਕ ਦੋਸ਼ੀ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਐਫ਼ ਆਈ ਆਰ ਦਰਜ ਵੀ ਨਹੀਂ ਕੀਤੀ ਗਈ, ਜਦੋਂ ਕਿ 27 ਮਈ 2021 ਨੂੰ ਜਾਰੀ ਕੀਤੇ ਨਿਰਦੇਸ਼ ਵਿਚ ਪ੍ਰੈਸ ਕੌਂਸਲ ਆਫ਼ ਇੰਡੀਆ ਦੇ ਚੇਅਰਮੈਨ ਵੱਲੋਂ ਉਕਤ ਉੱਚ ਅਧਿਕਾਰੀਆਂ ਨੂੰ ਸਖ਼ਤ ਹਿਦਾਇਤ ਦਿੰਦਿਆਂ ਦੋਸ਼ੀਆਂ ਖ਼ਿਲਾਫ਼ ਢੁਕਵੀਂ ਕਾਰਵਾਈ ਕਰਨ ਲਈ ਦੋ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ, ਇਸ ਦੇ ਬਾਵਜੂਦ ਦੋਸ਼ੀ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕੋਈ ਢੁਕਵੀਂ ਕਾਰਵਾਈ ਨਹੀਂ ਕੀਤੀ ਗਈ। ਇਸ ਤੋ ਇਲਾਵਾ ਅੰਮ੍ਰਿਤਸਰ,ਨਵਾਂ ਸ਼ਹਿਰ,ਰੂਪ ਨਗਰ,ਬਠਿੰਡਾ,ਸੰਗਰੂਰ,ਮੋਹਾਲੀ ਅਤੇ ਚੰਡੀਗੜ੍ਹ ਵਿੱਚ ਪੱਤਰਕਾਰਾਂ ਤੇ ਹਮਲੇ,ਪੁਲਿਸ ਧੱਕੇਸ਼ਾਹੀਆਂ ਅਤੇ ਪਰਚੇ ਦਰਜ ਕਰਨ ਦੀਆਂ ਖ਼ਬਰਾਂ ਕੋਈ ਬਹੁਤ ਪੁਰਾਣੀਆਂ ਨਹੀਂ,ਬਲਕਿ ਉਪਰੋਕਤ ਜ਼ਿਲ੍ਹਿਆਂ ਵਿੱਚ ਵਾਪਰੀਆਂ ਘਟਨਾਵਾਂ ਪਿਛਲੇ ਤਿੰਨ ਸਾਲਾਂ ਦੀਆਂ ਹਨ। ਇੱਕ ਅਧਿਐਨ ਦੇ ਮੁਤਾਬਿਕ ਇਸ ਸਮੇਂ ਦੌਰਾਨ ਪੱਤਰਕਾਰਾਂ ਤੇ ਹਮਲੇ ਦੇ ਦੋਸ਼ਾਂ ਵਿੱਚ ਵਿੱਚ ਕਿਸੇ ਇੱਕ ਵੀ ਵਿਅਕਤੀ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ। ਇਸ ਰਿਪੋਰਟ ਵਿੱਚ ਇੱਕ ਹੋਰ ਮਹੱਤਵਪੂਰਨ ਤੱਥ ਇਹ ਹੈ ਕਿ ਕਤਲ ਕੀਤੇ ਗਏ ਪੱਤਰਕਾਰਾਂ ਵਿੱਚ ਬਹੁਗਿਣਤੀ ਪੱਤਰਕਾਰ ਪੇਂਡੂ ਅਤੇ ਛੋਟੇ ਸ਼ਹਿਰਾਂ ਨਾਲ਼ ਸਬੰਧਿਤ ਹਨ। ਵੱਡੇ ਸ਼ਹਿਰਾਂ ਵਿੱਚ ਕੰਮ ਕਰਨ ਵਾਲ਼ੇ ਪੱਤਰਕਾਰ ਜ਼ਿਆਦਾ ਸੁਰੱਖਿਅਤ ਹਨ। ਇੱਥੇ ਆ ਕੇ ਪੱਤਰਕਾਰੀ ਦੋ ਜਮਾਤਾਂ ਵਿੱਚ ਵੰਡੀ ਜਾਂਦੀ ਹੈ। ਇੱਕ ਉਹ ਜਮਾਤ,ਜਿਹੜੀ ਪਿੰਡਾਂ,ਕਸਬਿਆਂ ਅਤੇ ਛੋਟੇ ਸ਼ਹਿਰਾਂ ਵਿੱਚ ਸੂਚਨਾਵਾਂ ਇਕੱਤਰ ਕਰਕੇ ਜੋਖ਼ਮ ਉਠਾਉਂਦੀ ਹੈ ਅਤੇ ਦੂਜੀ,ਉਹ ਜਿਹੜੀ ਵੱਡੇ ਵੱਡੇ ਮੀਡੀਆ ਹਾਊਸਾਂ ਵਿੱਚ ਬੈਠ ਕੇ ਹੇਠਲੇ ਪੱਧਰ ਤੋਂ ਆਈਆਂ ਮਹੱਤਵਪੂਰਨ ਸੂਚਨਾਵਾਂ ਨੂੰ ਕੈਸ਼ ਕਰਦੀ ਹੈ। ਪੇਂਡੂ ਅਤੇ ਛੋਟੇ ਸ਼ਹਿਰਾਂ ਵਾਲੇ ਪੱਤਰਕਾਰਾਂ ਦੀ ਜਮਾਤ ਹੀ ਖ਼ਤਰਿਆਂ ਨਾਲ ਖੇਡਦੀ ਹੈ,ਜਦੋਂ ਕਿ ਮੀਡੀਆ ਹਾਊਸ ਦੀ ਪੱਤਰਕਾਰੀ ਹਮੇਸ਼ਾ ਸਥਾਪਤੀ ਦੇ ਹੱਕ ਵਿੱਚ ਭੁਗਤਦੀ ਹੈ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਸੈਂਕੜੇ ਕੇਸ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਵਿੱਚ ਦਰਜ ਹਨ। ਸੋ ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਮਨੁੱਖੀ ਅਧਿਕਾਰਾਂ ਦੇ ਘਾਣ ਲਈ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਭੂਮਿਕਾ ਦੇ ਮੱਦੇਨਜ਼ਰ ਪੰਜਾਬ ਪੁਲਿਸ ਕਟਹਿਰੇ ਵਿੱਚ ਖੜੀ ਦਿਖਾਈ ਦਿੰਦੀ ਹੈ। ਉੱਧਰ ਭਾਰਤੀ ਮੀਡੀਆ ਦੀ ਜੇਕਰ ਗੱਲ ਕੀਤੀ ਜਾਵੇ,ਤਾਂ ਇਹ ਉਹ ਹੀ ਜਮਾਤ ਹੈ,ਜਿਸ ਦਾ ਉੱਪਰ ਜ਼ਿਕਰ ਕੀਤਾ ਜਾ ਚੁੱਕਾ ਹੈ।ਉਪਰੋਕਤ ਪੱਤਰਕਾਰੀ ਦੀ ਜਮਾਤ ਦਾ ਸਿੱਖਾਂ ਅਤੇ ਦਲਿਤਾਂ ਸਮੇਤ ਸਮੁੱਚੀਆਂ ਘੱਟ ਗਿਣਤੀਆਂ ਪ੍ਰਤੀ ਨਜ਼ਰੀਆ ਵੀ ਸਥਾਪਤੀ ਦੇ ਨਜ਼ਰੀਏ ਤੋ ਵੱਖਰਾ ਨਹੀਂ ਹੁੰਦਾ।

***

## ਅਕਾਲੀ ਦਲ ਦੀ ਚੜ੍ਹਦੀਕਲਾ ਦਾ

ਪਾਰਟੀ ਵੱਲੋਂ ਗੁਰਦੁਆਰਾ ਚੋਣ ਕਮਿਸ਼ਨ ਨੂੰ 2003 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤੋਂ ਪਹਿਲਾਂ ਅਤੇ ਦੂਸਰਾ ਭਾਰਤੀ ਚੋਣ ਕਮਿਸ਼ਨ ਕੋਲ 2008 ਵਿਚ ਪੇਸ਼ ਕਰ ਦਿੱਤਾ। ਜਿਹੜਾ ਵਿਧਾਨ ਸੰਨ 2008 ਵਿਚ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਦੀ ਹੈਸੀਅਤ ਵਿਚ ਭਾਰਤ ਦੇ ਚੋਣ ਕਮਿਸ਼ਨ ਨੂੰ ਭੇਜਿਆ, ਉਹ ਅਕਾਲੀ ਦਲ ਦੇ ਕਿਸੇ ਜਨਰਲ ਇਜਲਾਸ ਵਿਚ ਪਾਸ ਨਹੀਂ ਹੋਇਆ ਤੇ ਨਾ ਹੀ ਕਾਰਵਾਈ ਰਜਿਸਟਰ ਵਿਚ ਦਰਜ ਹੈ। ਉਹ ਅੰਗਰੇਜ਼ੀ ਵਿਚ ਸੀ ਤੇ ਉਸ ਦੀ ਪੰਜਾਬੀ ਕਾਪੀ ਵੀ ਪ੍ਰਕਾਸ਼ਿਤ ਨਹੀਂ ਕੀਤੀ ਗਈ। ਸੰਨ 1996 ਵਿਚ ਬਾਦਲ ਤੇ ਬਰਨਾਲਾ ਦਲਾਂ ਦਾ ਆਪਸੀ ਰਲੇਵਾਂ ਵੀ ਗ਼ੈਰ-ਸੰਵਿਧਾਨਕ ਤੇ ਗ਼ੈਰ-ਕਾਨੂੰਨੀ ਸੀ।

ਇਸ ਤਰਾਂ ਦੇ ਕਿਰਦਾਰ ਵਾਲਿਆਂ ਦਾ ਕਬਜ਼ਾ ਸਾਰੀ ਦੁਰਦਸ਼ਾ ਦਾ ਕਾਰਨ ਹੈ। ਜਦੋਂ ਤਕ ਸੰਨ 1920 ਵਾਲਾ ਸੇਵਾ ਨੂੰ ਸਮਰਪਿਤ ਅਕਾਲੀ ਦਲ ਸੁਰਜੀਤ ਨਹੀਂ ਹੋਵੇਗਾ ਉਦੋਂ ਤਕ ਇਸ ਦਾ ਭਵਿੱਖ ਖ਼ਤਰਿਆਂ ਵਿਚ ਘਿਰਦਾ ਜਾਵੇਗਾ। ਸੱਚੇ-ਸੁੱਚੇ ਅਸਲ ਅਕਾਲੀ ਹੀ ਅਕਾਲੀ ਦਲ ਦੇ ਵਾਰਿਸ ਹੋ ਸਕਦੇ ਹਨ।

***

## ਕੌਣ ਏ ਵਿਕਟਰ

ਪਹੁੰਚਾਉਣ ਬਾਰੇ ਗੱਲਬਾਤ ਕੀਤੀ।ਇਸ ਕਾਰਵਾਈ ਦੌਰਾਨ ਥਾਈ ਅਧਿਕਾਰੀਆਂ ਨੇ ਵਿਕਟਰ ਬਾਊਟ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਨੂੰ ਅਮਰੀਕਾ ਲੈ ਕੇ ਜਾਣ ਲਈ ਕਾਨੂੰਨੀ ਕਾਰਵਾਈ ਆਰੰਭੀ ਗਈ। ਵਿਕਟਰ ਬਾਊਟ ਨੇ ਉਸ ਖ਼ਿਲਾਫ਼ ਅਮਰੀਕਾ ਵਿੱਚ ਚਲਾਏ ਕੇਸ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਸੀ।ਰੂਸ ਨੇ ਵੀ ਕਾਨੂੰਨੀ ਕਾਰਵਾਈਆਂ ਵਿੱਚ ਵਿਕਟਰ ਨੂੰ ਸਹਿਯੋਗ ਦਿੱਤਾ ਅਤੇ ਥਾਈਲੈਂਡ ਦੀ ਅਦਾਲਤ ਦੇ ਫ਼ੈਸਲੇ ਨੂੰ ਸਿਆਸਤ ਤੋਂ ਪ੍ਰੇਰਿਤ ਅਤੇ ਬੇਇਨਸਾਫ਼ੀ ਦੱਸਿਆ। ਹੁਣ 12 ਸਾਲ ਬਾਅਦ ਵਿਕਟਰ ਬਾਊਟ ਘਰ ਪਰਤਿਆ ਹੈ।

***

## ਪੰਜਾਬ ਦੀ ਆਰਥਿਕਤਾਂ ਲੜਖੜ੍ਹਾਈ

ਵਧਦੀ ਜਾਵੇਗੀ ਜੋ ਰਾਜ ਲਈ ਵੱਡੀ ਚਿੰਤਾ ਦਾ ਵਿਸ਼ਾ ਵੀ ਹੈ। ਆਪ ਸਰਕਾਰ ਵੱਲੋਂ ਐਲਾਨੀਆਂ ਜਾ ਰਹੀਆਂ ਰਿਆਇਤਾਂ ਅਤੇ ਮੁਫ਼ਤ ਬਿਜਲੀ ਦਾ ਸਰਕਾਰ ਤੇ ਬੋਝ ਵਧਣ ਕਾਰਨ ਇਸ ਸਾਲ ਬਿਜਲੀ ਸਬਸਿਡੀ ਦਾ ਬੋਝ ਵੀ ਵਧ ਕੇ 18000 ਤੋਂ 19000 ਕਰੋੜ ਤੱਕ ਪੁੱਜ ਜਾਣ ਦੀ ਸੰਭਾਵਨਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਵਿੱਤੀ ਸਾਲ ਦੇ ਮਗਰਲੇ 3 ਮਹੀਨਿਆਂ ਦੌਰਾਨ ਸਰਕਾਰ ਦੀ ਵਿੱਤੀ ਸਥਿਤੀ ਹੋਰ ਵੀ ਤਰਸਯੋਗ ਹੋ ਸਕਦੀ ਹੈ ਕਿਉਂਕਿ ਰਾਜ ਸਰਕਾਰ ਜਿਸ ਰਫ਼ਤਾਰ ਨਾਲ ਕਰਜ਼ਾ ਚੁੱਕ ਰਹੀ ਹੈ ਮਗਰਲੇ ਮਹੀਨਿਆਂ ਦੌਰਾਨ ਕਰਜ਼ਾ ਲੈਣ ਦੀ ਗੁੰਜਾਇਸ਼ ਵੀ ਬਹੁਤ ਘੱਟ ਜਾਵੇਗੀ ।

***

## ਕੀ ਪ੍ਰਵਾਸੀ ਪੰਜਾਬੀਆਂ ਪ੍ਰਤੀ ਪਿਆਰ

ਪ੍ਰਵਾਸੀ ਪੰਜਾਬੀਆਂ ਦੇ ਬੱਚਿਆਂ ਅਤੇ ਬਜ਼ੁਰਗ ਪ੍ਰਵਾਸੀ ਪੰਜਾਬੀਆਂ ਲਈ ਪੰਜਾਬ ਫੇਰੀਆਂ ਦਾ ਪ੍ਰਬੰਧ ਕਰਨ ਦਾ ਨਿਰਣਾ ਲਿਆ ਗਿਆ ਹੈ। ਪਰ ਜੇਕਰ ਸਰਕਾਰ ਪੰਜਾਬੀ ਪ੍ਰਵਾਸੀਆਂ ਦੇ ਮਸਲੇ ਹੱਲ ਕਰਨ ਲਈ ਸਚਮੁੱਚ ਸੰਜੀਦਾ ਹੈ ਤਾਂ:-

(1) ਪ੍ਰਵਾਸੀ ਪੰਜਾਬੀਆਂ ਲਈ ਬਣਾਏ ਅਦਾਰਿਆਂ ਸਮੇਤ ਐਨ.ਆਰ.ਆਈ. ਸਭਾ, ਐਨ.ਆਰ.ਆਈ. ਕਮਿਸ਼ਨ, ਐਨ.ਆਰ.ਆਈ. ਪੁਲਿਸ ਵਿਭਾਗ ਅਤੇ ਥਾਣੇ, ਐਨ.ਆਰ.ਆਈ. ਅਦਾਲਤਾਂ ’ਚ ਪ੍ਰਵਾਸੀਆਂ ਲਈ ਇਨਸਾਫ਼ ਮਿਤੀਬੱਧ ਕਰੇ।

(2) ਪੰਜਾਬੀ ਪ੍ਰਵਾਸੀਆਂ ਦੀ ਜ਼ਮੀਨ, ਜਾਇਦਾਦ ਦੀ ਰਾਖੀ ਕਰੇ।

(3) ਪੰਜਾਬੀ ਪ੍ਰਵਾਸੀਆਂ ਦੀ ਪੰਜਾਬ ’ਚ ਠਹਿਰ ਦੌਰਾਨ ਉਨ੍ਹਾਂ ਦੇ ਜਾਨ ਮਾਲ ਨੂੰ ਕੋਈ ਵੀ ਨੁਕਸਾਨ ਨਾ ਹੋਣ ਦਾ ਭਰੋਸਾ ਦੇਵੇ।

(4) ਪੰਜਾਬੀ ਪ੍ਰਵਾਸੀਆਂ ਵਿਰੁੱਧ ਅਦਾਲਤਾਂ ’ਚ ਉਨ੍ਹਾਂ ਨੂੰ ਭਗੌੜੇ ਹੋਣ ਦੇ ਜੋ ਕੇਸ ਦਰਜ ਹਨ, ਉਹ ਵਾਪਿਸ ਲਵੇ।

(5) ਪਰਵਾਸੀ ਪੰਜਾਬੀ ਲਈ ਏਅਰਪੋਰਟਾਂ ਉੱਤੇ ਵਿਸ਼ੇਸ਼ ਸੈਲ ਪੰਜਾਬ ਸਰਕਾਰ ਸਥਾਪਿਤ ਕਰੇ ਅਤੇ ਉਨ੍ਹਾਂ ਦੀ ਪ੍ਰਾਹੁਣਾਚਾਰੀ ਦਾ ਪੂਰਾ ਧਿਆਨ ਰੱਖਿਆ ਜਾਵੇ।

(6) ਪ੍ਰਵਾਸੀ ਪੰਜਾਬੀਆਂ ਨੂੰ ਸ਼ਨਾਖਤੀ ਐਨ.ਆਰ.ਆਈ. ਕਾਰਡ ਮੁੜ ਜਾਰੀ ਕੀਤੇ ਜਾਣ, ਜਿਸਦੀ ਸ਼ੁਰੂਆਤ ਕੁਝ ਸਮਾਂ ਪਹਿਲਾਂ ਅਕਾਲੀ-ਭਾਜਪਾ ਸਰਕਾਰ ਵਲੋਂ ਕੀਤੀ ਗਈ ਸੀ।

(7) ਪ੍ਰਵਾਸੀ ਪੰਜਾਬੀਆਂ ਦੇ ਬੱਚਿਆਂ ਨੂੰ ਪੰਜਾਬ ਸੱਦ ਕੇ ਇਥੋਂ ਦੇ ਸੱਭਿਆਚਾਰ, ਇਤਿਹਾਸਿਕ ਪਿਛੋਕੜ ਦੀ ਭਰਪੂਰ ਜਾਣਕਾਰੀ ਮੁਹੱਈਆ ਕਰਵਾਈ ਜਾਵੇ।

(8) ਜਿਨ੍ਹਾਂ ਪ੍ਰਵਾਸੀਆਂ ਪੰਜਾਬੀਆਂ ਨੇ ਖੇਤੀ, ਵਿਗਿਆਨ, ਡਾਕਟਰੀ, ਕਾਰੋਬਾਰ, ਪੱਤਰਕਾਰੀ, ਲੇਖਨ ’ਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ, ਉਨ੍ਹਾਂ ਦੀਆਂ ਸੇਵਾਵਾਂ ਨੂੰ ਮਾਨਤਾ ਦੇ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਵੇ।

(9) ਆਪੋ-ਆਪਣੇ ਖੇਤਰਾਂ ’ਚ ਮਾਹਰ ਪ੍ਰਵਾਸੀ ਪੰਜਾਬੀਆਂ ਦੀਆਂ ਵਿਸ਼ੇਸ਼ ਸੇਵਾਵਾਂ ਪੰਜਾਬ ਦੇ ਮਹਿਕਮਿਆਂ ਵਿੱਚ ਆਨਰੇਰੀ ਨਿਯੁਕਤੀ ਕਰਕੇ ਲਈਆਂ ਜਾਣ।

(10) ਪ੍ਰਵਾਸੀ ਪੰਜਾਬੀ ਸਨੱਅਤਕਾਰਾਂ, ਕਾਰੋਬਾਰੀਆਂ ਦੇ ਕਾਰੋਬਾਰ ਖੁਲ੍ਹਵਾਉਣ ਤੇ ਨਿਵੇਸ਼ ਲਈ ਸਿੰਗਲ ਵਿੰਡੋ ਸਿਸਟਮ ਬਣਾਇਆ ਜਾਵੇ।

ਤਾਂ ਹੀ ਪ੍ਰਵਾਸੀ ਪੰਜਾਬੀਆਂ ਦਾ ਪੰਜਾਬ ਸਰਕਾਰ ਅਤੇ ਪੰਜਾਬ ਦੇ ਲੋਕਾਂ ’ਚ ਭਰੋਸਾ ਬਣੇਗਾ ਅਤੇ ਉਹ ਪੰਜਾਬ ਦੀ ਆਰਥਿਕਤਾ ਨੂੰ ਬਚਾਉਣ ਲਈ ਨਿਵੇਸ਼ ਦਾ ਰਸਤਾ ਫੜਨਗੇ। ਹੁਣ ਤਾਂ ਉਹ ਵਿਦੇਸ਼ੋਂ ਪਿੰਡ ਲਈ ਤੁਰਦੇ ਇਹੋ ਮਹਿਸੂਸ ਕਰਦੇ ਹਨ ਕਿ ਪੰਜਾਬ ਦੀ ਸਰਕਾਰ, ਰਿਸ਼ਤੇਦਾਰ ਤੇ ਦੋਸਤ ਮਿੱਤਰ ਤਾਂ ਉਨ੍ਹਾਂ ਦੀਆਂ ਜੇਬਾਂ ਹੀ ਟਟੋਲਦੇ ਹਨ।

***

## 2022 ਵਿੱਚ ਤਕਰੀਬਨ 67 ਪੱਤਰਕਾਰ

ਸੰਕਟ ਦੌਰਾਨ ਪੱਤਰਕਾਰਾਂ ਦੀਆਂ ਪੰਜ ਮੌਤਾਂ ਦਰਜ ਕੀਤੀਆਂ, ਅਤੇ ਕੋਲੰਬੀਆ ਵਿੱਚ ਪੱਤਰਕਾਰਾਂ ਲਈ ਨਵੇਂ ਖਤਰਿਆਂ ਦੀ ਚੇਤਾਵਨੀ ਦਿੱਤੀ ਅਤੇ ਫਿਲੀਪੀਨਜ਼ ਵਿੱਚ ਨਵੀਂ ਲੀਡਰਸ਼ਿਪ ਦੇ ਬਾਵਜੂਦ ਪੱਤਰਕਾਰਾਂ ਲਈ ਖ਼ਤਰਾ ਜਾਰੀ ਰਿਹਾ।

ਇਸ ਸਮੂਹ ਨੇ ਅਲ ਜਜ਼ੀਰਾ ਦੀ ਪੱਤਰਕਾਰ ਸ਼ਿਰੀਨ ਅਬੂ ਅਕਲੇਹ ਦੀ ਗੋਲੀਬਾਰੀ ਬਾਰੇ ਵੀ ਕਿਹਾ ਜੋ ਫਲਸਤੀਨੀ ਸ਼ਰਨਾਰਥੀ ਕੈਂਪ ਤੋਂ ਰਿਪੋਰਟ ਕਰ ਰਹੀ ਸੀ। ਅਰਬ ਨੈਟਵਰਕ ਨੇ ਇਸ ਹਫਤੇ ਰਸਮੀ ਤੌਰ ’ਤੇ ਅੰਤਰਰਾਸ਼ਟਰੀ ਅਪਰਾਧਿਕ ਅਦਾਲਤ ਨੂੰ ਉਸਦੀ ਮੌਤ ਦੀ ਜਾਂਚ ਕਰਨ ਲਈ ਵੀ ਕਿਹਾ।

ਬ੍ਰਸੇਲਜ਼-ਅਧਾਰਤ ਆਈ.ਐਫ.ਜੇ. 140 ਤੋਂ ਵੱਧ ਦੇਸ਼ਾਂ ਵਿੱਚ ਟਰੇਡ ਯੂਨੀਅਨਾਂ ਅਤੇ ਐਸੋਸੀਏਸ਼ਨਾਂ ਦੇ 600,000 ਮੀਡੀਆ ਪੇਸ਼ੇਵਰਾਂ ਦੀ ਨੁਮਾਇੰਦਗੀ ਕਰਦਾ ਹੈ। ਇਹ ਰਿਪੋਰਟ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਦਿਵਸ ਦੀ ਪੂਰਵ ਸੰਧਿਆ ’ਤੇ ਜਾਰੀ ਕੀਤੀ ਗਈ ਹੈ।

ਮਾਰੇ ਗਏ ਯੂਐਸ-ਫਲਸਤੀਨੀ ਪੱਤਰਕਾਰ ਸ਼ਿਰੀਨ ਅਬੂ ਅਕਲੇਹ ਦੀ ਇੱਕ ਕਲਾ ਚਿੱਤਰਕਾਰੀ 6 ਦਸੰਬਰ, 2022 ਨੂੰ ਕਬਜ਼ੇ ਵਾਲੇ ਪੱਛਮੀ ਬੈਂਕ ਵਿੱਚ ਯਰੂਸ਼ਲਮ ਅਤੇ ਬੈਥਲਹੇਮ ਸ਼ਹਿਰ ਦੇ ਵਿਚਕਾਰ ਇਜ਼ਰਾਈਲ ਦੀ ਵੱਖ ਹੋਣ ਵਾਲੀ ਵਾੜ ਦੇ ਇੱਕ ਹਿੱਸੇ ਵਿੱਚ ਦਿਖਾਈ ਗਈ ਹੈ।

***

## ਟਰੰਪ ਦਾ ਦੁਬਾਰਾ ਚੋਣ ਲੜਨਾ ਹੋਇਆ ਮੁਸ਼ਕਿਲ,

ਡਾਇਰੈਕਟਰ ਡੇਵਿਡ ਪੇਲੀਓਲੋਗੋਸ ਅਨੁਸਾਰ ਰਿਪਬਲੀਕਨ ਬਿਨਾਂ ਟਰੰਪ ਤੋਂ ਟਰੰਪਵਾਦ ਚਾਹੁੰਦੇ ਹਨ। ਸਾਬਕਾ ਰਾਸ਼ਟਰਪਤੀ ਲਈ ਇਹ ਸਰਵੇ ਇਕ ਲਾਲ ਝੰਡੀ ਵਾਂਗ ਹੈ ਜਿਨ੍ਹਾਂ ਦਾ ਪਾਰਟੀ ਵੱਲੋਂ ਉਸ ਦੇ ਨਿੱਜੀ ਵਿਵਹਾਰ ਨੂੰ ਇਕ ਪਾਸੇ ਰਖ ਕੇ ਨਿਰੰਤਰ ਸਮਰਥਨ ਕੀਤਾ ਜਾ ਰਿਹਾ ਸੀ। 6 ਜਨਵਰੀ 2021 ਨੂੰ ਕੈਪੀਟਲ ਹਿੱਲ ਉਪਰ ਹੋਏ ਹਮਲੇ ਤੇ ਵਾਈਟ ਹਾਊਸ ਛੱਡਣ ਸਮੇਂ ਸੰਵੇਦਨਸ਼ੀਲ ਦਸਤਾਵੇਜ਼ਾਂ ਨੂੰ ਕਥਿਤ ਰੂਪ ਵਿਚ ਨਾ ਸੰਭਾਲਣ ਵਰਗੇ ਹੋਰ ਕਈ ਕਾਰਨ ਹਨ ਜਿਨ੍ਹਾਂ ਕਾਰਨ ਪਾਰਟੀ ਵਿਚ ਟਰੰਪ ਦੀ ਭਰੋਸੇਯੋਗਤਾ ਪਹਿਲਾਂ ਵਾਲੀ ਨਹੀਂ ਰਹੀ। ਕੁਝ ਰਿਪਬਲੀਕਨ ਰਣਨੀਤਿਕਾਂ ਦਾ ਵਿਚਾਰ ਹੈ ਕਿ ਟਰੰਪ ਤੇ ਪਾਰਟੀ ਵਿਚਲੇ ਉਨ੍ਹਾਂ ਦੇ ਸਮਰਥਕ ਨਵੰਬਰ ਚੋਣਾਂ ਵਿਚ ਸੈਨੇਟ ਉਪਰ ਕੰਟਰੋਲ ਕਰਨ ਵਿਚ ਨਾਕਾਮ ਰਹੇ ਹਨ। ਐਰੀਜ਼ਨਾ, ਜਾਰਜੀਆ ਤੇ ਪੈਨਸਿਲਵੇਨੀਆ ਵਿਚ ਉਨ੍ਹਾਂ ਦੇ ਉਮੀਦਵਾਰ ਚੋਣ ਹਾਰ ਗਏ।

***

## ਟਕਸਾਲੀ ਅਕਾਲੀ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ

ਸ. ਸੁਖਬੀਰ ਸਿੰਘ ਬਾਦਲ ਵਲੋਂ 30 ਨਵੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਭੰਗ ਹੋਏ ਢਾਂਚੇ ਦਾ ਪੁਨਰਗਠਨ ਕਰਦਿਆਂ ਜਥੇ. ਰਣਜੀਤ ਸਿੰਘ ਬ੍ਰਹਮਪੁਰਾ ਨੂੰ ਪਾਰਟੀ ਦਾ ਸਰਪ੍ਰਸਤ ਬਣਾਇਆ ਗਿਆ ਸੀ।

ਅਕਾਲੀ ਦਲ (ਬ) ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਜਥੇਦਾਰ ਬ੍ਰਹਮਪੁਰਾ ਦੇ ਜਾਣ ਨਾਲ ਸ਼੍ਰੋਮਣੀ ਅਕਾਲੀ ਦਲ, ਪੰਜਾਬ ਤੇ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ।

****

## ‘ਚਮਕੌਰ ਸਾਹਿਬ ਦੀ ਜੰਗ’

ਦੋ ਘੰਟੇ ਘਮਾਸਾਨ ਦੀ ਜੰਗ ਹੋਈ। ਖੰਡਾ ਖੜਕਿਆ, ਤੀਰ ਨੇਜੇ, ਤਲਵਾਰਾਂ ਭਾਲੇ ਚੱਲੇ। ਸਰਦੀ ਦੀ ਸਵੇਰ ਵਿਚ ਜੰਗ ਦਾ ਮੈਦਾਨ ਭਖ ਗਿਆ। ਕੱਚੀ ਗੜ੍ਹੀ ਤੋਂ ਆਉਂਦੇ ਤੀਰਾਂ ਨੇ ਵੈਰੀਆਂ ਨੂੰ ਵਿੰਨ ਕੇ ਰੱਖ ਦਿੱਤਾ। ਵੈਰੀ ਹੈਰਾਨ ਸਨ ਕਿ ਮੁੱਠੀ ਭਰ ਸਿੰਘਾਂ ਦਾ ਮੁਕਾਬਲਾ ਏਨਾ ਭਿਆਨਕ ਕਿਵੇਂ ਹੋ ਸਕਿਆ। ਚਮਕੌਰ ਦੀ ਧਰਤੀ ਖ਼ੂਨ ਨਾਲ ਰੰਗੀ ਗਈ। ਖ਼ੂਨ ਦੇ ਘਾਣ ਮਚ ਗਏ। ਸਿੰਘਾਂ ਨੇ ਬੇਮਿਸਾਲ ਬੀਰਤਾ, ਦ੍ਰਿੜਤਾ ਨਾਲ ਵੈਰੀ ਦਾ ਟਾਕਰਾ ਕੀਤਾ। ਬਹਾਦਰੀ ਦੇ ਜੌਹਰ ਵਿਖਾਉਂਦਿਆਂ ਪੰਜਾਂ ਸਿੰਘਾਂ ਦਾ ਜਥਾ ਸ਼ਹੀਦੀ ਪਾ ਗਿਆ। ਗੁਰੂ ਸਾਹਿਬ ਨੇ ਦੂਸਰਾ ਜਥਾ ਜੰਗ ਦੇ ਮੈਦਾਨ ਵਿਚ ਉਤਾਰਿਆ। ਉਹ ਵੀ ਅਨੇਕਾਂ ਵੈਰੀਆਂ ਦਾ ਮੁਕਾਬਲਾ ਕਰਦੇ ਹੋਏ ਵੈਰੀਆਂ ਨੂੰ ਮਾਰ ਮੁਕਾਉਂਦਾ ਹੋਇਆ ਅੰਤ ਵਿਚ ਸ਼ਹੀਦੀ ਪਾ ਗਿਆ।

ਹੁਣ ਸਿੰਘ ਜਾਣ ਗਏ ਸਨ ਕਿ ਏਨੇ ਵਿਸ਼ਾਲ ਫੌਜੀ ਲਾਮ-ਲਸ਼ਕਰ ਨਾਲ ਮੁਕਾਬਲਾ ਕਰਦਿਆਂ ਸ਼ਹੀਦੀਆਂ ਨਿਸ਼ਚਿਤ ਹਨ। ਉਨ੍ਹਾਂ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਸੁਰੱਖਿਅਤ ਨਿਕਲ ਜਾਵੋ। ਗੁਰੂ ਸਾਹਿਬ ਜੀ ਨੇ ਕਿਹਾ ਕਿ ਰਣਤੱਤਾ ਵਿਚ ਹਰ ਸਿੱਖ ਮੇਰਾ ਸਾਹਿਬਜ਼ਾਦਾ ਹੈ। ਅਸੀਂ ਇਕੱਠੇ ਲੜਾਂਗੇ ਅਤੇ ਹੌਂਸਲਾ ਦੇਂਦਿਆਂ ਕਿਹਾ ਕਿ ਜਿੱਤ ਸਾਡੀ ਹੋਵੇਗੀ। ਇਹ ਸੁਣ ਕੇ ਸਿੰਘ ਫਿਰ ਜੋਸ਼ ਵਿਚ ਆ ਕੇ ਤਿਆਰ-ਬਰ-ਤਿਆਰ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰਪਿਤਾ ਤੋਂ ਜੰਗ ਦੇ ਮੈਦਾਨ ਵਿਚ ਉਤਰਨ ਦੀ ਆਗਿਆ ਮੰਗੀ। ਗੁਰੂ ਸਾਹਿਬ ਜੀ ਨੇ ਆਪਣੇ ਹੱਥੀਂ ਸ਼ਸਤਰ ਸਜਾ ਕੇ ਨਾਲ ਅੱਠ ਸਿੰਘਾਂ ਦਾ ਜਥੇ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਜੰਗ ਦੇ ਮੈਦਾਨ ਵਿਚ ਨਿੱਤਰੇ। ਵੈਰੀ ਦੀਆਂ ਫੌਜਾਂ ਨੇ ਚਾਰੇ ਪਾਸਿਓਂ ਘੇਰ ਲਿਆ। ਸਾਹਿਬਜ਼ਾਦੇ ਨੇ ਬੜੀ ਵੀਰਤਾ ਨਾਲ ਤੀਰਾਂ ਦੇ ਵਾਰ ਕਰਕੇ ਵੈਰੀ ਦੀਆਂ ਛਾਤੀਆਂ ਵਿੰਨ੍ਹ ਸੁੱਟੀਆਂ। ਦੁਸ਼ਮਣ ਨੂੰ ਵੰਗਾਰਿਆ ਕਿ ਆਓ ਨਿਕਲੋ ਸਾਹਮਣੇ ਤੋਂ ਵਾਰ ਕਰੋ। ਵੈਰੀ ਦੇ ਸੈਨਿਕਾਂ ਨੇ ਹੱਲਾ ਕੀਤਾ, ਪਰ ਸਾਹਿਬਜ਼ਾਦੇ ਦੇ ਅੱਗੇ ਬਹੁਤੀ ਦੇਰ ਟਿਕ ਨਾ ਸਕੇ। ਵੈਰੀ ਪਿੱਛੇ ਹਟਣ ਲੱਗੇ। ਦੁਸ਼ਮਣ ਸਰਦਾਰ ਦੇ ਵਾਰ ਨਾਲ ਘੋੜਾ ਜਖ਼ਮੀ ਹੋ ਗਿਆ। ਸਾਹਿਬਜ਼ਾਦਾ ਪੈਦਲ ਹੀ ਮੈਦਾਨ ਵਿਚ ਡਟ ਗਿਆ। ਜੰਗ ਜਾਰੀ ਸੀ ਕਿ ਉਨ੍ਹਾਂ ਦੇ ਸਿੰਘ ਸ਼ਹੀਦ ਹੋ ਗਹੇ। ਗੁਰੂ ਸਾਹਿਬ ਜੀ ਮਮਟੀ ਤੋਂ ਸਾਹਿਬਜ਼ਾਦੇ ਨੂੰ ਸ਼ਹੀਦ ਹੁੰਦਾ ਦੇਖ ਰਹੇ ਸਨ। ਸਾਹਿਬਜ਼ਾਦੇ ਦੇ ਜੰਗੀ ਜੌਹਰਾਂ ’ਤੇ ਉਨ੍ਹਾਂ ਨੂੰ ਮਾਣ ਸੀ। ਉਨ੍ਹਾਂ ਅਕਾਲ ਪੁਰਖ ਦਾ ਸ਼ੁਕਰ ਮਨਾਇਆ।

ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਇਸ ਸ਼ਹੀਦੀ ਨੇ ਪ੍ਰਭਾਵਿਤ ਕੀਤਾ ਕਿ ਉਹ ਵੀ ਜੰਗ ਵਿਚ ਆਪਣਾ ਫਰਜ ਨਿਭਾਉਣ ਲਈ ਤਿਆਰ ਹੋ ਗਏ। ਉਨ੍ਹਾਂ ਗੁਰੂ ਸਾਹਿਬ ਜੀ ਪਾਸੋਂ ਜੰਗ ਦੇ ਮੈਦਾਨ ਵਿਚ ਉਤਰਨ ਦੀ ਆਗਿਆ ਮੰਗੀ। ਗੁਰੂ ਸਾਹਿਬ ਜੀ ਨੇ ਪੰਜ ਸਿੰਘਾਂ ਦੇ ਜਕੇ ਨਾਲ ਜੰਗ ਦੇ ਮੈਦਾਨ ਵਿਚ ਤੋਰਿਆ। ਜੈਕਾਰਿਆਂ ਦੀ ਗੂੰਜ ਵਿਚ ਜੰਗ ਦੇ ਮੈਦਾਨ ਵਿਚ ਜਾ ਉਤਰੇ। ਜੰਗ ਦਾ ਮੈਦਾਨ ਇਕ ਵਾਰ ਫਿਰ ਤੋਂ ਮਘ ਗਿਆ। ਵੈਰੀ ਦੀ ਗਿਣਤੀ ਬਹੁਤ ਜ਼ਿਆਦਾ ਸੀ। ਵੈਰੀਆਂ ਨੇ ਸਾਹਿਬਜ਼ਾਦੇ ਦੇ ਜੱਥੇ ਨੂੰ ਆਣ ਘੇਰਿਆ। ਸਾਹਿਬਜ਼ਾਦੇ ਨੇ ਨੇਜਾ ਸੂਤ ਲਿਆ। ਉਹ ਜਿੱਧਰ ਵੀ ਨੇਜਾ ਘੁਮਾਉਂਦੇ, ਵੈਰੀ ਨੂੰ ਮਾਰ ਮੁਕਾਉਂਦੇ। ‘ਸਵਾ ਲਾਖ ਸੇ ਏਕ ਲੜਾਊਂ’ ਦਾ ਪ੍ਰਮਾਣ ਪ੍ਰਤੱਖ ਕਰ ਵਿਖਾਇਆ। ਵੈਰੀਆਂ ਨੇ ਹੁਣ ਸਾਹਿਬਜ਼ਾਦੇ ਨੂੰ ਘੇਰ ਲਿਆ ਸੀ। ਸਾਹਿਬਜ਼ਾਦੇ ਨੇ ਸ਼ਸਤਰ ਚਲਾਉਂਦਿਆਂ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਸੂਰਜ ਛਿਪਣ ਤੱਕ ਜੰਗ ਜਾਰੀ ਸੀ। ਇਸ ਅਸਾਵੀਂ ਜੰਗ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹੀਦੀ ਦਾ ਜਾਮ ਪੀ ਗਏ। ਗੁਰੂ ਸਾਹਿਬ ਜੀ ਨੇ ਕਿਹਾ ਕਿ ਅਮਾਨਤ ਪੂਰੀ ਹੋਈ ਹੈ। ਕੌਮ ਦਾ ਕਰਜ਼ ਅਦਾ ਹੋਇਆ।

ਸੂਰਜ ਛਿਪਣ ਤੇ ਜੰਗ ਖਤਮ ਹੋਈ। ਸਿੰਘ ਗੁਰੂ ਸਾਹਿਬ ਜੀ ਨਾਲ ਗੜ੍ਹੀ ਵਿਚ ਜਾ ਬੈਠੇ। ਗੁਰੂ ਸਾਹਿਬ ਜੀ ਨੇ ਕਿਹਾ ਕਿ ਵੈਰੀ ਨਾਲ ਆਖਰੀ ਦਮ ਤੱਕ ਜੰਗ ਜਾਰੀ ਰਹੇਗੀ। ਸਾਡਾ ਹੁਣ ਸੂਰਮਿਆਂ ਵਾਂਗ ਸ਼ਹੀਦੀ ਪਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਖ਼ਾਲਸੇ ਨੂੰ ਹੁਣ ਅਕਾਲ ਪੁਰਖ ਦੀ ਹੀ ਓਟ ਹੈ। ਰਣਭੂਮੀ ਵਿਚ ਪਿੱਠ ਨਹੀਂ ਵਿਖਾਉਣੀ। ਧਰਮ ਲਈ ਕੁਰਬਾਨ ਹੋਣਾ ਹੈ। ਗੜ੍ਹੀ ਵਿਚ ਬਚੇ 11 ਸਿੰਘਾਂ ਨੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਸੁਰੱਖਿਅਤ ਗੜ੍ਹੀ ਛੱਡ ਜਾਵੋ। ਪੰਜਾਂ ਪਿਆਰਿਆਂ ਦੀ ਉਸੇ ਵੇਲੇ ਚੋਣ ਕਰਕੇ, ਭਾਈ ਦਯਾ ਸਿੰਘ ਜੀ ਦੀ ਅਗਵਾਈ ਹੇਠ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਆਪ ਜੀ ਦੀ ਸ਼ਹੀਦੀ ਨਾਲ ਸਿੱਖ ਪੰਥ ਦਾ ਭਵਿੱਖ ਖਤਰੇ ਵਿਚ ਪੈ ਜਾਵੇਗਾ। ਸਿੱਖ ਪੰਥ ਨੂੰ ਆਪ ਜੀ ਦੀ ਅਗਵਾਈ ਹਮੇਸ਼ਾ ਜ਼ਰੂਰਤ ਹੈ। ਇਸ ਲਈ ਆਪ ਜੀ ਦਾ ਨਿਕਲ ਜਾਣਾ ਪੰਥ ਦੇ ਹਿੱਤ ਵਿਚ ਹੈ। ਪੰਜਾਂ ਪਿਆਰਿਆਂ ਦਾ ਪੰਥਕ ਹੁਕਮ ਗੁਰੂ ਸਾਹਿਬ ਜੀ ਨੂੰ ਮੰਨਣਾ ਪਿਆ। ਉਨ੍ਹਾਂ ਕਿਹਾ ਕਿ ਉਹ ਪਿੱਠ ਵਿਖਾ ਕੇ ਨਹੀਂ ਜਾਣਗੇ। ਸਗੋਂ ਵੈਰੀ ਨੂੰ ਵੰਗਾਰ ਦੇ ਜਾਣਗੇ।

ਕਲਗੀਆਂ ਵਾਲੇ ਪਾਤਿਸ਼ਾਹ ਨੇ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਜੀ ਨੂੰ ਨਾਲ ਲੈ ਕੇ ਜਾਣ ਦਾ ਫੈਸਲਾ ਕੀਤਾ। ਆਪਣੇ ਹਮਸ਼ਕਲ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਸਜਾ ਕੇ, ਆਪਣੀ ਪੁਸ਼ਾਕ ਸਜਾ ਕੇ ਉੱਚੀ ਮਮਟੀ ਵਿਚ ਬਿਠਾ ਦਿੱਤਾ। ਅੱਧੀ ਰਾਤ ਲੰਘੀ ਤੇ ਗੁਰੂ ਸਾਹਿਬ ਜੀ ਨੇ ਬੁਰਕਾ ਤੇ ਖੜ੍ਹੇ ਹੋ ਕੇ ਨਰਸਿੰਙਾ ਵਜਾ ਕੇ ਕੱਚੀ ਗੜ੍ਹੀ ਤੋਂ ਬਾਹਰ ਨਿਕਲੇ ਤੇ ਉੱਚੇ ਟਿੱਬੇ ਤੋਂ ਤਿੰਨ ਵਾਰ ਕਿਹਾ ਕਿ ‘ਪੀਰੇ ਹਿੰਦ ਮੇ ਰਵੱਦ’-ਹਿੰਦ ਦਾ ਪੀਰ ਚਲਾ ਗਿਆ।

ਵੈਰੀ ਦੀਆਂ ਫੌਜਾਂ ਵਿਚ ਹਫ਼ਰਾ ਤਫ਼ਰੀ ਮਚ ਗਈ। ਉਹ ਬੌਖਲਾ ਉੱਠੇ। ਮਿਸ਼ਾਲਚੀ ਰਾਹ ਵਿਚ ਸੀ। ਗੁਰੂ ਸਾਹਿਬ ਜੀ ਨੇ ਨਿਸ਼ਾਨਾ ਲਗਾ ਕੇ ਮਿਸ਼ਾਲ ਬੁਝਾ ਦਿੱਤੀ। ਦਸੰਬਰ 23, 1704 ਨੂੰ ਗੜ੍ਹੀ ਤੇ ਵੈਰੀ ਨੇ ਹਮਲਾ ਕਰ ਦਿੱਤਾ। ਸਿੰਘ ਮੁਕਾਬਲੇ ਲਈ ਬਾਹਰ ਨਿਕਲ ਆਏ। ਟਾਕਰਾ ਹੋਇਆ ਤਾਂ ਸਿੰਘਾਂ ਨੇ ਵਿਰ ਕਈ ਵੈਰੀਆਂ ਨੂੰ ਮਾਰ ਮੁਕਾਇਆ। ਗੁਰੂ ਜੀ ਦੇ ਦੱਸੇ ਰਾਹ ਤੇ ਚਲਦਿਆਂ ਵੈਰੀ ਨਾਲ ਮੁਕਾਬਲਾ ਕਰਦਿਆਂ ਸਿੰਘ ਸ਼ਹੀਦੀਆਂ ਪਾ ਗਏ। ਉਨ੍ਹਾਂ ਦੀ ਲਾਸਾਨੀ ਕੁਰਬਾਨੀ ਸਿੱਖ ਕੌਮ ਲਈ ਵੱਡੀ ਮਿਸਾਲ ਹੈ। ਦੁਸ਼ਮਣ ਦੇ ਜਰਨੈਲਾਂ ਨੂੰ ਖ਼ਬਰ ਹੋਈ ਕਿ ਗੁਰੂ ਸਾਹਿਬ ਜੀ ਵੀ ਸ਼ਹੀਦੀ ਪਾ ਗਏ। ਪਰ ਇਹ ਤਾਂ ਭੁਲੇਖਾ ਸੀ। ਗੁਰੂ ਸਾਹਿਬ ਜੀ ਤਾਂ ਮਾਛੀਵਾੜੇ ਦਾ ਜੰਗਲਾਂ ਵਿਚ ਜਾ ਪਹੁੰਚੇ ਸਨ। ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ ਗੁਰੂ ਸਾਹਿਬ ਜੀ ਨੂੰ ਮਿਲ ਗਈ ਸੀ। ਗੁਰੂ ਸਾਹਿਬ ਜੀ ਨੇ ਕਾਹੀ ਦੇ ਬੂਟੇ ਨੂੰ ਉਖਾੜ ਕੇ ਕਿਹਾ ਕਿ ਇਹ ਮੁਗਲ ਸਾਮਰਾਜ ਹੁਣ ਜੜੋਂ ਪੁੱਟਿਆ ਗਿਆ। ਗੁਰੂ ਸਾਹਿਬ ਜੀ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਫਾਰਸੀ ਵਿਚ ਚਿੱਠੀ ਲਿਖੀ, ਜਿਸ ਨੂੰ ਜ਼ਫਰਨਾਮਾ’ ਕਿਹਾ ਜਾਂਦਾ ਹੈ। ਉਸ ਵਿਚ ਵੀ ਚਮਕੌਰ ਸਾਹਿਬ ਦੀ ਜੰਗ ਦਾ ਬਿਰਤਾਂਤ ਹੈ।

**

## ਅੰਮ੍ਰਿਤਸਰ ਅਤੇ ਲਾਹੌਰ ਦੀ ਆਪਸੀ ਇਤਿਹਾਸਕ

ਨਾਲ ਜੋੜਿਆ ਤਾਂ ਇਸਦੀ ਸਨਅਤ ਅਤੇ ਤਜਾਰਤ ਨੂੰ ਹੋਰ ਵਧਣ ਫੁੱਲਣ ਦਾ ਮੌਕਾ ਮਿਲਿਆ। ਅੰਗਰੇਜ਼ਾਂ ਨੇ 1852 ਈਸਵੀ ਵਿਚ ਪਹਿਲਾ ਮਿਸ਼ਨਰੀ ਸਕੂਲ ਬਜ਼ਾਰ ਕਸੇਰੀਆਂ ਵਿਚ ਖੋਲ੍ਹਿਆ ਅਤੇ ਸੇਂਟ ਪਾਊਲ ਚਰਚ (1853) ਦਾ ਨਿਰਮਾਣ ਕਰਵਾਇਆ। ਅੰਮ੍ਰਿਤਸਰ ਨੂੰ ਟਾਊਨ ਹਾਲ (1862, ਹੁਣ ਪਾਰਟੀਸ਼ਨ ਮਿਊਜ਼ੀਅਮ), ਹਾਲ ਬਜ਼ਾਰ (1875), ਸਰਕਟ ਹਾਊਸ (1863), ਡੀ.ਸੀ. ਦਫ਼ਤਰ (1876), ਲੜਕੀਆਂ ਦੀ ਸਿੱਖਿਆ ਲਈ ਐਲੈਗਜ਼ੈਂਡਰ ਸਕੂਲ (1878), ਗੌਰਮਿੰਟ ਮੈਡੀਕਲ ਕਾਲਜ (1920), ਵਿਕਟੋਰੀਆ ਜੁਬਲੀ ਹਸਪਤਾਲ (1891) ਦੀਆਂ ਸ਼ਾਨਦਾਰ ਇਮਾਰਤਾਂ ਅੰਗਰੇਜ਼ਾਂ ਦੀ ਹੀ ਦੇਣ ਹਨ। ਬਰਤਾਨਵੀ ਰਾਜ ਦੌਰਾਨ ਹੀ ਕੁਝ ਸਿੱਖ ਵਿਦਵਾਨਾਂ ਨੇ ਸਿੱਖਾਂ ਅਤੇ ਪੰਜਾਬੀਆਂ ਨੂੰ ਉੱਚ ਸਿੱਖਿਆ ਪ੍ਰਦਾਨ ਕਰਨ ਲਈ ਸੋਚਿਆ। ਸਿੱਖ ਰਿਆਸਤਾਂ ਦੇ ਰਾਜਿਆਂ, ਅਮੀਰ ਸਿੱਖ ਪਰਿਵਾਰਾਂ ਅਤੇ ਹੋਰ ਸਿੱਖਾਂ ਦੀ ਮਦਦ ਨਾਲ 1892 ਈਸਵੀ ਵਿਚ 'ਖਾਲਸਾ ਕਾਲਜ' ਦੀ ਸ਼ੁਰੂਆਤ ਹੋਈ। ਇਸ ਦੀ ਸ਼ਾਨਦਾਰ ਇਮਾਰਤ ਦਾ ਡਿਜ਼ਾਇਨ ਭਾਈ ਰਾਮ ਸਿੰਘ ਵਲੋਂ ਬਣਾਇਆ ਗਿਆ ਸੀ। 1881-1921 ਦੇ ਸਾਲਾਂ ਦਰਮਿਆਨ ਸ਼ਹਿਰ ਦੀ ਅਬਾਦੀ ਵਿਚ ਕੋਈ ਖ਼ਾਸ ਵਾਧਾ ਨਹੀਂ ਹੋਇਆ। ਕੁਝ ਇਤਿਹਾਸਕਾਰਾਂ ਦੇ ਮੁਤਾਬਿਕ ਇਸ ਦਾ ਕਾਰਨ ਇਨ੍ਹਾਂ ਸਾਲਾਂ ਦੌਰਾਨ ਫੈਲਣ ਵਾਲੀਆਂ ਮਹਾਂਮਾਰੀਆਂ ਸਨ ਪਰ 1921-1941 ਦੌਰਾਨ ਸ਼ਹਿਰ ਦੀ ਅਬਾਦੀ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ।

ਲਾਹੌਰ ਅਤੇ ਅੰਮ੍ਰਿਤਸਰ ਦੇ ਕਾਰੋਬਾਰੀਆਂ ਅਤੇ ਵਪਾਰੀਆਂ ਦੇ ਦੋਵਾਂ ਸ਼ਹਿਰਾਂ ਵਿਚ ਹੀ ਕਾਰੋਬਾਰ ਅਤੇ ਵਪਾਰ ਛੋਟੇ ਵੱਡੇ ਪੱਧਰ 'ਤੇ ਚਲਦੇ ਸਨ ਕਿਉਂਕਿ ਦੋਵਾਂ ਸ਼ਹਿਰਾਂ ਵਿਚਕਾਰ ਕੋਈ ਖ਼ਾਸ ਦੂਰੀ ਨਹੀਂ ਸੀ। ਇਸ ਲਈ ਆਮ ਲੋਕਾਂ ਦਾ ਵੀ ਇਨ੍ਹਾਂ ਦੋਵਾਂ ਸ਼ਹਿਰਾਂ ਵਿਚਕਾਰ ਆਮ ਆਉਣ ਜਾਣ ਸੀ। ਰੋਜ਼ਾਨਾ ਹਰ ਘੰਟੇ ਬਾਅਦ ਦੋਵਾਂ ਸ਼ਹਿਰਾਂ ਵਿਚਕਾਰ ਰੇਲਗੱਡੀ ਤੋਂ ਇਲਾਵਾ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਬੱਸਾਂ ਦੀ ਵੀ ਚੰਗੀ ਸਹੂਲਤ ਹੁੰਦੀ ਸੀ। ਅੰਮ੍ਰਿਤਸਰੀਆਂ ਅਤੇ ਲਾਹੌਰੀਆਂ ਦੀਆਂ ਆਪਸ ਵਿਚ ਰਿਸ਼ਤੇਦਾਰੀਆਂ ਵੀ ਬਹੁਤ ਹੁੰਦੀਆਂ ਸਨ। ਦੋਵਾਂ ਸ਼ਹਿਰਾਂ ਦੀ ਇਕੋ ਜਿਹੀ ਪੰਜਾਬੀ ਬੋਲੀ ਅਤੇ ਸੱਭਿਆਚਾਰ ਸੀ। ਦੋਵਾਂ ਸ਼ਹਿਰਾਂ ਦੇ ਰੰਗ ਢੰਗ ਇਕੋ ਜਿਹੇ ਸਨ। ਉਸ ਜ਼ਮਾਨੇ ਦੇ ਜਿਨ੍ਹਾਂ ਲੋਕਾਂ ਨੇ ਇਹ ਦੋਵੇਂ ਸ਼ਹਿਰ ਵੇਖੇ ਸਨ, ਉਨ੍ਹਾਂ ਦੇ ਮੁਤਾਬਕ ਦੋਵੇਂ ਸ਼ਹਿਰਾਂ ਵਿਚੋਂ ਕਿਸੇ ਇਕ ਸ਼ਹਿਰ ਵਿਚ ਪਹੁੰਚਣ 'ਤੇ ਇਹ ਮਹਿਸੂਸ ਨਹੀਂ ਸੀ ਹੁੰਦਾ ਕਿ ਤੁਸੀਂ ਦੂਜੇ ਸ਼ਹਿਰ ਵਿਚ ਆ ਗਏ ਹੋ। ਇਸ ਲਈ ਇਨ੍ਹਾਂ ਦੋਵਾਂ ਸ਼ਹਿਰਾਂ ਨੂੰ ਜੁੜਵਾਂ ਸ਼ਹਿਰ ਵੀ ਕਿਹਾ ਜਾਂਦਾ ਸੀ। ਇਕ ਸ਼ਹਿਰ ਪੰਜਾਬ ਦਾ ਦਿਲ ਅਤੇ ਦੂਜਾ ਸ਼ਹਿਰ ਧੜਕਨ ਸੀ। ਪਰ ਅੱਗੇ ਆਉਣ ਵਾਲੇ ਸਮੇਂ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਅਤੇ ਪੰਜਾਬ ਦੀ ਵੰਡ ਕਾਰਨ ਦੋਵੇਂ ਸ਼ਹਿਰਾਂ ਇਕ-ਦੂਜੇ ਨਾਲੋਂ ਸਾਂਝ ਵੱਖ ਹੋ ਗਏ। ਸੰਤਾਲੀ ਦੇ ਖ਼ੂਨ ਖ਼ਰਾਬੇ ਨਾਲ ਵੱਡੇ ਸ਼ਹਿਰ ਹੋਣ ਕਾਰਨ ਦੋਵਾਂ ਸ਼ਹਿਰਾਂ ਦਾ ਨੁਕਸਾਨ ਵੀ ਬਹੁਤ ਹੋਇਆ। ਜਦੋਂ ਦਿੱਲੀ, ਕਰਾਚੀ ਅਤੇ ਨਵੇਂ ਅਜ਼ਾਦ ਹੋਏ ਦੋਵਾਂ ਮੁਲਕਾਂ ਦੇ ਹੋਰਨਾਂ ਹਿੱਸਿਆਂ ਵਿਚ ਨਵੀਂ ਮਿਲੀ ਅਜ਼ਾਦੀ ਦੇ ਜਸ਼ਨ ਮਨਾਏ ਜਾ ਰਹੇ ਸਨ ਤਾਂ ਉਦੋਂ ਸਾਰੇ ਪੰਜਾਬ ਸਮੇਤ 'ਲਾਹੌਰ' ਅਤੇ 'ਅੰਮ੍ਰਿਤਸਰ' ਲੁੱਟੇ ਅਤੇ ਸਾੜੇ ਫੂਕੇ ਜਾ ਰਹੇ ਸਨ।

ਸੰਨ 1946 ਵਿਚ ਹੋਈਆਂ ਸੂਬਾਈ ਚੋਣਾਂ ਦੌਰਾਨ ਪੰਜਾਬ ਵਿਚ ਮੁਸਲਿਮ ਲੀਗ ਦੀ ਪਕੜ ਮਜ਼ਬੂਤ ਹੋ ਗਈ ਅਤੇ ਇਸੇ ਹੀ ਸਾਲ ਬੰਗਾਲ, ਬਿਹਾਰ ਅਤੇ ਸੰਯੁਕਤ ਪ੍ਰਾਂਤਾਂ (ਯੂ. ਪੀ.) ਦੇ ਕਈ ਸ਼ਹਿਰਾਂ ਕਸਬਿਆਂ ਵਿਚ ਹਿੰਸਾ ਅਤੇ ਸਾੜਫੂਕ ਦੀਆਂ ਘਟਨਾਵਾਂ ਵਾਪਰੀਆਂ। ਇਨ੍ਹਾਂ ਘਟਨਾਵਾਂ ਤੋਂ ਇਲਾਵਾ ਅਗਲੇ ਸਾਲ ਜਨਵਰੀ ਤੋਂ ਮਾਰਚ ਦੇ ਸ਼ੁਰੂ ਹੋਣ ਤੱਕ ਕੁਝ ਸਿਆਸੀ ਘਟਨਾਕ੍ਰਮ ਲਾਹੌਰ ਵਿਚ ਵਾਪਰੇ। ਆਉਣ ਵਾਲੇ ਸਮੇਂ ਦੌਰਾਨ ਪੰਜਾਬ ਲਈ ਇਸ ਸਾਰੇ ਘਟਨਾਕ੍ਰਮ ਦਾ ਸਿੱਟਾ ਬਹੁਤ ਭਿਆਨਕ ਨਿਕਲਿਆ। ਮਾਰਚ ਸ਼ੁਰੂ ਹੁੰਦੇ ਹੀ ਰਾਵਲਪਿੰਡੀ ਡਵੀਜ਼ਨ ਵਿਚ ਫ਼ਸਾਦਾਂ ਦੀ ਸ਼ੁਰੂਆਤ ਹੋ ਗਈ ਅਤੇ ਨਾਲ ਹੀ 'ਲਾਹੌਰ' ਤੇ 'ਅੰਮ੍ਰਿਤਸਰ' ਵੀ ਇਸ ਦੀ ਲਪੇਟ ਵਿਚ ਆਉਣ ਤੋਂ ਬਚ ਨਾ ਸਕੇ। ਮਾਰਚ ਤੋਂ ਜੂਨ ਤੱਕ ਪੰਜਾਬ ਦੇ ਇਨ੍ਹਾਂ ਦੋਵਾਂ ਵੱਡੇ ਸ਼ਹਿਰਾਂ ਵਿਚ ਲੁੱਟ-ਮਾਰ, ਸਾੜਫੂਕ, ਛੁਰੇਬਾਜ਼ੀ ਅਤੇ ਦੇਸੀ ਬੰਬ ਚੱਲਣ ਦੀਆਂ ਘਟਨਾਵਾਂ ਦੀਆਂ ਖ਼ਬਰਾਂ ਰੋਜ਼ਾਨਾ ਅਖ਼ਬਾਰਾਂ ਵਿਚ ਛਪਣ ਲੱਗੀਆਂ। ਦੋਵੇਂ ਸ਼ਹਿਰਾਂ ਵਿਚ ਕਰਫਿਊ ਲਗਾਏ ਜਾਣ ਦੇ ਬਾਵਜੂਦ ਵੀ ਸਭ ਕੁਝ ਜਾਰੀ ਰਿਹਾ। ਸ਼ੁਰੂਆਤੀ ਹਿੰਸਾ ਦੇ ਇਸ ਦੌਰ ਵਿਚ ਲਾਹੌਰ ਵਿਚ ਹਜ਼ਾਰਾਂ ਦੁਕਾਨਾਂ ਅਤੇ ਮਕਾਨ ਸਾੜ ਦਿੱਤੇ ਗਏ। ਲਾਹੌਰ ਵਿਚ 22 ਜੂਨ (ਐਤਵਾਰ), 1947 ਵਾਲੀ ਸਵੇਰ ਨੂੰ ਸ਼ਾਹਆਲਮੀ ਦਰਵਾਜ਼ੇ ਅਤੇ ਰਿਹਾਇਸ਼ੀ ਇਲਾਕੇ ਵਿਚ ਅੱਗ ਲਗਾ ਦਿੱਤੀ ਗਈ। ਸ਼ਹਿਰ ਦਾ ਇਹ ਹਿੱਸਾ ਹਿੰਦੂ ਬਹੁਗਿਣਤੀ ਕਾਰੋਬਾਰੀ ਅਤੇ ਰਿਹਾਇਸ਼ੀ ਇਲਾਕਾ ਸੀ ਜੋ ਪੂਰੀ ਤਰ੍ਹਾਂ ਤਬਾਹ ਹੋ ਗਿਆ ਸੀ। ਇਸ ਘਟਨਾ ਤੋਂ ਬਾਅਦ ਹਿੰਦੂ ਸਿੱਖ ਅਬਾਦੀ ਨੇ ਵੱਡੇ ਪੱਧਰ 'ਤੇ ਲਾਹੌਰ ਤੋਂ ਪੂਰਬੀ ਪੰਜਾਬ ਵੱਲ ਹਿਜਰਤ ਸ਼ੁਰੂ ਕਰ ਦਿੱਤੀ। ਲਾਹੌਰ ਦੀ ਲਗਪਗ ਸੱਤ ਲੱਖ ਸ਼ਹਿਰੀ ਅਬਾਦੀ ਵਿਚੋਂ ਤਿੰਨ ਲੱਖ ਹਿੰਦੂ ਸਿੱਖ ਆਬਾਦੀ ਸੀ। ਅਗਸਤ ਦੇ ਦੂਜੇ ਹਫ਼ਤੇ ਤੱਕ ਇਸ ਵਿਚੋਂ ਸਿਰਫ਼ ਦਸ ਹਜ਼ਾਰ ਹਿੰਦੂ ਸਿੱਖ ਹੀ ਸ਼ਹਿਰ ਵਿਚ ਰਹਿ ਗਏ ਸਨ ਤੇ ਅਖੀਰਲੇ ਹਫ਼ਤੇ ਤੱਕ ਇਹ ਗਿਣਤੀ 1000 ਹੀ ਰਹਿ ਗਈ ਜੋ ਲਾਹੌਰ ਛੱਡ ਗਏ, ਉਹ ਇਸ ਆਸ ਵਿਚ ਸ਼ਹਿਰ ਛੱਡ ਗਏ ਸਨ ਕਿ ਮਾਹੌਲ ਠੀਕ ਹੋਣ ਤੋਂ ਬਾਅਦ ਉਹ ਵਾਪਸ ਆ ਜਾਣਗੇ। ਜਿਹੜੇ ਅਗਸਤ ਤੱਕ ਵੀ ਇੱਥੇ ਰਹੇ, ਉਹ ਇਸ ਆਸ ਨਾਲ ਰੁਕੇ ਰਹੇ ਕਿ 'ਲਾਹੌਰ' ਭਾਰਤ ਨੂੰ ਦਿੱਤਾ ਜਾਵੇਗਾ ਕਿਉਂਕਿ ਸ਼ਹਿਰ ਦੀ ਅਰਥ ਵਿਵਸਥਾ ਵਿਚ ਹਿੰਦੂ ਸਿੱਖ ਭਾਈਚਾਰੇ ਦਾ ਪੂਰਾ ਦਬਦਬਾ ਸੀ। ਲਾਹੌਰ ਦੀਆਂ ਸੱਤਰ ਤੋਂ ਅੱਸੀ ਫ਼ੀਸਦੀ ਦੁਕਾਨਾਂ, ਫ਼ੈਕਟਰੀਆਂ-ਕਾਰਖ਼ਾਨਿਆਂ ਅਤੇ ਹੋਰ ਕਾਰੋਬਾਰਾਂ ਦੇ ਮਾਲਕ ਹਿੰਦੂ ਸਿੱਖ ਸਨ। ਸ਼ਹਿਰ ਦੀ ਅੱਧੀ ਤੋਂ ਜ਼ਿਆਦਾ ਨਿੱਜੀ ਜਾਇਦਾਦ ਦੇ ਮਾਲਕ ਵੀ ਹਿੰਦੂ ਸਿੱਖ ਸਨ। ਦੂਜੇ ਪਾਸੇ ਅੰਮ੍ਰਿਤਸਰ ਦੀ ਤਕਰੀਬਨ ਚਾਰ ਲੱਖ ਅਬਾਦੀ ਵਿਚੋਂ ਦੋ ਲੱਖ ਮੁਸਲਮਾਨ ਸਨ। ਮਾਰਚ ਦੀ ਸ਼ੁਰੂਆਤ ਤੋਂ ਅਗਸਤ ਦੇ ਅੱਧ ਤੱਕ ਸ਼ਹਿਰ ਵਿਚ ਹੋਈ ਕਤਲੋਗਾਰਤ ਤੇ ਸਾੜ ਫੂਕ ਕਾਰਨ ਕਟੜਾ ਜੈਮਲ ਸਿੰਘ, ਕਟੜਾ ਮਹਾਂ ਸਿੰਘ ਅਤੇ ਹਾਲ ਬਾਜ਼ਾਰ ਪੂਰੀ ਤਰ੍ਹਾਂ ਤਬਾਹ ਹੋ ਗਏ ਸਨ। ਕਈ ਮੁਸਲਮਾਨਾਂ ਨੇ ਅੰਮ੍ਰਿਤਸਰ ਛੱਡ ਦਿੱਤਾ ਅਤੇ ਬਾਕੀ ਵੱਡੀ ਗਿਣਤੀ ਵਿਚ ਸ਼ਰੀਫਪੁਰਾ ਮੁਹੱਲੇ ਵਿਚ ਇਕੱਠੇ ਹੋਏ। ਇਹ ਇੱਥੇ ਇਸ ਆਸ ਵਿਚ ਅਗਸਤ ਤੱਕ ਬੈਠੇ ਰਹੇ ਕਿ ਅੰਮ੍ਰਿਤਸਰ ਪਾਕਿਸਤਾਨ ਦਾ ਹਿੱਸਾ ਬਣੇਗਾ। ਇਸ ਤਰ੍ਹਾਂ ਅਪ੍ਰੈਲ ਤੋਂ ਅਗਸਤ ਤੱਕ ਲਾਹੌਰ ਵਿਚ ਹਿੰਦੂ ਸਿੱਖ ਰਿਹਾਇਸ਼ੀ ਮੁਹੱਲੇ ਤੇ ਬਜ਼ਾਰ ਅਤੇ ਅੰਮ੍ਰਿਤਸਰ ਵਿਚ ਮੁਸਲਮਾਨਾਂ ਦੇ ਘਰ ਤੇ ਦੁਕਾਨਾਂ ਵੱਡੇ ਪੱਧਰ ਲੁੱਟੇ ਅਤੇ ਸਾੜੇ ਗਏ।

14 ਅਤੇ 15 ਅਗਸਤ, 1947 ਨੂੰ 'ਪਾਕਿਸਤਾਨ' ਅਤੇ 'ਭਾਰਤ' ਦੀ ਅਜ਼ਾਦੀ ਦਾ ਐਲਾਨ ਤਾਂ ਹੋ ਗਿਆ ਪਰ ਦੋਵਾਂ ਦੇਸ਼ਾਂ ਦੀ ਹੱਦ ਦਾ ਅਜੇ ਐਲਾਨ ਨਹੀਂ ਕੀਤਾ ਗਿਆ ਸੀ। ਲਾਹੌਰ ਤੇ ਅੰਮ੍ਰਿਤਸਰ ਸ਼ਹਿਰਾਂ ਵਿਚ ਦੋਵਾਂ ਦੇਸ਼ਾਂ ਦੇ ਨਾਅਰਿਆਂ ਤੋਂ ਬਿਨਾਂ ਹੋਰ ਧਾਰਮਿਕ ਨਾਅਰੇ ਵੀ ਲਗਦੇ ਰਹੇ, ਕਤਲੇਆਮ, ਸਾੜ-ਫੂਕ ਅਤੇ ਹਿਜਰਤ ਜਾਰੀ ਰਹੀ। 17 ਅਗਸਤ, 1947 ਨੂੰ ਆਖਰ ਉਹ ਦਿਨ ਆਇਆ ਜਦੋਂ ਇਨ੍ਹਾਂ ਦੋਨਾਂ ਸ਼ਹਿਰਾਂ ਦੀ ਕਿਸਮਤ ਦਾ ਫੈਸਲਾ ਵੀ ਹੋ ਗਿਆ। ਲਾਹੌਰ ਪਾਕਿਸਤਾਨ ਨੂੰ ਦੇ ਦਿੱਤਾ ਗਿਆ ਅਤੇ ਅੰਮ੍ਰਿਤਸਰ ਭਾਰਤ ਦੇ ਹਿੱਸੇ ਆਇਆ। ਲਾਹੌਰ ਵਿਚ ਬਾਕੀ ਬਚੇ ਹਿੰਦੂ ਸਿੱਖਾਂ ਨੇ ਲਾਹੌਰ ਅਤੇ ਮੁਸਲਮਾਨਾਂ ਨੇ ਅੰਮ੍ਰਿਤਸਰ ਛੱਡ ਦਿੱਤਾ। 'ਲਾਹੌਰ' ਨੇ ਆਪਣੇ ਅਮੀਰ ਤਹਿਜ਼ੀਬ ਯਾਫਤਾ ਸ਼ਹਿਰੀ ਹਿੰਦੂ-ਸਿੱਖ ਅਤੇ ਅੰਮ੍ਰਿਤਸਰ ਨੇ ਆਪਣੇ ਬਿਹਤਰੀਨ ਸ਼ਹਿਰੀ ਮੁਸਲਮਾਨ ਕਾਰੀਗਰ ਸਦਾ ਲਈ ਗਵਾ ਲਏ। ਦੋਵਾਂ ਸ਼ਹਿਰਾਂ ਵਿਚਕਾਰ ਖਿੱਚੀ ਗਈ ਲਕੀਰ ਨੇ ਦੋਵੇਂ ਸ਼ਹਿਰ ਵੱਖ ਕਰ ਦਿੱਤੇ। ਵੰਡ ਤੋਂ ਬਾਅਦ ਲਾਹੌਰ ਨੇ ਤਾਂ ਅੰਮ੍ਰਿਤਸਰ ਤੋਂ ਆਉਣ ਵਾਲੇ ਤਕਰੀਬਨ ਸਾਰੇ ਮੁਸਲਮਾਨਾਂ ਨੂੰ ਸੰਭਾਲ ਲਿਆ ਪਰ ਅੰਮ੍ਰਿਤਸਰ ਸਾਰੇ ਲਾਹੌਰੀਆਂ ਨੂੰ ਸਾਂਭ ਨਾ ਸਕਿਆ ਕਿਉਂਕਿ ਲਾਹੌਰ ਨਾਲੋਂ ਇਹ ਛੋਟਾ ਸ਼ਹਿਰ ਸੀ ਅਤੇ ਸ਼ਰਨਾਰਥੀਆਂ ਨਾਲ ਪੂਰੀ ਤਰ੍ਹਾਂ ਭਰ ਗਿਆ ਸੀ। ਇਸ ਤਰ੍ਹਾਂ ਲਾਹੌਰ ਛੱਡਣ ਵਾਲੇ ਸ਼ਹਿਰੀ ਲਾਹੌਰੀਏ ਥੋੜ੍ਹੀ ਗਿਣਤੀ 'ਚ ਹੀ ਅੰਮ੍ਰਿਤਸਰ ਅਤੇ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਵਸਾਏ ਗਏ। ਲਾਹੌਰ ਜਿਹਾ ਕੋਈ ਹੋਰ ਵੱਡਾ ਅਤੇ ਵਿਕਸਿਤ ਸ਼ਹਿਰ ਪੂਰਬੀ ਪੰਜਾਬ ਵਿਚ ਨਾ ਹੋਣ ਦੀ ਸੂਰਤ ਵਿਚ ਇਹ ਲਾਹੌਰੋਂ ਆਏ ਸ਼ਹਿਰੀ ਵੱਡੀ ਗਿਣਤੀ ਵਿਚ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿਚ ਚਲੇ ਗਏ। ਲਾਹੌਰ ਅੱਜ ਪਾਕਿਸਤਾਨ ਦਾ ਦੂਜਾ ਵੱਡਾ ਸ਼ਹਿਰ ਹੈ ਅਤੇ ਅੰਮ੍ਰਿਤਸਰ ਹੁਣ ਦੇ ਭਾਰਤੀ ਪੰਜਾਬ ਦਾ ਦੂਜਾ ਵੱਡਾ ਸ਼ਹਿਰ ਹੈ। ਲਾਹੌਰ ਨੇ ਬਹੁਤ ਤਰੱਕੀ ਕੀਤੀ ਪਰ ਅੰਮ੍ਰਿਤਸਰ ਨੇ ਪਹਿਲਾਂ ਸੰਤਾਲੀ ਦੀ ਵੰਡ ਵੇਲੇ ਉਹ ਕਾਰੀਗਰ ਗਵਾਏ ਜਿਨ੍ਹਾਂ ਦਾ ਘਾਟਾ ਕਦੇ ਪੂਰਾ ਨਾ ਹੋ ਸਕਿਆ। ਉਸ ਤੋਂ ਬਾਅਦ ਭਾਰਤ-ਪਾਕਿ ਜੰਗਾਂ ਦੌਰਾਨ ਇੱਥੋਂ ਸਨਅਤ ਅਤੇ ਕਾਰੋਬਾਰ ਨੂੰ ਫੇਰ ਤਬਾਹੀ ਦਾ ਸਾਹਮਣਾ ਕਰਨਾ ਪਿਆ। ਅੱਸੀਵਿਆਂ ਦੇ ਦੌਰ ਵਿਚ ਜਦੋਂ ਪੰਜਾਬ ਦੇ ਹਾਲਾਤ ਖ਼ਰਾਬ ਹੋਏ ਤਾਂ ਉਦੋਂ ਵੀ ਇਸ ਸ਼ਹਿਰ ਨੇ ਆਪਣੀ ਆਬਾਦੀ ਬਹੁਤੀ ਗਵਾ ਲਈ। ਨਤੀਜਾ ਇਹ ਹੋਇਆ ਕਿ ਸਾਲ 1991 ਵਿਚ ਅੰਮ੍ਰਿਤਸਰ ਦੀ ਅਬਾਦੀ ਦਸ ਲੱਖ ਤੋਂ ਵੀ ਘੱਟ ਸੀ ਜਦੋਂਕਿ ਲਾਹੌਰ 70 ਲੱਖ ਦੀ ਅਬਾਦੀ ਤੱਕ ਪਹੁੰਚ ਗਿਆ।

ਅਕਸਰ ਹੀ ਜ਼ਿਹਨ ਵਿਚ ਇਹ ਸਵਾਲ ਆਉਂਦਾ ਹੈ ਕਿ ਜੇ ਇਹ ਦੋਵੇਂ ਸ਼ਹਿਰ ਕਦੇ ਵੱਖ ਨਾ ਹੁੰਦੇ, ਤਾਂ ਇਹ ਕਿਹੋ ਜਿਹੇ ਹੁੰਦੇ? ਸ਼ਾਇਦ ਅੱਜ ਦੋਵੇਂ ਸ਼ਹਿਰ ਬਹੁਤ ਜ਼ਿਆਦਾ ਵਧ ਕੇ ਇਕ ਦੂਜੇ ਨਾਲ ਮਿਲ ਕੇ ਸੌ ਕਿਲੋਮੀਟਰ ਤੋਂ ਵੀ ਵੱਧ ਦੇ ਦਾਇਰੇ ਵਿਚ ਫੈਲ ਗਏ ਹੁੰਦੇ ਅਤੇ ਭਾਰਤੀ ਉਪ-ਮਹਾਂਦੀਪ ਦੇ ਵੱਡੇ ਮਹਾਂਨਗਰਾਂ ਦੀ ਗਿਣਤੀ ਵਿਚ ਆਉਂਦੇ। ਪਨਗਰ ਬਣ ਗਿਆ ਹੁੰਦਾ, ਜਿਵੇਂ ਕਿ ਉਨ੍ਹਾਂ ਨੂੰ ਇਸ ਦੀ ਆਸ ਸੀ। ਲਾਹੌਰ ਦੀ ਪੰਜਾਬੀ ਫ਼ਿਲਮ ਸਨਅਤ ਜੋ ਵੰਡ ਵੇਲੇ ਤਬਾਹ ਹੋ ਗਈ ਸੀ, ਸ਼ਾਇਦ ਅੱਜ ਆਪਣੇ ਸਿਖ਼ਰ 'ਤੇ ਹੁੰਦੀ। ਦੋਵਾਂ ਸ਼ਹਿਰਾਂ ਵਿਚਕਾਰ ਪਹਿਲਾਂ ਵਾਂਗ ਹੀ ਆਮ ਆਉਣ ਜਾਣ ਹੁੰਦਾ ਤਾਂ ਅੱਜ ਵੀ ਲਾਹੌਰੀਆਂ ਅਤੇ ਅੰਮ੍ਰਿਤਸਰੀਆਂ ਦੀਆਂ ਆਪਸ ਵਿਚ ਗੂੜ੍ਹੀਆਂ ਯਾਰੀਆਂ ਅਤੇ ਰਿਸ਼ਤੇਦਾਰੀਆਂ ਹੁੰਦੀਆਂ। ਵੱਡੀ ਗੱਲ ਇਹ ਕਿ ਜੇ ਦੋਵੇਂ ਸ਼ਹਿਰ ਇਕੱਠੇ ਹੁੰਦੇ ਤਾਂ ਅੱਜ ਚੰਡੀਗੜ੍ਹ ਦਾ ਕੋਈ ਵਜੂਦ ਨਾ ਹੁੰਦਾ। ਪਰ ਅਜਿਹਾ ਹੋ ਨਾ ਸਕਿਆ, ਸਮੇਂ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਕੀ ਭਵਿੱਖ ਵਿਚ ਇਨ੍ਹਾਂ ਦੋਵਾਂ ਸ਼ਹਿਰਾਂ ਦਾ ਆਪਸ ਵਿਚ ਕਦੇ ਮਿਲਣਾ ਮੁਮਕਿਨ ਹੈ ਜਾਂ ਨਹੀਂ? ਇਸ ਦਾ ਜਵਾਬ ਵੀ ਆਉਣ ਵਾਲਾ ਸਮਾਂ ਹੀ ਦੱਸ ਸਕੇਗਾ।

***

## ਪੰਜਾਬ ਦੇ ਲੋਕ ਗੀਤਾਂ ਵਿਚ

ਜਦੋਂ ਕਿ 'ਮਾਹੀਏ' ਦੇ ਟੱਪਿਆਂ ਵਿਚ ਸੰਜੋਗ ਦੀ ਗੱਲ ਛੋਹੀ ਗਈ ਹੁੰਦੀ ਹੈ :

-ਗਲ ਕਰਕੇ ਕੀ ਲੈਣਾ ਏ,<br>
ਦੁਨੀਆ ਤੋਂ ਡਰ ਚੰਨ ਵੇ,<br>
ਅਸਾਂ ਦੁਨੀਆ 'ਚ ਰਹਿਣਾ ਏ।

ਸੁਹਾਗ, ਘੋੜੀਆਂ, ਸਿੱਖਿਆ ਅਤੇ ਸਿਹਰਾ ਆਦਿ ਲੋਕ-ਕਾਵਿ ਵੰਨਗੀਆਂ ਵਿਚ 'ਚੰਨ' ਸ਼ਬਦ ਦੀ ਵਰਤੋਂ ਹੋਈ ਮਿਲਦੀ ਹੈ ਪਰੰਤੂ ਇਨ੍ਹਾਂ ਕਾਵਿ ਰੂਪਾਂ ਨੂੰ 'ਚੰਨ' ਦਾ ਨਾਂ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਇਹ ਚਾਰੇ ਲੰਮੇ ਗੌਣ ਹਨ, ਟੱਪੇ ਨਹੀਂ। ਇਨ੍ਹਾਂ ਵੰਨਗੀਆਂ ਦੇ ਪਾਠਾਂ ਵਿਚ 'ਚੰਨ' ਸ਼ਬਦ ਚੰਦਰਮਾ ਦੇ ਸੁਹੱਪਣ, ਚਮਕ ਅਤੇ ਠੰਢ ਵਰਤਾਉਣ ਵਾਲੇ ਸੁਭਾਅ ਨੂੰ ਮਾਨਵੀ ਕਿਰਦਾਰ ਦੇ ਨਾਲ ਮੇਲ ਕੇ ਵਰਤਿਆ ਗਿਆ ਹੈ, ਮਾਹੀ ਦੇ ਵਿਛੋੜੇ ਦੇ ਹੇਰਵੇ, ਮਿਲਾਪ ਦੀ ਤਾਂਘ ਜਾਂ ਸੰਜੋਗੀ ਅਵਸਥਾ ਦੇ ਚਿਤਰਨ ਵਜੋਂ ਨਹੀਂ। ਨਿਮਨ ਲਿਖਤ ਸੁਹਾਗ ਵਿਚ ਲੜਕੀ ਆਪਣੇ ਮਾਪਿਆਂ ਵਲੋਂ ਪੁੱਛਣ 'ਤੇ ਕਿ ਉਹ ਕਿਹੋ ਜਿਹਾ ਵਰ ਚਾਹੁੰਦੀ ਹੈ, ਇਹ ਅਰਜ਼ੋਈ ਕਰਦੀ ਹੈ ਕਿ ਉਸ ਲਈ ਚੁਣਿਆ ਜਾਣ ਵਾਲਾ ਵਰ 'ਚੰਨ' (ਚੰਦਰਮਾ) ਵਰਗਾ ਸੁਹਣਾ ਤੇ ਠੰਢੇ ਸੁਭਾਅ ਦਾ ਮਾਲਕ ਹੋਣਾ ਚਾਹੀਦਾ ਹੈ :

– ਨੀ ਧੀਏ ਕਿਹੋ ਜਿਹਾ ਵਰ ਲੋੜੀਏ?<br>
ਬਾਬਲ ਜਿਉਂ ਤਾਰਿਆਂ ਵਿਚੋਂ ਚੰਨ,<br>
ਚੰਨਾਂ ਵਿਚੋਂ ਕਾਨ੍ਹ, ਕਨ੍ਹਈਆ ਵਰ ਲੋੜੀਏ।<br>
ਜੀ ਬਾਬਲ ਇਹੋ ਜਿਹਾ ਵਰ ਲੋੜੀਏ।

'ਸਿੱਖਿਆ' ਕਾਵਿ ਦੀਆਂ ਪੰਕਤੀਆਂ ਵਿਚ ਲਾਵਾਂ/ਫੇਰੇ ਲੈ ਚੁੱਕੀ ਲਾੜੀ ਨੂੰ ਅਸੀਸ ਦਿੱਤੀ ਜਾਂਦੀ ਹੈ ਕਿ ਸਾਰੀ ਉਮਰ ਉਸ ਦੀ ਕਿਸਮਤ ਦਾ ਸਿਤਾਰਾ ਚੰਦਰਮਾ ਵਾਂਗ ਰੌਸ਼ਨ ਰਹੇ :

-ਸਦਾ ਮਹਿਕ ਗ੍ਰਹਿਸਤ ਦੇ ਬਾਗ ਅੰਦਰ,<br>
ਜੁਗ ਜੁਗ ਜੀਂਦਾ ਰਹੇ ਸੁਹਾਗ ਤੇਰਾ।<br>
ਤੇਰੇ ਜੀਵਨ ਦੇ ਚਾਨਣੀ ਪੈਰ ਧੋਵੇ,<br>
ਅਤੇ ਚੰਨ ਵਾਂਗੂੰ ਚਮਕੇ ਭਾਗ ਤੇਰਾ।

'ਸਿਹਰਾ' ਕਾਵਿ ਦੇ ਇਕ ਨਮੂਨੇ ਦੇ ਨਿਮਨ ਦਰਜ ਬੰਦ ਵਿਚ 'ਚੰਨ' ਸ਼ਬਦ ਲਾੜੇ ਦੀ ਉਪਮਾ ਲਈ ਇਸਤੇਮਾਲ ਕੀਤਾ ਗਿਆ ਹੈ :

-ਇਹ ਕੁਝ ਕੀਤਾ ਇਕੱਠਾ ਤੇ ਬਹਿ ਗਿਆ ਮੈਂ,<br>
ਸੋਹਣੇ ਚੰਨ ਦਾ ਸਿਹਰਾ ਬਨਾਵਣੇ ਨੂੰ।

ਜਿਵੇਂ ਕਿ ਪਹਿਲਾਂ ਸੰਕੇਤ ਕੀਤਾ ਜਾ ਚੁੱਕਾ ਹੈ ਕਿ ਲੋਕ-ਕਾਵਿ ਦੀ 'ਚੰਨ' ਵੰਨਗੀ ਵਰਤਮਾਨ ਭਾਰਤੀ ਪੰਜਾਬ ਵਿਚ ਬਹੁਤੀ ਪ੍ਰਚੱਲਿਤ ਨਹੀਂ ਪਰੰਤੂ ਟੱਪਿਆਂ, ਬੋਲੀਆਂ ਅਤੇ ਢੋਲਿਆਂ ਵਿਚ ਅਕਾਸ਼ੀ-ਚੰਨ ਦਾ ਅਕਸਰ ਜ਼ਿਕਰ ਆਉਂਦਾ ਰਹਿੰਦਾ ਹੈ। ਅਮੀਰਜ਼ਾਦਿਆਂ ਅਤੇ ਸ਼ਾਸਕ ਧਿਰਾਂ ਦੀ ਥਾਂ ਸਧਾਰਨ ਲੋਕਾਈ ਦੇ ਜੀਵੰਤ-ਇਤਿਹਾਸ ਨੂੰ ਪੇਸ਼ ਕਰਨ ਵਾਲੀ ਵਿਛੋੜੇ ਦੇ ਗੀਤਾਂ ਦੀ ਇਹ ਵੰਨਗੀ ਕੇਵਲ ਲੋਕ-ਕਾਵਿ ਦੇ ਸੰਕਲਿਤ ਪਰਾਗਿਆਂ ਤਕ ਸਿਮਟ ਗਈ ਹੈ। ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਗੀਤਾਂ ਦਾ ਵਿਸ਼ਾ ਵਿਸ਼ਵ-ਵਿਆਪੀ ਹੈ ਤੇ ਇਸ ਨੂੰ ਜਿਸ ਤਰੀਕੇ ਨਾਲ ਚੰਨ ਵਿਚ ਪੇਸ਼ ਕੀਤਾ ਗਿਆ ਹੈ, ਉਹ ਭਾਰਤ ਸਮੇਤ ਸੰਸਾਰ ਦੇ ਲੋਕ ਸਾਹਿਤ ਵਿਚੋਂ ਉਜਾਗਰ ਹੁੰਦਾ ਹੈ। ਬਿਨਾਂ ਕਿਸੇ ਸਾਜ਼ ਦੀ ਵਰਤੋਂ ਦੇ ਬਾਵਜੂਦ ਪੰਜਾਬੀ ਸਭਿਆਚਾਰ ਦੇ ਪ੍ਰਗਟਾ ਦਾ ਇਕ ਮਾਧਿਅਮ ਬਣਨ ਵਾਲੇ ਇਸ ਲੋਕਧਾਰਾਈ ਗੀਤ-ਰੂਪ ਵਿਚ ਸੰਗੀਤ ਦਾ ਦਬਦਬਾ ਹੈ। ਵਿਰਲਾਪੀ-ਸ਼ੈਲੀ ਵਿਚ ਸਵੈ-ਅਕਸ ਨੂੰ ਪ੍ਰਗਟ ਕਰਨ ਵਾਲੇ ਚੰਨ ਦੇ ਪਾਠਗਤ ਨਮੂਨੇ ਸਭਿਆਚਾਰ ਦੇ ਵਾਹਕ ਹੀ ਨਹੀਂ ਹਨ ਸਗੋਂ ਇਨ੍ਹਾਂ ਵਿਚੋਂ ਜੀਵਨ-ਯਥਾਰਥ ਨਾਲ ਜੁੜੀ ਡੂੰਘੀ ਸੂਝ ਦਾ ਪ੍ਰਗਟਾਵਾ ਵੀ ਹੁੰਦਾ ਹੈ।

***

## ਦਲਿਤ ਸਰੋਕਾਰਾਂ ਨਾਲ

ਇਸ ਨਾਵਲ ਵਿੱਚ ਪਾਤਰ ਉਸਾਰੀ ਇਸ ਤੋਂ ਉਲਟ ਰੂਪ ਵਿੱਚ ਕੀਤੀ ਗਈ ਹੈ ਜੋ ਠੋਸ ਪ੍ਰਭਾਵ ਨਹੀਂ ਪਾ ਰਹੀ। ਇਹ ਇਸ ਨਾਵਲ ਦਾ ਹਾਸਲ ਵੀ ਹੈ ਅਤੇ ਅਪਵਾਦ ਵੀ। ਨਾਵਲ ਦਾ ਕਥਾਨਕ ਅਤੇ ਤਾਣਾ-ਪੇਟਾ ਚੰਗੀ ਤਰ੍ਹਾਂ ਬੁਣਿਆ ਹੋਣ ਕਰਕੇ ਇਹ ਰੋਚਕ ਅਤੇ ਦਿਲਚਸਪ ਹੈ, ਪਰ ਭਾਸ਼ਾ ਦੀ ਵਰਤੋਂ ਪੱਖੋਂ ਲੇਖਕ ਨੇ ਕੁਝ ਅਣਗਹਿਲੀ ਵਰਤੀ ਹੈ। ਇਹ ਠੀਕ ਹੈ ਕਿ ਪਾਤਰਾਂ ਦੀ ਭਾਸ਼ਾ ਉਨ੍ਹਾਂ ਦੇ ਅਨੁਸਾਰ ਹੀ ਬਿਆਨੀ ਜਾਣੀ ਚਾਹੀਦੀ ਹੈ, ਪਰ ਲਿਖਣ ਸਮੇਂ ਉਸ ਨੂੰ ਭਾਸ਼ਾਈ ਮਿਆਰ ਤੋਂ ਹੇਠਾਂ ਜਾ ਕੇ ਉਕਾਈਆਂ ਦੇ ਵੱਸ ਪਾ ਦੇਣਾ ਦਰੁਸਤ ਨਹੀਂ ਕਿਹਾ ਜਾ ਸਕਦਾ। ਇਨ੍ਹਾਂ ਕੁਝ ਉਕਾਈਆਂ ਦੇ ਬਾਵਜੂਦ ਇਹ ਨਾਵਲ ਸਾਡੇ ਸਮਾਜ ਵਿੱਚ ਪਾਏ ਜਾਂਦੇ ਜਾਤੀਗਤ ਵਿਤਕਰਿਆਂ ਅਤੇ ਨਫ਼ਰਤ ਨੂੰ ਸਮਾਜਿਕ ਅਤੇ ਵਿੱਦਿਅਕ ਚੇਤਨਾ ਰਾਹੀਂ ਦੂਰ ਕਰਨ ਦਾ ਸੰਦੇਸ਼ ਦੇਣ ਵਿੱਚ ਸਫਲ ਰਿਹਾ ਹੈ।

***

## ਜਿਊਣ ਜੋਗੇ

ਮਜ਼ਦੂਰਾਂ ਨੇ ਕੁਹਾੜੇ ਸੂਤ ਲਏ ਨੇ ਆਪਣੀਆਂ ਤਲੀਆਂ 'ਤੇ ਥੁੱਕਦਾ ਵੱਟ ਖਾ ਕੇ ਕਰਤਾਰਾ ਨਿੰਮ 'ਤੇ ਵਾਰ ਤੇ ਵਾਰ ਕਰੀ ਜਾ ਰਿਹਾ ਏ, ਅੰਨ੍ਹਾ ਜ਼ੋਰ ਆ ਗਿਆ ਏ ਉਹਦੇ 'ਚ ਫ਼ਿੰਜੜ ਫ਼ਿੰਜੜ ਨਿੰਮ ਟੁੱਕੀ ਜਾ ਰਹੀ ਏ। ਮਜ਼ੂਰ ਛੁੱਟੀ ਕਰ ਕੇ ਚਲੇ ਗਏ ਨੇ ਨਿੱਕੇ ਅੰਞਾਣੇ ਵੱਢੀ ਹੋਈ ਨਿੰਮ ਵੱਲ ਵੇਖ ਚੁੱਪ ਜਿਹੇ ਹੋ ਗਏ ਨੇ, ਫਿਰ ਨਿੱਕੇ ਨਿੱਕੇ ਨਿੰਮ ਦੇ ਬੂਟੇ ਜੋ ਨਿੰਮ ਥੱਲੇ ਆਪੇ ਉੱਗ ਪਏ ਸਨ, ਗਚਣ ਲੱਗ ਪਏ ਨੇ। 'ਬੀਬੀ, ਆਹ ਵੇਖ ਨਿੰਮ ਦੇ ਬੂਟੇ ਕਿੱਥੇ ਲਾਈਏ?' ਪ੍ਰੀਤੂ ਮਾਂ ਕੋਲੋਂ ਪੁੱਛ ਰਿਹਾ ਏ। 'ਹਾਅ, ਹਾਏ ਆਪਣਾ ਤਾਂ ਵਿਹੜਾ ਈ ਹੈ ਨਹੀਂ।' ਪ੍ਰੀਤੂ ਇਹ ਸੋਚ ਕੇ ਹੈਰਾਨ ਜਿਹਾ ਰਹਿ ਗਿਆ ਏ।

ਅਮਰੂ ਦੀ ਬੁੜ੍ਹੀ ਆਪਣੇ ਘਰ ਦੇ ਉਤਲੇ ਮਲਬੇ 'ਤੇ ਬੈਠੀ ਵੈਣ ਪਾ ਰਹੀ ਏ ਪਰ੍ਹਾਂ ਕੁੱਤਾ ਰੋ ਰਿਹਾ ਏ।

ਇੱਕ ਕੁੱਤੀ ਦੇ ਕਤੂਰੇ ਮਲਬੇ ਹੇਠ ਦੱਬ ਕੇ ਮਰ ਗਏ ਹਨ। ਹੁਣ ਤਾਂ ਕੁੱਤੇ ਉਨ੍ਹਾਂ ਨੂੰ ਧੂਹੀ ਫਿਰਦੇ ਹਨ, ਅਸਮਾਨ 'ਚ ਗਿਰਝਾਂ ਫਿਰ ਰਹੀਆਂ ਹਨ, ਇੱਕ ਚੂਹਾ ਟੱਪ ਕੇ ਮਲਬੇ ਹੇਠ ਛੁਪ ਗਿਆ ਏ।

ਗਹਿਲੂ ਦੀ ਦਾਦੀ ਵੀ ਅਮਰੂ ਦੀ ਬੁੜ੍ਹੀ ਕੋਲ ਆ ਬੈਠੀ ਏ। ਦੋਵੇਂ ਸਲਾਰੀਆਂ ਨਾਲ ਮੱਥੇ ਢੱਕੀ ਰੋਣੀ ਜਿਹੀ ਆਵਾਜ਼ ਵਿਚ ਕੁਝ ਬੁੜ ਬੁੜ ਕਰੀ ਜਾ ਰਹੀਆਂ ਨੇ। ਰਾਤ ਖਵਰੇ ਕਿਸੇ ਪੱਕੀ ਖਾਧੀ ਵੀ ਨਹੀਂ, ਤੀਵੀਆਂ ਅੰਞਾਣੇ ਸਭ ਆਪੋ ਆਪਣੇ ਘਰਾਂ ਦੇ ਮਲਬਿਆਂ 'ਚੋਂ ਕੁਝ ਲੱਭ ਰਹੇ ਹਨ। ਕੋਈ ਨਿੱਕੀ ਜਿਹੀ ਚੀਜ਼ ਲੱਭਣ 'ਤੇ ਵੀ ਅੰਞਾਣੇ ਭੱਜ ਕੇ ਮਾਵਾਂ ਕੋਲ ਪਹੁੰਚ ਕੇ ਖ਼ੁਸ਼ੀ ਖ਼ੁਸ਼ੀ ਉਹ ਚੀਜ਼ ਵਿਖਾਉਂਦੇ ਹਨ।

ਰਾਤੋ ਰਾਤ ਪਿੰਡ ਦੀ ਫ਼ਿਰਨੀ ਦੁਆਲੇ ਟੈਂਟ ਉੱਗ ਆਏ ਹਨ ਟੁੱਟੇ ਭੱਜੇ ਹਾਰਿਆਂ ਨੂੰ ਜੋੜ, ਗੋਹੇ ਧੁਆਂਖ ਤੀਵੀਆਂ ਨੇ ਵਲਟੋਹੀਆਂ 'ਚ ਦਾਲਾਂ ਰੱਖ ਦਿੱਤੀਆਂ ਹਨ, ਕੋਲ ਬੈਠੇ ਉਦਾਸ ਮਰਦ ਬਾਟੀਆਂ 'ਚ ਗਰਮ ਗਰਮ ਚਾਹ ਸੁੜ੍ਹਕ ਰਹੇ ਹਨ।

ਅੰਞਾਣਿਆਂ ਨੇ ਇੱਕ ਅਵਾਰਾ ਖੋਤਾ ਫੜ੍ਹ ਲਿਆਂਦਾ ਏ, ਉਹਦੀ ਪੂਛ ਨਾਲ ਇੱਕ ਟੁੱਟਾ ਹੋਇਆ ਪੀਪਾ ਬੰਨ੍ਹ ਦਿੱਤਾ ਏ।

ਪਿੰਡ ਦੇ ਕੁਝ ਲੋਕ ਹਸਪਤਾਲ ਗਹਿਲੂ ਦਾ ਪਤਾ ਲੈਣ ਗਏ ਸਨ, ਹੁਣੇ ਮੁੜੇ ਹਨ, ਚੁੱਪ ਅਤੇ ਉਦਾਸ ਹਨ।

'ਦੇਖ ਲਓ ਕਈ ਦਿਨਾਂ ਤੋਂ ਕੁੱਤੇ ਰੋਂਦੇ ਸਨ, ਸਾਧ ਦੀ ਟਿੱਬੀ 'ਤੇ।' ਅੰਬੋ, ਕਾਰੋ, ਬੀਬੋ ਤੇ ਬੰਤੀ ਮਲਬੇ 'ਤੇ ਬੈਠੀਆਂ ਹਉਕੇ ਜਿਹੇ ਭਰਦੀਆਂ ਆਪੋ 'ਚ ਗੱਲਾਂ ਕਰ ਰਹੀਆਂ ਹਨ।

''ਇੱਕ ਦਿਨ ਮੈਂ ਅੱਧੀ ਰਾਤ ਜਾਗੀ। ਫਰਵਾਹੀ 'ਤੇ ਉੱਲੂ ਪਿਆ ਬੋਲੇ।'

'ਇਹ ਸ਼ੈਆਂ ਤਾਂ ਉਜਾੜ ਭਲਾਦੀਆਂ ਨੇ ਭਾਈ।'

ਜੀਤੋ ਤੇ ਰਾਣੋ ਕਿਤੋਂ ਬਿੱਲੀ ਦੇ ਬਲੂੰਗੜੇ ਲੈ ਆਈਆਂ ਹਾਲੀਂ ਅੱਖਾਂ ਵੀ ਨਹੀਂ ਖੋਹਲੀਆਂ ਉਨ੍ਹਾਂ।

'ਲਉ ਆਹ ਕਿੱਥੋਂ ਲੈ ਆਈਆਂ।'

'ਇਨ੍ਹਾਂ ਦੀ ਮਾਂ ਮਰ ਗਈ ਏ ਵਿਚਾਰੀ।'

'ਹਾਇਆ! ਮੈਂ ਮਰ ਗਈ।' ਭੰਤੀ ਦਾ ਮੂੰਹ ਤਰਸ ਨਾਲ ਮੋਮ ਹੋ ਗਿਆ ਏ। ਰਾਣੋ ਆਪਣੀ ਮਾਂ ਕੋਲੋਂ ਕੌਲੀ 'ਚ ਦੁੱਧ ਪੁਆ ਕੇ ਲਿਆਈ ਏ, ਹੁਣ ਰੂੰਅ ਦੇ ਫੰਭੇ ਨਾਲ ਬਲੂੰਗੜਿਆਂ ਦੇ ਮੂੰਹ 'ਚ ਦੁੱਧ ਚੋਅ ਰਹੀ ਏ। ਮੁੰਡੇ ਖੋਤੇ ਨੂੰ ਸੋਟੀ ਮਾਰ ਮਾਰ ਦੌੜਾਅ ਰਹੇ ਨੇ, ਪੀਪਾ ਖੜ ਖੜ ਵੱਜ ਰਿਹਾ ਏ, ਮੁੰਡੇ ਹਿੜ ਹਿੜ ਹੱਸ ਰਹੇ ਨੇ।

'ਨੀਂ ਵੇਖ ਜਿਵੇਂ ਵਿਆਹ ਰਚਿਆ ਹੋਵੇ।'

'ਨੀ ਆਹੋ ਦੇਖ ਤਾਂ ਸਾਡੇ ਆਲਾ ਕਾਲੂ ਕਿਵੇਂ ਭੱਜਾ ਫ਼ਿਰਦਾ।'

'ਪਰਸੋਂ ਦੇ ਸਕੂਲ ਕਿਹੜਾ ਗਏ ਨੇ।'

'ਹੇ ਅਹੁ ਵੇਖੋ ਕਾਲੂ ਖੋਤੇ 'ਤੇ ਚੜ੍ਹ ਬੈਠਾ ਜੇ।'

'ਨੀ ਪੂਛਲ ਵੱਲ ਮੂੰਹ ਕਰਕੇ।'

'ਫਿੱਟੇ ਮੂੰਹ ਤਵ੍ਹਾਡਾ!' ਸਾਰੀਆਂ ਠਾਹ ਠਾਹ ਹੱਸ ਪਈਆਂ ਨੇ,

'ਵੇ ਮੂੰਹ ਵੀ ਕਾਲਾ ਕਰ ਦਿਓ ਵੇ ਇਹਦਾ।' ਅੰਬੋ ਨੇ ਉੱਚੀ ਦੇਣੀ ਕਿਹਾ ਏ।

ਚਾਹ ਪੀਂਦੇ ਬੰਦਿਆਂ ਦੇ ਹੱਥੋਂ ਚਾਹ ਵਾਲੀਆਂ ਬਾਟੀਆਂ ਛੁਟਕ ਗਈਆਂ ਨੇ, ਤੀਵੀਆਂ ਹੱਸ ਹੱਸ ਦੂਹਰੀਆਂ ਹੋ ਰਹੀਆਂ ਨੇ ਹੋਅ ਹੱਲਾ ਕਰਦੇ, ਹੱਸਦੇ ਭੁੜਕਦੇ, ਤਾੜੀਆਂ ਮਾਰਦੇ ਮੁੰਡੇ ਖੋਤੇ ਦੇ ਮਗਰ ਹੋ ਲਏ ਨੇ।

## ਅਜੋਕਾ ਸਿੱਖ ਚਿੰਤਨ,

ਮਜ਼ਲੂਮ ਦਲਿਤ ਜਨਤਾ ਐਨੀ ਕੁ ਮਾਸੂਮ ਹੈ ਕਿ ਭਾਰਤੀ ਹਾਕਮਾਂ ਲਈ ਮਹਿਜ਼ ਅਵੇਸਲੇ ਹੋ ਜਾਣਾ ਹੀ ਕਾਫੀ ਹੈ। ਇਨ੍ਹਾਂ ਕਾਰਨਾਂ ਕਰਕੇ ਸਿੰਘ ਸਭਾ ਤੋਂ ਬਾਅਦ ਸਿੱਖਾਂ ਅੰਦਰ ਕੁੱਝ ਕੁ ਵਿਦਵਾਨ ਤਾਂ ਪੈਦਾ ਹੋਏ ਪਰ ਸਿੰਘ ਸਭਾ ਵਾਂਗ ਪੂਰੀ ਦੀ ਪੂਰੀ ਲਹਿਰ ਕਦੇ ਸਾਹਮਣੇ ਨਹੀਂ ਆਈ। ਅਜਿਹੀ ਕਿਸੇ ਲਹਿਰ ਦੀ ਅਣਹੋਂਦ ਸਦਕਾ, ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਵਰਗੇ ਵਿਦਵਾਨਾਂ ਦੇ ਹੁੰਦਿਆਂ ਵੀ ਸਿੰਘ ਸਭਾ ਦੀ ਸਥਾਪਿਤ ਕੀਤੀ ਵਿਆਖਿਆ ਪ੍ਰਣਾਲੀ ਦਾ ਕੋਈ ਬਦਲ ਸਾਹਮਣੇ ਨਾ ਆਇਆ। ਅਜਿਹੀ ਸਥਿਤੀ ਵਿਚ ਇਕ ਇਸ ਤਰ੍ਹਾਂ ਦੀ ਪਹੁੰਚ ਵਾਲੇ ਵਿਅਕਤੀ ਸਿੱਖੀ ਬਾਰੇ ਲਿਖਣ ਲੱਗੇ, ਜਿਹੜੇ ਕਿ ਨਾ ਤਾਂ ਉਹ ਸਿੱਖੀ ਦੇ ਕਰੀਬ ਹਨ ਤੇ ਨਾ ਉਨ੍ਹਾਂ ਕੋਲ ਕਿਸੇ ਕਿਸਮ ਦੀ ਅਕਾਦਮਿਕ ਯੋਗਤਾ ਹੈ। ਘੱਗੇ ਤੇ ਕਾਲੇ ਅਫਗਾਨੇ ਵਰਗੇ ਬੰਦੇ ਸਿੱਖਾਂ ਦੇ ਸੰਜੀਦਾ ਵਿਦਿਆਰਥੀਆਂ ਵੱਲੋਂ ਅਜਿਹੇ ਖਰੜ ਗਿਆਨੀਆਂ ਦੀ ਕਤਾਰ ਵਿਚ ਹੀ ਰੱਖੇ ਜਾਂਦੇ ਹਨ।



ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com